ਅੰਗ ੯੮੯ = ਰਾਗ ਮਾਰੂ ਖਾੜਵ ਜਾਤੀ ਦਾ ਰਾਗ ਹੈ, ਦਿਨ ਦੇ ਤੀਜੇ ਪਹਿਰ ਸਧਾਰਨ ਰੀਤ ਅਨੁਸਾਰ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ੨੧ ਵਾਂ ਨੰਬਰ ਹੈ। ਜੌਨ ਪੁਰੀ ਗੌਰੀ ਪਰਜ, ਸੋਰਠ ਤੇ ਸਿਰੀ ਰਾਗ ਮਿਲ ਕੇ ਮਾਰੂ ਰਾਗ ਬਣਦਾ ਹੈ। ਇਹ ਰਾਗ ਜੁੱਧ ਸਮੇਂ ਜੋਸ਼ ਪੈਦਾ ਕਰਨ ਲਈ ਗਾਇਆ ਜਾਂਦਾ ਹੈ ਅਤੇ ਮਨੁੱਖ ਦੇ ਚਲਾਣੇ ਸਮੇਂ ਵੀ ਗਾਇਆ ਜਾਂਦਾ ਹੈ। ਰਾਗ ਮਾਲਾ ਵਿਚ ਇਸ ਨੂੰ ਰਾਗ ਮਾਲ ਕੌਂਸ ਦਾ ਪੁਤਰ ਲਿਖਿਆ ਹੈ {ਮਾਰੂ ਮਸਤਅੰਗ ਮੇਵਾਰਾ। ਪ੍ਰਬਲਚੰਡ ਕਉਸਕ ਉਭਾਰਾ। ਖਉਖਟ ਅਉ ਭਉਰਾਨਦ ਗਾਏ। ਅਸਟ ਮਾਲਕਉਸਕ ਸੰਗਿ ਲਾਏ ੧੪੩੦}।

ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਸਲੋਕੁ ॥ ਸਾਜਨ ਤੇਰੇ ਚਰਨ ਕੀ, ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ, ਪੇਖਉ ਸਦਾ ਹਜੂਰਿ ॥੧॥ ਪ੍ਰਮਾਤਮਾ ਇਕ ਹੈ, ਉਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਸ੍ਰਿਸਟੀ ਨੂੰ ਰਚਣ ਵਾਲਾ ਹੈ, ਸਰਬ ਵਿਆਪਕ ਹੈ, ਭੈ ਰਹਿਤ ਅਤੇ ਵੈਰ ਰਹਿਤ ਹੈ, ਕਾਲ ਰਹਿਤ ਹਸਤੀ ਹੈ, ਜੂਨੀਆਂ ਤੋਂ ਰਹਿਤ ਹੈ, ਸੁਤੇ ਪ੍ਰਕਾਸ਼ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ। ਸਲੋਕ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਸੱਜਨ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, (ਮੇਰੇ ਤੇ ਕ੍ਰਿਪਾ ਕਰ) ਮੈਂ ਸਦਾ ਤੇਰੇ ਚਰਨਾਂ ਦੀ ਧੂੜ ਹੋਇਆ ਰਹਾਂ ਅਤੇ ਸਦਾ ਤੈਨੂੰ ਹਾਜਰ ਨਾਜਰ ਦੇਖਦਾ ਰਹਾਂ।੧।

ਇਹ ਸਲੋਕ ੫੧੮ ਅੰਗ ਤੇ ਗੂਜਰੀ ਦੀ ਵਾਰ ਵਿਚ ਮਹਲਾ ੫ ਦੇ ਸਿਰਲੇਖ ਹੇਠ ਵੀ ਲਿਖਿਆ ਮਿਲਦਾ ਹੈ।

ਸਬਦ ॥ ਪਿਛਹੁ ਰਾਤੀ ਸਦੜਾ, ਨਾਮੁ ਖਸਮ ਕਾ ਲੇਹਿ ॥ ਖੇਮੇ ਛਤ੍ਰ ਸਰਾਇਚੇ, ਦਿਸਨਿ ਰਥ ਪੀੜੇ ॥ ਜਿਨੀ ਤੇਰਾ ਨਾਮੁ ਧਿਆਇਆ ,ਤਿਨ ਕਉ ਸਦਿ ਮਿਲੇ ॥੧॥ ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ, ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ॥ ਸਾਦ ਕੀਤੇ ਦੁਖ ਪਰਫੁੜੇ, ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ, ਦੂਖੇ ਦੂਖਿ ਵਿਹਾਇ ॥੨॥ ਵਿਛੁੜਿਆ ਕਾ ਕਿਆ ਵੀਛੜੈ, ਮਿਲਿਆ ਕਾ ਕਿਆ ਮੇਲੁ ॥ ਸਾਹਿਬੁ ਸੋ ਸਾਲਾਹੀਐ, ਜਿਨਿ ਕਰਿ ਦੇਖਿਆ ਖੇਲੁ ॥੩॥ ਸੰਜੋਗੀ ਮੇਲਾਵੜਾ, ਇਨਿ ਤਨਿ ਕੀਤੇ ਭੋਗ ॥ ਵਿਜੋਗੀ ਮਿਲਿ ਵਿਛੁੜੇ, ਨਾਨਕ ਭੀ ਸੰਜੋਗ ॥੪॥੧॥ ਸ਼ਬਦ। (ਹੇ ਭਾਈ! ਜਿਨ੍ਹਾਂ ਪੁਰਖਾਂ ਨੂੰ) ਪਿਛਲੀ ਰਾਤ (ਅੰਮ੍ਰਿਤ ਵੇਲੇ ਪ੍ਰਭੂ ਦਾ) ਸੱਦਾ ਮਿਲਦਾ ਹੈ, (ਉਹ ਹੀ ਅੰਮ੍ਰਿਤ ਵੇਲੇ ਜਾਗ ਕੇ) ਮਾਲਕ ਪ੍ਰਭੂ ਦਾ ਨਾਮ ਲੈਂਦੇ ਹਨ। (ਉਨ੍ਹਾਂ ਲਈ) ਤੰਬੂ, ਛਤ੍ਰ, ਕਨਾਤਾਂ ਅਤੇ ਕਸੇ (ਤਿਆਰ ਕੀਤੇ) ਰਥ ਦਿਸਦੇ ਹਨ ਭਾਵ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ। ਹੇ ਪ੍ਰਭੂ! ਜਿਨ੍ਹਾਂ ਪੁਰਖਾਂ ਨੇ ਤੇਰਾ ਨਾਮ ਸਿਮਰਿਆ ਹੈ, ਉਨ੍ਹਾਂ ਨੂੰ (ਇਹ ਸਾਰੇ ਪਦਾਰਥ ਪ੍ਰਭੂ ਵੱਲੋਂ) ਬੁਲਾ ਕੇ ਮਿਲ ਜਾਂਦੇ ਹਨ।੧। ਹੇ ਪ੍ਰਭੂ! ਮੈਂ ਭਾਗ ਹੀਣ ਤੇ ਝੂਠਾ ਹਾਂ। (ਕਿਉਂਕਿ) ਮੈ ਤੇਰਾ ਨਾਮ ਪ੍ਰਾਪਤ ਨਹੀਂ ਕੀਤਾ, ਮੇਰਾ ਬੇਸਮਝ ਮਨ ਭਰਮ ਵਿਚ ਭੁੱਲਿਆ ਰਿਹਾ ਹੈ।੧। ਰਹਾਉ। ਹੇ ਮਾਂ! ਪੂਰਬਲੇ ਲਿਖੇ ਲੇਖਾਂ ਅਨੁਸਾਰ (ਇਸ ਸਰੀਰ ਵਿਚ ਜਿੰਨੇ ਰਸਾਂ ਦੇ) ਸੁਆਦ ਭੋਗੇ ਹਨ, ਉਤਨੇ ਹੀ ਦੁਖ ਪ੍ਰਫੁਲਤ ਹੋਏ ਹਨ। ਸੁੱਖ ਥੋੜੇ ਭੋਗੇ ਹਨ ਅਤੇ ਦੁੱਖ ਬਹੁਤ ਭੋਗਣੇ ਪਏ ਹਨ, (ਹੁਣ ਮੇਰੀ ਉਮਰ) ਦੁਖ ਹੀ ਦੁਖ ਵਿਚ ਹੀ ਗੁਜਰ ਰਹੀ ਹੈ।੨। ਪ੍ਰਭੂ ਨਾਲੋਂ ਵਿਛੜੇ ਹੋਏ ਮਨੁੱਖਾਂ ਦਾ ਹੋਰ ਕੀ ਵਿਛੋੜਾ ਹੋਣਾ ਹੈ? (ਪਹਿਲਾ ਹੀ ਤੇਰੇ ਤੋਂ ਵਿਛੜੇ ਹੋਏ ਹਨ, ਸਭ ਤੋਂ ਵੱਡਾ ਵਿਛੋੜਾ ਇਹੀ ਹੈ, ਪ੍ਰਭੂ ਨਾਲ) ਮਿਲੇ ਹੋਏ ਮਨੁੱਖਾਂ ਦਾ (ਬਾਕੀ ਹੋਰ) ਕਿਹੜਾ ਮੇਲ ਰਹਿ ਗਿਆ ਹੈ? (ਉਹ ਤਾਂ ਤੇਰੇ ਨਾਲ ਮਿਲੇ ਹੋਏ ਹੀ ਹਨ, ਉਨ੍ਹਾਂ ਨੂੰ ਕਿਸੇ ਚੀਜ ਦੀ ਥੁੜ ਨਹੀਂ ਰਹਿੰਦੀ)। ਉਸ ਮਾਲਕ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਨੇ ਜਗਤ ਦਾ ਖੇਲ ਰਚਿਆ ਅਤੇ ਰਚ ਕਰ ਕੇ (ਇਸ ਨੂੰ) ਦੇਖ (ਸੰਭਾਲ ਕਰ) ਰਿਹਾ ਹੈ।੩। (ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ) ਸੰਜੋਗਾਂ ਕਰਕੇ ਮਨੁੱਖਾ ਸਰੀਰ ਨਾਲ ਮੇਲ ਹੋਇਆ ਹੈ, (ਪਰ) ਇਸ ਮਨੁੱਖ ਨੇ ਸਰੀਰ ਵਿਚ ਆ ਕੇ (ਮਾਇਕ ਰਸਾਂ ਦੇ ਅਨੇਕਾਂ) ਭੋਗ ਕੀਤੇ (ਮੌਜਾਂ ਮਾਣੀਆਂ) ਹਨ। ਵਿਜੋਗ ਦੇ ਕਰਮਾਂ ਨਾਲ ਮਿਲ ਕੇ ਮਨੁਖੀ ਸਰੀਰ ਵਿਛੜ ਜਾਂਦੇ ਹਨ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਗੁਰੂ ਦੀ ਸੰਗਤ ਕਰਕੇ) ਸੰਜੋਗ ਫਿਰ ਦੁਬਾਰਾ ਵੀ ਹੋ ਸਕਦਾ ਹੈ (ਗੁਰੂ ਦੇ ਮੇਲ ਤੋਂ ਬਿਨਾ ਵਿਜੋਗ ਬਣਿਆ ਰਹਿੰਦਾ ਹੈ)।੪।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਸਲੋਕ। ਸਾਜਨ–ਹੇ ਮਿਤ੍ਰ ਪ੍ਰਭੂ!। ਹੋਇ ਰਹਾ–ਹੋਇਆ ਰਹਾਂ। ਸਦ–ਸਦਾ। ਧੂਰਿ–ਧੂੜ। ਤੁਹਾਰੀਆ–ਤੇਰੀ। ਪੇਖਉ–ਦੇਖਦਾ ਰਹਾਂ। ਹਜੂਰਿ–ਅੰਗ ਸੰਗ; ਸਾਮ੍ਹਣੇ।੧। ਸਬਦ–ਉਪਦੇਸ਼। ਪਿਛਹੁ ਰਾਤੀ–ਪਿਛਲੀ ਰਾਤ; (ਅੰਮ੍ਰਿਤ ਵੇਲਾ); ਮਨੁੱਖਾ ਜਨਮ ਵਿਚ। ਸਦੜਾ–ਸੱਦਾ; ਅਵਾਜ। ਖਸਮ ਕਾ–ਮਾਲਕ ਪ੍ਰਭੂ ਦਾ। ਲੇਹਿ–ਲੈਂਦੇ (ਜਪਦੇ) ਹਨ। ਖੇਮੇ–ਤੰਬੂ। ਸਰਾਇਚੇ–ਕਨਾਤਾਂ। ਦਿਸਨਿ–ਦਿਸਦੇ ਹਨ। ਰਥ ਪੀੜੇ–ਕਸ ਕੇ ਚੱਲਣ ਨੂੰ ਤਿਆਰ ਕੀਤੇ ਰਥ। ਜਿਨੀ–ਜਿਨ੍ਹਾਂ ਨੇ। ਤਿਨ ਕਉ–

ਉਨ੍ਹਾਂ ਨੂੰ। ਸਦਿ–ਸੱਦ (ਬੁਲਾ) ਕੇ; ਅਵਾਜ ਮਾਰ ਕੇ; ਬਹੁਤ ਛੇਤੀ। ਮਿਲੇ–ਮਿਲ ਜਾਂਦੇ ਹਨ।੧। ਬਾਬਾ–ਹੇ ਪ੍ਰਭੂ ! । ਕਰਮਹੀਣ–ਭਾਗ ਹੀਣ। ਕੂੜਿਆਰ–ਝੂਠਾ। ਅੰਧਾ–ਅੰਨ੍ਹਾ (ਬੇਸਮਝ)। ਭਰਮਿ–ਭਰਮ ਵਿਚ।੧। ਰਹਾਉ। ਸਾਦ ਕੀਤੇ–(ਪਦਾਰਥਾਂ ਦੇ) ਸੁਆਦ ਭੋਗੇ ਹਨ । ਪਰਫੜੇ–ਪ੍ਰਫੁਲੱਤ ਹੋਏ (ਵਧਦੇ ਗਏ)। ਪੂਰਬਿ ਲਿਖੇ–ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦੇ ਲਿਖੇ ਸੰਸਕਾਰਾਂ ਅਨੁਸਾਰ। ਮਾਇ–ਹੇ ਮਾਂ। ਅਗਲੇ–ਬਹੁਤ। ਦੂਖੇ ਦੂਖਿ–ਦੁਖ ਹੀ ਦੁਖ ਵਿਚ। ਵਿਹਾਇ–(ਉਮਰ) ਗੁਜਰ ਰਹੀ ਹੈ।੨। ਵਿਛੁੜਿਆ ਕਾ–ਵਿਛੜੇ ਹੋਏ ਮਨੁੱਖਾਂ ਦਾ। ਕਿਆ ਵੀਛੁੜੈ–ਹੋਰ ਵਿਛੋੜਾ ਕੀ ਹੋਣਾ ਹੈ? ਮਿਲਿਆ ਕਾ–ਪ੍ਰਭੂ ਨਾਲ ਮਿਲੇ ਹੋਏ ਮਨੁੱਖਾਂ ਦਾ। ਕਿਆ ਮੇਲੁ–ਹੋਰ ਕਿਹੜਾ ਮੇਲ ਬਾਕੀ ਰਹਿ ਗਿਆ ਹੈ? ਸਾਹਿਬੁ ਸੋ–ਉਸ ਮਾਲਕ ਨੂੰ। ਸਾਲਾਹੀਐ–ਸਲਾਹੁਣਾ ਚਾਹੀਦਾ ਹੈ। ਜਿਨਿ–ਜਿਸ ਨੇ। ਕਰਿ–ਰਚ ਕਰਕੇ। ਦੇਖਿਆ–ਦੇਖ ਰਿਹਾ ਹੈ।੩। ਸੰਜੋਗੀ–ਸੰਜੋਗਾਂ ਕਰਕੇ। ਮੇਲਾਵੜਾ–ਮੇਲ। ਇਨਿ ਤਨਿ–ਇਸ ਸਰੀਰ ਵਿਚ ਆ ਕੇ; ਇਸ ਸਰੀਰ ਰਾਹੀਂ । ਭੋਗ–ਮਾਇਕ ਰਸਾਂ ਦੇ ਸੁਆਦ। ਵਿਜੋਗੀ–ਵਿਜੋਗ ਦੇ ਕਰਮਾਂ ਨਾਲ। ਭੀ–ਫਿਰ ਦੁਬਾਰਾ। ਸੰਜੋਗ–ਮਿਲਾਪ।੪।੧।

ਉਥਾਨਕਾ = ਦੇਸ਼ ਦੇਸ਼ਾਂਤਰਾਂ ਵਿਚ ਰਟਨ ਕਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ ਫਕੀਰੀ ਲਿਬਾਸ ਵਿਚ ਪੱਖੋ ਕੇ ਰੰਧਾਵਾ ਵਿਖੇ ਪਹੁੰਚੇ, ਤਾਂ ਗੁਰੂ ਜੀ ਦਾ ਸਹੁਰਾ ਮੂਲ ਚੰਦ ਅਤੇ ਸੱਸ ਚੰਦੋ ਰਾਣੀ ਗੁਰੂ ਜੀ ਪਾਸ ਆਏ। ਚੰਦੋ ਰਾਣੀ ਗੁੱਸੇ ਵਿਚ ਬੋਲਣ ਲੱਗੀ ਕਿ ਜੇ ਤੁਸੀਂ ਘਰ ਬਾਰ ਛਡ ਕੇ ਬਾਹਰ ਹੀ ਫਿਰਨਾ ਤੁਰਨਾ ਸੀ, ਤਾਂ ਸਾਡੀ ਕੁੜੀ ਨਾਲ ਵਿਹਾਹ ਕਿਉਂ ਕੀਤਾਂ? ਦੋ ਬੱਚਿਆਂ ਅਤੇ ਸਾਡੀ ਕੁੜੀ ਸੁਲੱਖਣੀ ਨੂੰ ਛਡ ਕੇ ਤੁਸੀ ਬਾਹਰ ਤੁਰੇ ਫਿਰਦੇ ਹੋ। ਸੁਣ ਕੇ ਗੁਰੂ ਜੀ ਨੇ ਇਸ ਸ਼ਬਦ ਰਾਹੀਂ ਉਨ੍ਹਾਂ ਨੂੰ ਉਪਦੇਸ਼ ਦਿਤਾ।

ਮਾਰੂ ਮਹਲਾ ੧ ॥ ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ, ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ਰਹਾਉ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥ ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥ (ਹੇ ਭਾਈ ! ਪ੍ਰਭੂ ਦੇ ਹੁਕਮ ਅਨੁਸਾਰ ਤੇਰੇ) ਮਾਤਾ ਪਿਤਾ ਨੇ ਮਿਲ ਕੇ ਤੇਰਾ ਸਰੀਰ ਪੈਦਾ ਕੀਤਾ ਹੈ {ਮਾ ਕੀ ਰਕਤੁ ਪਿਤਾ ਬਿਦੁ ਧਾਰਾ। ਮੂਰਤਿ ਸੂਰਤਿ ਕਰਿ ਆਪਾਰਾ ੧੦੨੨}। ਉਸ ਕਰਤਾਰ ਨੇ (ਤੇਰੇ ਕਰਮਾਂ ਅਨੁਸਾਰ ਤੇਰੇ ਮੱਥੇ ਉਤੇ ਜੀਵਨ ਜਿਉਣ ਦਾ) ਲੇਖ ਲਿਖ ਦਿਤਾ ਹੈ। ਉਹ ਲਿਖਤ ਦਾਤ, ਜੋਤ ਅਤੇ ਵਡਿਆਈ ਦੀ ਸੀ। (ਪਰ ਤੂੰ) ਮਾਇਆ ਨਾਲ ਮਿਲ ਕੇ (ਅਪਣੀ) ਸੂਝ ਬੂਝ ਗਵਾ ਲਈ ਹੈ।੧। ਹੇ ਮੂਰਖ ਮਨ ! ਤੂੰ (ਦੁਨਿਆਵੀ ਪਦਾਰਥਾਂ ਦਾ) ਮਾਣ ਕਿਉਂ ਕਰਦਾ ਹੈਂ? (ਜਦੋਂ) ਮਾਲਕ ਪ੍ਰਭੂ ਦਾ ਹੁਕਮ ਹੋਇਆ (ਤਦੋਂ ਸਭ ਕੁਛ ਛਡ ਕੇ ਇਥੋਂ) ਉਠ ਕੇ ਚਲਣਾ ਪਵੇਗਾ।੧। ਰਹਾਉ। (ਹੇ ਮਨ ! ਦੁਨਿਆਵੀ ਪਦਾਰਥਾਂ ਦੇ) ਸੁਆਦ ਛਡ ਕੇ ਹੀ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। (ਇਥੇ) ਘਰ ਛਡਣੇ ਪੈਣਗੇ, ਕੋਈ ਵੀ (ਜੀਵ ਇਥੇ) ਸਦਾ ਟਿਕਿਆ ਨਹੀਂ ਰਹਿ ਸਕਦਾ। (ਹੇ ਮੂਰਖ ਮਨ ! ਤੂੰ ਸੋਚਦਾ ਹੈਂ ਕਿ) ਕੁਛ ਖਾ ਲਈਏ ਅਤੇ ਕੁਛ ਜੋੜ ਕੇ ਰੱਖੀ ਜਾਈਏ। (ਪਰ ਇਸ ਨੂੰ ਵਰਤਣ ਦਾ ਲਾਭ ਤਦ ਹੋ ਸਕਦਾ ਹੈ) ਜੇ ਮੁੜ ਦੁਨੀਆਂ ਵਿਚ ਆਉਣਾ ਹੋਵੇ।੨। (ਹੇ ਭਾਈ ! ਮਨੁੱਖ) ਸਰੀਰ ਉਤੇ ਸਜਾਵਟ ਲਈ ਰੇਸ਼ਮੀ ਕਪੜਾ ਪਾ ਕੇ ਹੰਢਾਉਂਦਾ ਹੈ। ਅਤੇ ਬਹੁਤ ਤਰ੍ਹਾਂ ਦੇ ਹੁਕਮ ਚਲਾਉਂਦਾ ਹੈ। ਸੁੱਖ ਦੇਣ ਵਾਲੀ ਸੇਜ ਬਣਾ ਕਰਕੇ (ਉਸ ਉਪਰ) ਸੌਂਦਾ ਹੈ। (ਪਰ ਜਦੋਂ ਜਮਾਂ ਦੀ) ਹੱਥਕੜੀ ਪੈਂਦੀ ਹੈ (ਫਿਰ ਜੀਵ) ਰੋਂਦਾ ਕਿਉਂ ਹੈ? (ਜਮਾਂ ਦੇ ਵਸ ਵਿਚ ਪਿਆਂ ਪਛਤਾਵਾ ਕਰਨ ਦਾ ਕੀ ਫਾਇਦਾ?)।੩।

॥ ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆਂ ਮਿਤ੍ਰਾ ਓਨੀ ਤਕੜੇ ਪਾਏ ਹਾਥ ੭੮ ॥

ਦਾਤਿ ਜੋਤਿ = ਹਰੀ ਨੇ ਸਾਡੇ ਸਰੀਰ ਵਿਚ ਦੋ ਦਾਤਾਂ ਪਾਈਆਂ ਹਨ, ਇਕ ਅਪਣੀ ਜੋਤ, ਜਿਸ ਦੇ ਪ੍ਰਕਾਸ਼ ਨਾਲ ਅਸੀਂ ਮਾੜਾ ਜਾਂ ਚੰਗਾ ਰਾਹ ਦੇਖਦੇ ਹਾਂ, ਦੂਜੀ ਵਡਿਆਈ, ਉਚਾ ਉਠਣ ਦੀ ਰੁਚੀ। ਇਹ ਦੋਵੇਂ ਤਰ੍ਹਾਂ ਦੇ ਭਾਵ ਸਾਡੇ ਅੰਦਰ ਸੰਜੋਗ ਦਾ ਕੰਮ ਕਰਦੇ ਹਨ ਅਤੇ ਸਾਨੂੰ ਹਰੀ ਵੱਲ ਖਿੱਚੀ ਜਾਂਦੇ ਹਨ। ਪਰ ਸਾਡੇ ਅੰਦਰ ਕਿਰਤ ਅਨੁਸਾਰ ਨੀਵਾਂ ਲਿਜਾਣ ਵਾਲੇ ਭਾਵ ਵੀ ਹੁੰਦੇ ਹਨ, ਜੋ ਵਿਜੋਗ ਦਾ ਕੰਮ ਕਰਦੇ ਹਨ, ਸਾਨੂੰ ਮਾਇਆ ਦੇ ਪਿਆਰ ਵਿਚ ਪਾ ਕੇ ਹਰੀ ਦੀ ਸੂਝ ਗੁਆ ਦੇਂਦੇ ਹਨ (ਸ਼ਬਦਾਰਥ)।

ਧਨ ਸੰਪਦਾ ਦੀ ਦਾਤ, ਗਿਆਨ ਦਾ ਪ੍ਰਕਾਸ਼ ਤੇ ਵਡਿਆਈ, ਜੋ ਮਨੁੱਖਾ ਸਰੀਰ ਧਾਰ ਕੇ ਮਿਲਣੇ ਹਨ, (ਇਹ ਸਾਰਾ ਲੇਖ ਮਨੁੱਖ ਦੇ ਮੱਥੇ ਉਤੇ) ਪ੍ਰਭੂ ਨੇ ਧੁਰ ਤੋਂ ਹੀ ਲਿਖ ਦਿਤਾ ਹੈ (ਸੰ.ਸ.; ਫ.ਸ.; ਟਕਸਾਲ ਨੇ ਇਸ ਤਰ੍ਹਾਂ ਦੇ ਅਰਥ ਲਿਖੇ ਹਨ)।

ਅੰਗ ੯੯੦ = ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥ ਭਉ ਬੇੜਾ ਜੀਉ ਚੜਾਉ ॥ ਕਹੁ ਨਾਨਕ ਦੇਵੈ ਕਾਹੂ

॥੪॥੨॥ ਹੇ ਭਾਈ! (ਇਕ ਤਾਂ) ਘਰ ਦਾ ਮੋਹ ਤੇ ਜੰਜਾਲ ਘੁੰਮਣ ਘੇਰੀ ਸਮਾਨ ਹਨ (ਦੂਜਾ ਗਲ ਨਾਲ ਬੰਨ੍ਹੇ ਹੋਏ) ਪਾਪਾਂ ਦੇ ਪੱਥਰਾਂ ਨਾਲ (ਸੰਸਾਰ ਰੂਪ ਦਰਿਆ ਤੋਂ) ਤਰਿਆ ਨਹੀਂ ਜਾ ਸਕਦਾ। (ਪਰ ਜੇ) ਜੀਵ ਪ੍ਰਭੂ ਦੇ ਡਰ ਰੂਪ ਬੇੜੀ ਵਿਚ ਚੜ੍ਹਨ ਵਾਲਾ ਬਣ ਜਾਵੇ। (ਤਾਂ ਉਹ ਦਰਿਆ ਦੀਆਂ ਘੁੰਮਣ ਘੇਰੀਆਂ ਵਿਚੋਂ ਪਾਰ ਹੋ ਜਾਂਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੀ ਬੇੜੀ ਪ੍ਰਭੂ) ਕਿਸੇ ਵਿਰਲੇ ਜੀਵ ਨੂੰ ਹੀ ਦੇਂਦਾ ਹੈ।੪।੨।

ਪਦਾਰਥ = ਮਿਲਿ–ਮਿਲ ਕੇ। ਮਾਤ–ਮਾਂ। ਪਿੰਡੁ–ਸਰੀਰ। ਕਮਾਇਆ–ਪੈਦਾ ਕੀਤਾ। ਤਿਨਿ ਕਰਤੈ–ਉਸ ਕਰਤਾਰ ਨੇ। ਸੁਰਤਿ–ਸੂਝ ਬੂਝ। ਗਵਾਈ–ਗਵਾ ਲਈ ਹੈ।੧। ਮਨ–ਹੇ ਮਨ! । ਕਾਹੇ–ਕਿਉਂ। ਕਰਸਹਿ–ਤੂੰ ਕਰਦਾ ਹੈਂ। ਮਾਣਾ–ਹੰਕਾਰ। ਖਸਮੈ–ਮਾਲਕ ਪ੍ਰਭੂ ਦਾ। ਭਾਣਾ–ਹੁਕਮ।੧। ਰਹਾਉ। ਤਜਿ–ਛਡ ਕੇ। ਸਾਦ–ਸੁਆਦ। ਸਹਜ ਸੁਖੁ–ਸਹਿਜ ਅਵਸਥਾ ਵਾਲਾ ਸਦੀਵੀ ਸੁਖ। ਖਾਜੈ–ਖਾ ਲਈਏ। ਧਰਿ ਜਾਈਐ–ਰੱਖੀ ਜਾਈਏ। ਬਾਹੁੜਿ–ਮੁੜ ਕੇ।੨। ਸਜੁ–ਸਜਾਵਟ। ਕਾਇਆ–ਸਰੀਰ। ਪਟੁ–ਰੇਸ਼ਮੀ ਕਪੜਾ। ਹਢਾਏ–ਹੰਢਾਂਦਾ ਹੈ। ਫੁਰਮਾਇਸਿ–ਹੁਕਮ। ਸੁਖਾਲੀ–ਸੁਖ ਦੇਣ ਵਾਲੀ। ਸੋਵੈ–ਸੌਂਦਾ ਹੈ। ਹਥੀ ਪਾਉਦੀ–(ਜਦੋਂ ਜਮਾਂ ਦੀ) ਹੱਥਕੜੀ ਪੈਂਦੀ ਹੈ।੩। ਘਰ–ਘਰ (ਦਾ ਮੋਹ ਜਾਂ ਧੰਧੇ)। ਘੁੰਮਣ ਵਾਣੀ–ਘੁੰਮਣ ਘੇਰੀ (ਦਰਿਆ ਵਿਚ ਪਾਣੀ ਦਾ ਜੋਰ ਨਾਲ ਘੁੰਮਣਾ, ਜਿਸ ਵਿਚ ਬੇੜੀ ਡੁਬ ਜਾਂਦੀ ਹੈ)। ਭਾਈ–ਹੇ ਭਾਈ! । ਤਰਣੁ ਨ ਜਾਈ–ਤਰਿਆ ਨਹੀਂ ਜਾ ਸਕਦਾ। ਭਉ ਬੇੜਾ–ਪ੍ਰਭੂ ਦਾ ਡਰ ਰੂਪ ਬੇੜੀ (ਕਿਸ਼ਤੀ)। ਜੀਉ–ਜੀਵ। ਚੜਾਊ–ਚੜ੍ਹਨ ਵਾਲਾ (ਸਵਾਰ)। ਦੇਵੈ ਕਾਹੂ–ਕਿਸੇ ਵਿਰਲੇ ਜੀਵ ਨੂੰ ਦੇਂਦਾ ਹੈ।੪।੨।

ਮਾਰੂ ਮਹਲਾ ੧ ਘਰੁ ੧ ॥ ਕਰਣੀ ਕਾਗਦੁ ਮਨੁ ਮਸਵਾਣੀ, ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥ ਜਾਲੀ ਰੈਨਿ ਜਾਲੁ ਦਿਨੁ ਹੂਆ, ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ, ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ, ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ, ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥ (ਹੇ ਭਾਈ!) ਕੰਮ ਕਰਨ ਵਾਲੀ ਦੇਹ ਕਾਗਜ ਹੈ, ਮਨ (ਸਿਆਹੀ ਵਾਲੀ) ਦਵਾਤ ਹੈ, (ਸਰੀਰ ਰੂਪ ਕਾਗਜ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ) ਚੰਗੇ ਤੇ ਮੰਦੇ ਦੋ ਕਿਸਮ ਦੇ ਲੇਖ ਪਏ (ਉਕਰੇ) ਹੋਏ ਹਨ। (ਇਹ ਲੇਖ ਸਾਡਾ ਸੁਭਾਵ ਬਣ ਜਾਂਦਾ ਹੈ, ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਅਨੁਸਾਰ ਬਣਿਆ ਸੁਭਾਵ ਜਿਵੇਂ ਜਿਵੇਂ ਜੀਵਾਂ ਨੂੰ ਤੋਰਦਾ (ਪ੍ਰੇਰਦਾ) ਹੈ, ਉਸੇ ਤਰ੍ਹਾਂ (ਹਰੇਕ ਜੀਵ) ਚਲਦਾ ਹੈ, (ਕਰਮਾਂ ਦੇ ਅਸਰ ਨੂੰ ਮੇਟਣ ਲਈ ਗੁਣ ਹਾਸਲ ਕਰਨ ਦੀ ਲੋੜ ਹੈ, ਪਰ) ਹੇ ਹਰੀ! ਤੇਰੇ ਗੁਣਾਂ ਕੋਈ ਅੰਤ ਨਹੀਂ।੧। ਹੇ ਪਾਗਲ ਮਨੁੱਖ! ਤੂੰ ਪ੍ਰਭੂ ਨੂੰ ਚਿੱਤ ਵਿਚ ਯਾਦ ਕਿਉਂ ਨਹੀਂ ਕਰਦਾ? ਹਰੀ ਨੂੰ ਭੁੱਲ ਜਾਣ ਨਾਲ ਤੇਰੇ ਦੈਵੀ ਗੁਣ ਨਸ਼ਟ ਹੋ ਰਹੇ ਹਨ।੧। ਰਹਾਉ। (ਜਾਲ ਵਿਚ ਪੰਛੀ ਦਾ ਲੋਭ ਵਸ ਹੋ ਕੇ ਫਸਣਾ, ਇਹ ਅਲੰਕਾਰ ਵਰਤਿਆ ਹੈ। ਹੇ ਪੰਛੀ ਮਨ! ਪ੍ਰਭੂ ਨੂੰ ਭੁੱਲ ਜਾਣ ਕਰਕੇ ਤੇਰੇ ਲਈ) ਰਾਤ ਛੋਟੀ ਫਾਹੀ ਤੇ ਦਿਨ ਵੱਡਾ ਜਾਲ ਵਿਛਿਆ ਹੋਇਆ ਹੈ ਅਤੇ (ਤੇਰੀ ਉਮਰ ਦੀਆਂ) ਜਿਤਨੀਆਂ ਘੜੀਆਂ ਹਨ, ਉਤਨੀਆਂ ਹੀ ਤੇਰੇ ਲਈ ਫਾਹੀਆਂ ਵਿਛੀਆਂ ਹੋਈਆਂ ਹਨ (ਹਰ ਸਮੇਂ ਕੋਈ ਨਾ ਕੋਈ ਚੀਜ ਸਾਨੂੰ ਅਪਣੇ ਅਸੂਲਾਂ ਤੋਂ ਡੇਗਣ ਲਈ ਆ ਖਲੋਂਦੀ ਹੈ ਅਤੇ ਅਸੀਂ ਮੁੜ ਮੁੜ ਡਿਗਦੇ ਜਾਂਦੇ ਹਾਂ)। ਤੂੰ ਸੁਆਦ ਨਾਲ ਵਿਸ਼ੇ ਰਸਾਂ ਦਾ ਚੋਗ ਚੁਗਦਾ ਰਹਿੰਦਾ ਹੈਂ ਅਤੇ ਹਰ ਰੋਜ (ਜਾਲ ਵਿਚ) ਫਸਦਾ ਜਾਂਦਾ ਹੈਂ, ਹੇ ਮੂਰਖ ਮਨ! (ਇਸ ਜਾਲ ਵਿਚੋਂ) ਤੂੰ ਕਿਹੜੇ ਗੁਣਾਂ ਨਾਲ ਛੁਟ ਸਕੇਂਗਾ? (ਤੇਰੇ ਵਿਚ ਕੋਈ ਦੈਵੀ ਗੁਣ ਹੈ ਨਹੀਂ, ਇਸ ਕਰਕੇ ਆਵਾਗਉਣ ਵਿਚ ਪੈਂਦਾ ਰਹੇਂਗਾ)।੨। (ਹੇ ਮਨੁੱਖ! ਤੇਰਾ) ਸਰੀਰ ਮਾਨੋਂ ਲੁਹਾਰ ਦੀ ਭੱਠੀ ਹੈ, (ਉਸ ਸਰੀਰ) ਵਿਚ ਮਨ ਮਾਨੋਂ ਲੋਹਾ ਹੈ, ਉਸ (ਸਰੀਰ ਰੂਪ ਭੱਠੀ) ਵਿਚ ਪੰਜ ਕਾਮਾਦਿਕ ਵਿਕਾਰਾਂ ਦੀ ਅੱਗ ਲਗ ਰਹੀ ਹੈ। ਉਸ (ਸਰੀਰ ਰੂਪ ਭੱਠੀ) ਉਪਰ ਪਾਪ ਰੂਪ ਕੋਇਲੇ ਪਏ ਹੋਏ ਹਨ, (ਜਿਸ ਨਾਲ) ਮਨ ਸੜ ਰਿਹਾ ਹੈ, ਚਿੰਤਾ ਸੰਨ੍ਹੀ ਬਣੀ ਹੋਈ ਹੈ (ਜੋ ਮਨ ਨੂੰ ਹੇਠਾਂ ਉਪਰ ਕਰਕੇ ਸਾੜਦੀ ਹੈ)।੩। (ਹੇ ਭਾਈ!) ਸੜਿਆ ਹੋਇਆ ਨਿਕੰਮਾ ਲੋਹਾ ਵੀ ਸੋਨਾ ਮੁੜ ਹੋ ਸਕਦਾ ਹੈ, ਜੇ (ਇਸ ਜੀਵ ਨੂੰ) ਇਹੋ ਜਿਹਾ ਪਾਰਸ ਰੂਪ ਗੁਰੂ ਮਿਲ ਜਾਵੇ (ਪਾਪਾਂ ਨਾਲ ਸੜਿਆ ਮਨ ਦੁਬਾਰਾ ਗੁਣਵਾਨ ਹੋ ਸਕਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ (ਪੂਰਨ ਗੁਰੂ ਜੇ ਜੀਵ ਨੂੰ ਪ੍ਰਭੂ ਦਾ) ਇਕ ਅੰਮ੍ਰਿਤ ਨਾਮ ਬਖਸ਼ ਦੇਵੇ, ਤਾਂ ਜੀਵ ਦਾ ਸਰੀਰ ਟਿਕਾਉ ਵਿਚ (ਭਟਕਣਾ ਰਹਿਤ) ਹੋ ਜਾਂਦਾ ਹੈ (ਆਵਾਗੌਣ ਦਾ ਗੇੜ ਮੁੱਕ ਜਾਂਦਾ ਹੈ)।੪।੩।

ਪਦਾਰਥ = ਕਰਣੀ–ਕੰਮ ਕਰਨ ਵਾਲਾ ਸਰੀਰ। ਕਾਗਦੁ–ਕਾਗਜ। ਮਸਵਾਣੀ–ਸਿਆਹੀ ਵਾਲੀ ਦਵਾਤ। ਪਏ–ਪੈ (ਲਿਖੇ) ਜਾਂਦੇ ਹਨ। ਕਿਰਤੁ–ਕੀਤਾ ਹੋਇਆ ਕੰਮ (ਪਿਛਲੇ ਜਨਮਾਂ ਦੇ ਕੀਤੇ ਕਰਮਾਂ ਨਾਲ ਬਣਿਆ ਸੁਭਾਵ)। ਤਉ ਗੁਣ–ਤੇਰੇ ਗੁਣਾਂ ਦਾ। ਹਰੇ–ਹੇ ਹਰੀ!। ੧। ਚਿਤ–ਚਿਤ ਵਿਚ। ਬਾਵਰਿਆ–ਹੇ ਪਾਗਲ ਮਨੁੱਖ!। ਬਿਸਰਤ–ਭੁੱਲ ਜਾਣ ਨਾਲ। ਗਲਿਆ–ਗਲ (ਨਸ਼ਟ ਹੋ) ਰਹੇ ਹਨ। ੧। ਰਹਾਉ। ਜਾਲੀ–ਫਾਹੀ। ਰੈਨਿ–ਰਾਤ। ਜੇਤੀ–ਜਿਤਨੀਆਂ। ਘੜੀ–ਘੜੀਆਂ। ਤੇਤੀ–ਉਤਨੀਆਂ ਹੀ। ਰਸਿ ਰਸਿ–ਸੁਆਦ ਨਾਲ। ਚੁਗਹਿ –ਤੂੰ ਚੁਗਦਾ ਹੈ। ਨਿਤ–ਹਰ ਰੋਜ। ਫਾਸਹਿ–ਤੂੰ ਫਸਦਾ ਹੈ। ਛੂਟਸਿ–ਛੁਟੇਂਗਾ। ਮੂੜੇ–ਹੇ ਮੂਰਖ ਮਨ!। ਕਵਨ ਗੁਣੀ–ਕਿਹੜੇ ਗੁਣਾਂ ਨਾਲ। ੨। ਕਾਇਆ–ਸਰੀਰ। ਆਰਣਿ–(ਲੁਹਾਰ ਦੀ) ਭੱਠੀ)। ਵਿਚਿ–(ਸਰੀਰ) ਵਿਚ। ਪੰਚ ਅਗਨਿ–ਪੰਜ ਕਾਮਾਦਿਕ ਵਿਕਾਰਾਂ ਦੀ ਅੱਗ। ਤਿਤੁ–ਉਸ (ਸਰੀਰ ਰੂਪ ਭੱਠੀ ਵਿਚ)। ਪੜੇ–ਪਏ ਹੋਏ ਹਨ। ਜਲਿਆ–ਸੜ ਰਿਹਾ ਹੈ। ਸੰਨ੍ਹੀ–(ਭੱਠੀ ਵਿਚ ਤਪਦੇ ਲੋਹੇ ਨੂੰ ਉਲਟਾਣ ਵਾਲਾ) ਚਿਮਟੀ ਵਰਗਾ ਸੰਦ। ਚਿੰਤ–ਚਿੰਤਾ। ਭਈ–ਹੋਈ ਹੈ। ੩। ਭਇਆ ਮਨੂਰੁ–ਸੜਿਆ ਹੋਇਆ ਨਿਕੰਮਾ ਲੋਹਾ। ਕੰਚਨੁ–ਸੋਨਾ। ਫਿਰਿ–ਮੁੜ ਦੁਬਾਰਾ। ਤਿਨੇਹਾ–ਇਹੋ ਜਿਹਾ। ਤਉ–ਤਾਂ; ਤਦ। ਤ੍ਰਿਸਟਸਿ–ਟਿਕ ਜਾਂਦਾ (ਕਾਇਮ ਰਹਿੰਦਾ) ਹੈ। ੪। ੩।

ਸਾਰੰਸ਼ = ਮਨੁੱਖ ਦੇ ਆਚਰਣ ਵਿਚ ਚੰਗੇ ਮੰਦੇ ਭਾਵ ਹੁੰਦੇ ਹਨ। ਗੁਣਾਂ ਦੇ ਸੋਮੇ ਵਾਹਿਗੁਰੂ ਨੂੰ ਭੁੱਲ ਜਾਣ ਨਾਲ ਚੰਗੇ ਭਾਵ ਮੱਧਮ ਪੈ ਜਾਂਦੇ ਹਨ ਅਤੇ ਮੰਦੇ ਭਾਵ ਪ੍ਰਬਲ ਹੋ ਜਾਂਦੇ ਹਨ, ਜਿਸ ਕਰਕੇ ਮਨੁੱਖ ਦੀ ਆਤਮਕ ਮੌਤ ਹੋ ਜਾਂਦੀ ਹੈ। ਪਰ ਜੇ ਪੂਰਨ ਗੁਰੂ ਤੋਂ ਨਾਮ ਦੀ ਦਾਤ ਮਿਲ ਜਾਵੇ, ਤਾਂ ਮਰਿਆ ਮਨ ਫਿਰ ਸੁਰਜੀਤ ਹੋ ਜਾਂਦਾ ਹੈ। ਇਹ ਸ਼ਬਦ ਬੀਬੀ ਅਮਰੋ ਤੋਂ ਗੁਰੂ ਅਮਰਦਾਸ ਜੀ ਨੇ ਸੁਣਿਆ ਸੀ, ਜਦੋਂ ਉਹ ਸੱਚੇ ਗੁਰੂ ਦੀ ਭਾਲ ਵਿਚ ਸਨ (ਸ਼ਬਦਾਰਥ)।

ਉਥਾਨਕਾ = ਸਾਲਸ ਰਾਇ ਜੌਹਰੀ ਪੱਛਮੀ ਬੰਗਾਲ ਦੇ ਬਾਂਕੁੜਾ ਜਿਲ੍ਹੇ ਦੇ ਬਿਸੰਭਰ ਪਰ (ਹੁਣ ਬਿਸ਼ਨੂ ਪੁਰ) ਦਾ ਰਹਿਣ ਵਾਲਾ ਸੀ। ਜਨਮ ਸਾਖੀ ਬਾਲਾ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਇਸ ਨਗਰ ਦੇ ਨੇੜੇ ਪਹੁੰਚੇ, ਤਾਂ ਮਰਦਾਨੇ ਨੂੰ ਭੁੱਖ ਨੇ ਆਣ ਸਤਾਇਆ। ਗੁਰੂ ਜੀ ਨੂੰ ਜੰਗਲ ਵਿਚੋਂ ਇਕ ਲਾਲ ਮਿਲਿਆ ਅਤੇ ਮਰਦਾਨੇ ਨੂੰ ਕਿਹਾ ਕਿ ਇਸ ਲਾਲ ਨੂੰ ਲੈ ਕੇ ਨਗਰ ਵਿਚ ਜਾਹ, ਵੇਚ ਕੇ ਜੋ ਮਰਜੀ ਹੈ ਖਾ ਲਵੀਂ। ਮਰਦਾਨਾ ਨਗਰ ਵਿਚ ਗਿਆ, ਪਰ ਕੋਈ ਵੀ ਉਸ ਲਾਲ ਦੀ ਜਿਆਦਾ ਕੀਮਤ ਦੇਣ ਨੂੰ ਤਿਆਰ ਨਹੀਂ ਸੀ। ਅਖੀਰ ਮਰਦਾਨਾ ਸਾਲਸ ਰਾਇ ਦੀ ਦੁਕਾਨ ਤੇ ਗਿਆ, ਸਾਲਸ ਰਾਇ ਨੇ ਲਾਲ ਨੂੰ ਵਡਮੁੱਲਾ ਜਾਣ ਕੇ ਕੀਮਤ ਦੇਣ ਤੋਂ ਅਸਮਰਥਾ ਪ੍ਰਗਟ ਕੀਤੀ ਅਤੇ ੧੦੦ ਰੁਪਿਆ ਲਾਲ ਦੀ ਦਰਸ਼ਨੀ ਭੇਟ ਅਰਪਣ ਕਰ ਦਿਤੀ। ਮਰਦਾਨ ਸੌ ਰੁਪਿਆ ਲੈ ਕੇ ਗੁਰੂ ਜੀ ਪਾਸ ਪੁੱਜਾ, ਤਾਂ ਗੁਰੂ ਜੀ ਨੇ ੧੦੦ ਰੁਪਿਆ ਮੋੜਨ ਵਾਸਤੇ ਭੇਜ ਦਿਤਾ। ਇਸ ਤਰ੍ਹਾਂ ਮਰਦਾਨੇ ਨੂੰ ਦੋ ਤਿੰਨ ਗੇੜੇ ਲੌਣੇ ਪਏ । ਅੰਤ ਸਾਲਸ ਰਾਇ ਅਪਣੇ ਨੌਕਰ ਅੱਧਰਖੇ ਸਮੇਤ ਕਾਫੀ ਫਲ ਫਰੂਟ ਅਤੇ ਹੋਰ ਤੋਹਫੇ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ । ਗੁਰੂ ਜੀ ਨੇ ਇਨ੍ਹਾਂ ਨੂੰ ਸਿੱਖਿਆ ਦਿਤੀ ਕਿ ਜਿਵੇਂ ਇਹ ਲਾਲ ਅਮੋਲਕ ਹੈ, ਇਸੇ ਤਰ੍ਹਾਂ ਮਨੁੱਖਾ ਜੀਵਨ ਵੀ ਅਮੋਲਕ ਹੈ। ਵਾਹਿਗੁਰੂ ਦੇ ਸਿਮਰਨ ਤੋਂ ਬਿਨਾ ਜੀਵਨ ਨਿਸਫਲ ਚਲਾ ਜਾਂਦਾ ਹੈ। ਗੁਰੂ ਜੀ ਦੇ ਵਿਚਾਰ ਸੁਣ ਕੇ ਸਾਲਸਰਾਇ ਅਤੇ ਨੌਕਰ ਗੁਰੂ ਜੀ ਦੇ ਸਿੱਖ ਬਣ ਗਏ। ਗੁਰੂ ਜੀ ਨੇ ਇਥੇ ਸੰਗਤ ਕਾਇਮ ਕਰਕੇ ਇਨ੍ਹਾਂ ਨੂੰ ਗੁਰਮਤ ਦਾ ਪ੍ਰਚਾਰ ਕਰਨ ਦੀ ਸੇਵਾ ਸੌਂਪੀ।

ਮਾਰੂ ਮਹਲਾ ੧ ॥ ਬਿਮਲ ਮਝਾਰਿ ਬਸਸਿ ਨਿਰਮਲ ਜਲ, ਪਦਮਨਿ ਜਾਵਲ ਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ, ਸੰਗਿ ਦੋਖ ਨਹੀ ਰੇ ॥੧॥ ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ, ਅੰਮ੍ਰਿਤੁ ਨ ਲਖਸਿ ਰੇ ॥੧॥ਰਹਾਉ॥ ਬਸੁ ਜਲ ਨਿਤ ਨ ਵਸਤ ਅਲੀ ਅਲ, ਮੇਰ ਚਚਾ ਗੁਨ ਰੇ ॥ ਚੰਦ ਕੁਮੁਦਨੀ ਦੂਰਹੁ ਨਿਵਸਸਿ, ਅਨਭਉ ਕਾਰਨਿ ਰੇ ॥੨॥ ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ, ਤੂਬ ਨ ਚਾਤੁਰ ਰੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ, ਪਿਸਨ ਪ੍ਰੀਤਿ ਜਿਉ ਰੇ ॥੩॥ ਪੰਡਿਤ ਸੰਗਿ ਵਸਹਿ ਜਨ ਮੂਰਖ, ਆਗਮ ਸਾਸ ਸੁਨੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ, ਸੁਆਨ ਪੂਛਿ ਜਿਉ ਰੇ ॥੪॥ ਇਕਿ ਪਾਖੰਡੀ ਨਾਮਿ ਨ ਰਾਚਹਿ, ਇਕ ਹਰਿ ਹਰਿ ਚਰਣੀ ਰੇ ॥ ਪੂਰਬਿ ਲਿਖਿਆ ਪਾਵਸਿ ਨਾਨਕ, ਰਸਨਾ ਨਾਮੁ ਜਪਿ ਰੇ ॥੫॥੪॥ ਹੇ ਡੱਡੂ! ਸਾਫ ਸੁਥਰੇ ਤਲਾ ਦੇ ਨਿਰਮਲ ਜਲ ਵਿਚ ਕਮਲ ਅਤੇ ਜਾਲਾ ਵਸਦੇ ਹਨ। ਕਮਲ ਫੁੱਲ, ਜਾਲਾ ਅਤੇ ਪਾਣੀ ਦੇ ਰਸ ਦੋਹਾਂ ਦੀ ਸੰਗਤ ਵਿਚ ਰਹਿੰਦਾ ਹੈ, (ਪਰ ਪਾਣੀ ਤੇ ਜਾਲਾ ਦੀ) ਸੰਗਤ ਵਿਚ (ਉਸ ਕਮਲ ਫੁੱਲ ਨੂੰ ਕੋਈ) ਦੋਸ਼ ਨਹੀਂ ਲਗਦਾ (ਕਮਲ ਫੁੱਲ ਨਿਰਲੇਪ ਰਹਿੰਦਾ ਹੈ। ੧। ਪਰ) ਹੇ ਡੱਡੂ! ਤੂੰ ਕਦੇ ਵੀ (ਕਮਲ ਫੁੱਲਾਂ ਦੀ ਸਾਰ) ਨਹੀਂ ਜਾਣਦਾ। ਤੂੰ ਨਿਰਮਲ ਜਲ ਵਿਚ ਵਸਦਾ ਹੈਂ (ਪਰ) ਤੂੰ ਅੰਮ੍ਰਿਤ ਜਲ ਦੀ ਖੂਬੀ ਨੂੰ ਨਹੀਂ ਜਾਣਦਾ, (ਸਦਾ ਪਾਣੀ ਉਪਰ ਤਰ ਰਿਹਾ) ਜਾਲਾ ਖਾਂਦਾ ਰਹਿੰਦਾ ਹੈਂ। ੧। ਰਹਾਉ। ਹੇ ਡੱਡੂ! ਤੂੰ ਹਰ ਰੋਜ ਪਾਣੀ ਵਿਚ ਵਸਦਾ ਹੈਂ, (ਜਦੋਂ ਕਿ) ਭੌਰੇ ਭੌਰੀਆਂ ਉਥੇ ਨਹੀਂ ਵਸਦੇ, (ਪਰ ਉਹ ਕਮਲ ਫੁੱਲ ਦੀ) ਚੋਟੀ ਤੇ ਬੈਠ ਕੇ

(ਕਮਲ ਫੁੱਲ ਦਾ) ਰਸ ਚੂਸਦੇ ਹਨ।ਕੁਮੁਦਨੀ ਦੂਰੋਂ ਹੀ ਚੰਦ ਨੂੰ (ਦੇਖ ਕੇ) ਨਿੰਵਦੀ ਹੈ (ਖਿੜਦੀ ਹੈ, ਕਿਉਂਕਿ ਉਸ ਦੇ ਅੰਦਰ) ਚੰਦ ਵਾਸਤੇ ਦਿਲੀ ਪ੍ਰੇਮ ਹੈ।੨।ਹੇ ਭਾਈ! ਤੁੰਮੇ ਨੂੰ ਅੰਮ੍ਰਿਤ, ਖੰਡ, ਦੁੱਧ ਜਾਂ ਸ਼ਹਿਦ ਨਾਲ ਸਿੰਜ ਦੇਈਏ, (ਤੁੰਮਾ) ਹੋਰ ਨਹੀਂ ਹੋ ਜਾਵੇਗਾ (ਮਿੱਠਾ ਨਹੀਂ ਹੁੰਦਾ, ਕੌੜਾ ਹੀ ਰਹੇਗਾ)।ਹੇ ਭਾਈ! ਜਿਵੇਂ ਚਿੱਚੜ ਦੀ (ਪਸ਼ੂ ਦਾ ਲਹੂ ਚੂਸਣ ਵਿਚ) ਪ੍ਰੀਤੀ ਹੈ (ਪਸ਼ੂ ਦੇ ਥਣਾਂ ਕੋਲ ਚਿੰਬੜਿਆਂ ਚਿੱਚੜ ਦੁੱਧ ਨੂੰ ਛਡ ਕੇ ਲਹੂ ਚੂਸਦਾ ਹੈ, ਇਸੇ ਤਰ੍ਹਾਂ) ਤੂੰ ਅਪਣੇ ਆਪ (ਅਪਣੇ ਸੁਭਾਵ) ਨੂੰ ਕਦੇ ਨਹੀਂ ਛਡਦਾ।੩।ਮੂਰਖ ਬੰਦੇ ਵਿਦਵਾਨ ਪੁਰਖਾਂ ਦੀ ਸੰਗਤ ਵਿਚ ਵਸਦੇ ਹਨ, (ਉਹ ਮੂਰਖ ਵਿਦਵਾਨਾਂ ਪਾਸੋਂ) ਵੇਦ ਸ਼ਾਸਤ੍ਰਾਂ ਦੀ ਕਥਾ ਸੁਣ ਕੇ ਵਿਦਵਾਨ ਨਹੀਂ ਬਣ ਜਾਂਦੇ (ਉਹ ਮੂਰਖ ਹੀ ਬਣੇ ਰਹਿੰਦੇ ਹਨ)।ਜਿਵੇਂ ਕੁੱਤੇ ਦੀ ਪੂੰਛ (ਵਿੰਗੀ ਰਹਿੰਦੀ ਹੈ, ਕਦੇ ਸਿੱਧੀ ਨਹੀਂ ਹੁੰਦੀ {ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ੬੩੩}, ਇਸੇ ਤਰ੍ਹਾਂ) ਹੇ ਮੂਰਖ ਬੰਦੇ! ਤੂੰ ਅਪਣਾ ਆਪ (ਅਪਣੀ ਮੂਰਖਤਾ) ਨੂੰ ਨਹੀਂ ਛਡਦਾ।੪।(ਹੁਣ ਸਾਰੇ ਸ਼ਬਦ ਦਾ ਨਿਚੋੜ ਦਸਦੇ ਹਨ) ਹੇ ਭਾਈ! ਕਈ ਪਖੰਡੀ ਬੰਦੇ ਪ੍ਰਭੂ ਦੇ ਨਾਮ ਵਿਚ ਲੀਨ ਨਹੀਂ ਹੁੰਦੇ, (ਪਰ) ਕਈ ਬੰਦੇ ਪ੍ਰਭੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਮਨੁੱਖ ਦੇ ਮੱਥੇ ਉਤੇ ਜੋ) ਪਹਿਲੇ ਜਨਮਾਂ ਵਿਚ ਕੀਤੇ ਕਰਮਾਂ ਅਨੁਸਾਰ ਲੇਖ ਲਿਖਿਆ ਗਿਆ ਹੈ, (ਮਨੁੱਖ ਉਹ ਹੀ) ਪ੍ਰਪਾਤ ਕਰਦਾ ਹੈ, (ਇਸ ਲਈ) ਹੇ ਭਾਈ! ਤੂੰ ਜੀਭ ਨਾਲ ਪ੍ਰਭੂ ਦਾ ਨਾਮ ਜਪਿਆ ਕਰ।੫।੪।

ਪਦਾਰਥ = ਬਿਮਲ–ਮੈਲ ਰਹਿਤ (ਸਾਫ ਸੁਥਰਾ)।ਮਝਾਰਿ–ਵਿਚ।ਬਸਸਿ–ਵਸਦਾ ਹੈ।ਨਿਰਮਲ ਜਲ–ਮੈਲ ਰਹਿਤ (ਸਾਫ) ਪਾਣੀ। ਪਦਮਨਿ (ਪਦਮਿਨੀ) ਕਮਲ ਫੁੱਲ।ਜਾਵਲ–ਜਾਲਾ (ਪਾਣੀ ਉਪਰਲਾ ਬੂਰ)।ਰੇ–ਹੇ ਡੱਡੂ!।ਜਲ ਰਸ–ਪਾਣੀ ਦੇ ਰਸ ਦੀ।ਸੰਗਿ–ਸੰਗਤ ਵਿਚ।ਦੋਖ–ਦੋਸ਼; ਦਾਗ।੧।ਦਾਦਰ–ਹੇ ਡੱਡੂ!।ਭਖਸਿ–ਤੂੰ ਖਾਂਦਾ ਹੈਂ।ਸਿਬਾਲੁ–ਪਾਣੀ ਦਾ ਜਾਲਾ (ਇਕ ਪ੍ਰਕਾਰ ਦੀ ਹਰੇ ਰੰਗ ਦੀ ਬਹੁਤ ਨਿੱਕੀ ਬੂਟੀ, ਜੋ ਪਾਣੀ ਉਤੇ ਫੈਲੀ ਹੁੰਦੀ ਹੈ, ਇਸ ਨੂੰ ਪਾਣੀ ਦੀ ਮੈਲ ਵੀ ਕਹਿੰਦੇ ਹਨ)।ਨ ਲਖਸਿ–ਨਹੀਂ ਜਾਣਦਾ। ੧।ਰਹਾਉ।ਬਸੁ–ਵਸਦਾ ਹੈਂ।ਨਿਤ–ਹਰ ਰੋਜ; ਸਦਾ।ਅਲੀ ਅਲ–ਭੌਰੇ ਤੇ ਭੌਰੀਆਂ।ਮੇਰ–(ਫੁੱਲ ਦੀ) ਚੋਟੀ।ਚਚਾ–ਚੂਸਦਾ ਹੈ। ਗੁਨ–(ਫੁੱਲ ਦਾ) ਰਸ।ਕੁਮੁਦਨੀ–ਨੀਲ ਕਮਲ (ਜੋ ਰਾਤ ਨੂੰ ਚੰਦ ਚਾਨਣੀ ਵਿਚ ਖਿੜਦਾ ਹੈ)।ਨਿਵਸਸਿ–ਨਿੰਵਦੀ (ਝੁਕਦੀ ਭਾਵ ਖਿੜ ਜਾਂਦੀ) ਹੈ।ਅਨਭਉ–ਦਿਲੀ ਪ੍ਰੇਮ।ਕਾਰਨਿ–(ਚੰਦ) ਵਾਸਤੇ।੨।ਦੂਧਿ–ਦੁੱਧ ਵਿਚ।ਮਧੁ–ਸ਼ਹਿਦ।ਸੰਚਸਿ–ਸਿੰਜ ਦਿਓ; (ਪ੍ਰਭੂ) ਇਕੱਠੀ ਕਰਦਾ ਹੈ।ਤੂਬ–ਤੁੰਮਾ।ਨਚਾਤੁਰ (ਨਚ+ਅਤਰ)–ਹੋਰ ਨਹੀਂ ਹੁੰਦਾ; ਤੂ ਬਨ ਚਾਤੁਰ–ਹੇ ਪਾਣੀ ਦੇ ਚਤਰ ਡੱਡੂ!।ਅਪਨਾ ਆਪੁ–ਅਪਣੇ ਆਪ (ਅਪਣੇ ਸੁਭਾਵ) ਨੂੰ।ਕਬਹਿ–ਕਦੇ ਵੀ।ਪਿਸਨ–ਚਿੱਚੜ।੩।ਪੰਡਿਤ ਸੰਗਿ–ਵਿਦਵਾਨਾਂ ਦੀ ਸੰਗਤ ਵਿਚ।ਜਨ–ਬੰਦੇ।ਵਸਹਿ–ਵਸਦੇ ਹਨ।ਆਗਮ–ਵੇਦ।ਸਾਸ–ਸ਼ਾਸਤ੍ਰ।ਸੁਨੇ–ਸੁਣ ਕੇ।ਸੁਆਨ ਪੂਛਿ–ਕੁੱਤੇ ਦੀ ਪੂੰਛ।੪।ਇਕਿ–ਕਈ (ਬੰਦੇ)। ਨਾਮਿ–ਨਾਮ ਵਿਚ।ਨ ਰਾਚਹਿ–ਲੀਨ ਨਹੀਂ ਹੁੰਦੇ।ਇਕ–ਕਈ (ਬੰਦੇ)।ਚਰਣੀ–(ਪ੍ਰਭੂ ਦੇ) ਚਰਨਾਂ ਨਾਲ।ਪੂਰਬਿ–ਪਹਿਲੇ ਜਨਮਾਂ ਵਿਚ।ਪਾਵਸਿ–ਪ੍ਰਾਪਤ ਕਰਦਾ ਹੈ।ਰਸਨਾ–ਜੀਭ ਨਾਲ।ਜਪਿ–ਜਪਿਆ ਕਰ।੫।੪।

ਤੂ ਬਨ ਚਾਤੁਰ ਰੇ = (ਅੰਨਵੈ ਅੱਖਰ) ਪ੍ਰਭੂ ਅੰਮ੍ਰਿਤ ਮਈ ਦੁੱਧ ਵਿਚ ਖੰਡ ਤੇ ਸ਼ਹਿਦ ਵਰਗੀ ਮਿਠਾਸ ਇਕੱਠੀ ਕਰਦਾ ਹੈ, ਪਰ ਜਿਵੇਂ (ਪਸ਼ੂ ਦੇ ਥਣ ਨੂੰ ਚਿੰਬੜੇ ਹੋਏ) ਚਿੱਚੜ ਦੀ (ਲਹੂ ਨਾਲ) ਪ੍ਰੀਤੀ ਹੈ (ਦੁੱਧ ਨਾਲ ਨਹੀਂ, ਤਿਵੇਂ) ਹੇ ਪਾਣੀ ਦੇ ਚਤਰ ਡੱਡੂ! ਤੂੰ ਅਪਣੇ ਆਪ (ਅਪਣੇ ਸੁਭਾਉ) ਨੂੰ ਨਹੀਂ ਛਡਦਾ (ਕਮਲ ਦੀ ਤੈਨੂੰ ਸਾਰ ਨਹੀਂ, ਪਾਣੀ ਦਾ ਜਾਲਾ ਖਾ ਕੇ ਹੀ ਖੁਸ਼ ਰਹਿੰਦਾ ਹੈਂ)।

ਭਾਵ ਅਰਥ = ਸਤ ਸੰਗਤ ਰੂਪ ਨਿਰਮਲ ਸਰੋਵਰ ਵਿਚ ਨਿਰਮਲ ਜਲ (ਨਾਮ ਤੇ ਗੁਰੁ ਉਪਦੇਸ਼) ਵਸਦਾ ਹੈ, ਸਤਸੰਗਤ ਵਿਚ (ਕਮਲ) ਗੁਰਮੁਖ ਵੀ ਵਸਦੇ ਹਨ ਤੇ (ਜਾਵਲ) ਪਦਾਰਥ ਵੀ ਆਉਂਦੇ ਹਨ।ਗੁਰਮੁਖਾਂ (ਕਮਲਾਂ) ਅਤੇ ਪਦਾਰਥਾਂ (ਜਾਵਲ) ਦੀ ਨਾਮ ਜਲ ਨਾਲ ਸੰਗਤ ਹੈ (ਨਾਮ ਸਿਮਰਨ ਦੀ ਬਰਕਤ ਕਰਕੇ ਹੀ ਪਦਾਰਥ ਆਉਂਦੇ ਹਨ, ਪਰ) ਗੁਰਮੁਖਾਂ ਨੂੰ ਪਦਾਰਥਾਂ (ਜਾਵਲ) ਦੀ ਸੰਗਤ ਦਾ ਦੋਸ਼ ਨਹੀਂ ਲਗਦਾ (ਉਨ੍ਹਾਂ ਨੂੰ ਪਦਾਰਥਾਂ ਦਾ ਮੋਹ ਨਹੀਂ, ਖਾਣ ਪੀਣ ਵਿਚ ਨਹੀਂ ਪਰਚਦੇ)।੧।ਹੇ ਮਨਮੁਖ (ਡੱਡੂ)! ਤੂੰ ਗੁਰਮੁਖਾਂ (ਕਮਲਾਂ) ਦੀ ਸਾਰ ਨਹੀਂ ਜਾਣਦਾ।ਤੂੰ ਨਿਰਮਲ ਨਾਮ ਜਲ ਵਾਲੇ ਸਤਸੰਗਤ ਰੂਪ ਸਰੋਵਰ ਵਿਚ ਵਸਦਾ ਹੋਇਆ ਵੀ (ਪਦਾਰਥ) ਜਾਲੇ ਖਾਂਦਾ ਹੈਂ, ਸਤਸੰਗਤ ਵਿਚ ਕਥਾ ਕੀਰਤਨ ਰੂਪ ਅੰਮ੍ਰਿਤ ਦੀ ਸਾਰ ਨਹੀਂ ਜਾਣਦਾ।੧।ਰਹਾਉ।ਹੇ ਮਨਮੁਖ (ਡੱਡੂ)! ਤੂੰ ਨਿਤ ਸਤਸੰਗਤ ਵਿਚ ਵਸਦਾ ਹੈਂ, ਸਿਖ ਸਿਖਣੀਆਂ (ਭੌਰੇ ਭੌਰੀਆਂ ਉਥੇ) ਨਹੀਂ ਵਸਦੇ, (ਉਹ) ਦੂਰੋਂ ਆ ਕੇ ਵੀ ਸਤਸੰਗਤ ਵਿਚੋਂ ਦੈਵੀ ਗੁਣ ਗ੍ਰਹਿਣ ਕਰ ਲੈਂਦੇ ਹਨ।ਗੁਰਮੁਖ ਪ੍ਰੇਮ ਦੇ ਕਾਰਣ ਦੂਰ ਰਹਿੰਦੇ ਹੋਏ ਵੀ ਸਤਸੰਗਤ ਵਿਚ ਆ ਕੇ ਗੁਰੂ ਪਾਸੋਂ ਨਾਮ ਬਾਣੀ ਦਾ ਲਾਭ ਲੈ ਜਾਂਦੇ ਹਨ।੨।ਕੁੜੱਤਣ ਸੁਭਾਵ ਵਾਲੇ ਮਨਮੁਖ ਬੰਦੇ ਨੂੰ (ਖੰਡ, ਦੁਧ ਤੇ ਸ਼ਹਿਦ ਆਦਿ ਵਰਗੀ ਮਿੱਠੀ) ਨਾਮ

ਬਾਣੀ ਅਤੇ ਕਥਾ ਕੀਰਤਨ ਦਾ ਉਪਦੇਸ਼ ਦੇਈਏ, ਫਿਰ ਵੀ ਉਹ ਬਦਲ ਨਹੀਂ ਸਕਦਾ, ਮਨਮੁਖ ਹੀ ਰਹਿੰਦਾ ਹੈ। ਹੇ ਮਨਮੁਖ! ਤੂੰ ਅਪਣੇ ਹੰਕਾਰ ਨੂੰ ਨਹੀਂ ਛਡਦਾ, ਨਾਮ ਬਾਣੀ ਰੂਪ ਦੁੱਧ ਛਡ ਕੇ ਤੂੰ ਪਰਾਇਆ ਹੱਕ ਰੂਪ ਲਹੂ ਚੂਸਦਾ ਹੈਂ।੩।

ਮਾਰੂ ਮਹਲਾ ੧ ॥ ਸਲੋਕੁ ॥ ਪਤਿਤ ਪੁਨੀਤ ਅਸੰਖ ਹੋਹਿ, ਹਰਿ ਚਰਨੀ ਮਨੁ ਲਾਗ ॥ ਅਠਸਠਿ ਤੀਰਥ ਨਾਮੁ ਪ੍ਰਭ, ਨਾਨਕ ਜਿਸੁ ਮਸਤਕਿ ਭਾਗ ॥੧॥ (ਹੇ ਭਾਈ! ਜਿਨ੍ਹਾਂ ਮਨੁੱਖਾਂ ਦਾ) ਹਰੀ ਦੇ ਚਰਨਾਂ ਨਾਲ ਮਨ ਲੱਗਾ ਹੈ, (ਉਹ) ਅਣਗਿਣਤ ਪਾਪੀ ਪਵਿਤ੍ਰ ਹੋ ਜਾਂਦੇ ਹਨ। ਪ੍ਰਭੂ ਦਾ ਨਾਮ ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲੋਂ ਵੀ ਜਿਆਦਾ ਫਲਦਾਇਕ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਇਹ ਨਾਮ ਉਸ ਮਨੁੱਖ ਨੂੰ ਮਿਲਦਾ ਹੈ), ਜਿਸ ਦੇ ਮੱਥੇ ਉਤੇ (ਧੁਰ ਤੋਂ) ਚੰਗੇ ਭਾਗ ਲਿਖੇ ਹੋਣ।੧।

ਇਹ ਸਲੋਕ ੫੧੮ ਅੰਗ ਉਤੇ ਗੂਜਰੀ ਕੀ ਵਾਰ ਮਃ ੫ ਵਿਚ ਚੌਥੀ ਪਉੜੀ ਦਾ ਦੂਜਾ ਸਲੋਕ ਹੈ।

ਸਬਦੁ ॥ ਸਖੀ ਸਹੇਲੀ ਗਰਬਿ ਗਹੇਲੀ ॥ ਸੁਣਿ ਸਹ ਕੀ ਇਕ ਬਾਤ ਸੁਹੇਲੀ ॥੧॥ ਜੋ ਮੈ ਬੇਦਨ, ਸਾ ਕਿਸੁ ਆਖਾ ਮਾਈ ॥ ਹਰਿ ਬਿਨੁ ਜੀਉ ਨ ਰਹੈ, ਕੈਸੇ ਰਾਖਾ ਮਾਈ ॥੧॥ਰਹਾਉ॥ ਹਉ ਦੋਹਾਗਣਿ ਖਰੀ ਰੰਞਾਣੀ ॥ ਗਇਆ ਸੁ ਜੋਬਨੁ ਧਨ ਪਛੁਤਾਣੀ ॥੨॥ ਤੂ ਦਾਨਾ ਸਾਹਿਬੁ ਸਿਰਿ ਮੇਰਾ ॥ ਖਿਜਮਤਿ ਕਰੀ ਜਨੁ ਬੰਦਾ ਤੇਰਾ ॥੩॥ ਭਣਤਿ ਨਾਨਕੁ ਅੰਦੇਸਾ ਏਹੀ ॥ ਬਿਨੁ ਦਰਸਨ, ਕੈਸੇ ਰਵਉ ਸਨੇਹੀ ॥੪॥੫॥ (ਮਧਮ ਸਖੀ ਉਤਮ ਸਖੀ ਤੋਂ ਪੁਛਦੀ ਹੈ ਕਿ ਪਤੀ ਪ੍ਰਮੇਸਰ ਦਾ ਮੇਲ ਕਿਵੇਂ ਹੋਵੇ? ਤਾਂ ਉਤਮ ਸਖੀ ਆਖਦੀ ਹੈ ਕਿ) ਹੇ ਸਖੀ ਸਹੇਲੀਏ! ਤੂੰ ਹੰਕਾਰ ਵਿਚ ਗ੍ਰਸੀ ਹੋਈ ਹੈਂ। (ਤੂੰ ਕਰਮਕਾਂਡ ਛਡ ਕੇ) ਪ੍ਰਭੂ ਦੀ ਸਿਫਤ ਸਲਾਹ ਦੀ ਇਕ ਗੱਲ ਸੁਣ, ਜੋ ਸੁਖ ਦੇਣ ਵਾਲੀ ਹੈ।੧। (ਮੱਧਮ ਸਖੀ ਕਹਿੰਦੀ ਹੈ ਕਿ) ਹੇ ਮਾਂ! ਮੈਨੂੰ (ਮਾਲਕ ਪ੍ਰਭੂ ਦੇ ਵਿਛੋੜੇ ਦੀ) ਜੋ ਪੀੜਾ ਹੈ, ਉਹ ਮੈਂ (ਤੇਰੇ ਬਿਨਾ ਹੋਰ) ਕਿਸ ਨੂੰ ਦੱਸਾਂ? ਹੇ ਮਾਂ! ਹਰੀ ਤੋਂ ਬਿਨਾ ਮੇਰਾ ਜੀਵਨ ਨਹੀਂ ਰਹਿ ਸਕਦਾ, ਮੈਂ ਕਿਸ ਤਰ੍ਹਾਂ (ਅਪਣੇ ਦਿਲ ਨੂੰ ਪਤੀ ਪ੍ਰਭੂ ਨਾਲ ਜੋੜ ਕੇ) ਰੱਖਾਂ?।੧।ਰਹਾਉ। ਮੈਂ ਦੁਹਾਗਣ ਬਹੁਤ ਦੁਖੀ ਹਾਂ। (ਕਿਉਂਕਿ ਉਹ) ਇਸਤ੍ਰੀ ਪਛਤਾਉਂਦੀ ਹੈ, (ਪਤੀ ਤੋਂ ਬਿਨਾ ਜਿਸ ਦਾ) ਉਹ ਜਵਾਨੀ ਦਾ ਸਮਾਂ ਨਿਸਫਲ ਚਲਾ ਗਿਆ ਹੈ।੨। (ਉਤਮ ਸਖੀ ਕਹਿੰਦੀ ਹੈ ਕਿ ਇਸ ਤਰ੍ਹਾਂ ਬੇਨਤੀ ਕਰ, ਹੇ ਪ੍ਰਭੂ!) ਤੂੰ ਦਿਲ ਦੀਆਂ ਜਾਨਣ ਵਾਲਾ ਮਾਲਕ ਮੇਰੇ ਸਿਰ ਤੇ ਹੈਂ। (ਮੇਰੀ ਦਿਲੀ ਇੱਛਾ ਹੈ ਕਿ) ਮੈਂ ਤੇਰੀ ਗੁਲਾਮ ਸੇਵਕ ਤੇਰੀ ਸੇਵਾ ਕਰਦੀ ਰਹਾਂ।੩। ਨਾਨਕ ਗੁਰੂ ਜੀ ਆਖਦੇ ਹਨ ਕਿ (ਮੱਧਮ ਸਖੀ ਕਹਿੰਦੀ ਹੈ ਕਿ) ਮੈਨੂੰ ਇਹੀ ਚਿੰਤਾ ਹੈ ਕਿ ਮੈਂ ਪਿਆਰੇ ਪਤੀ ਪ੍ਰਮੇਸਰ ਦੇ ਦਰਸ਼ਨ ਕੀਤੇ ਬਿਨਾ ਕਿਸ ਤਰ੍ਹਾਂ (ਉਸ ਦੇ ਮਿਲਾਪ ਦਾ) ਅਨੰਦ ਮਾਣ ਸਕਾਂਗੀ?।੪।੫।

ਪਦਾਰਥ = ਸਲੋਕੁ। ਪਤਿਤ–ਧਰਮ ਤੋਂ ਡਿਗੇ ਪਾਪੀ ਮਨੁੱਖ। ਪੁਨੀਤ–ਪਵਿਤ੍ਰ। ਅਸੰਖ–ਅਣਗਿਣਤ। ਹੋਹਿ–ਹੋ ਜਾਂਦੇ ਹਨ। ਅਠਸਠਿ–ਅਠਾਹਠ ਤੀਰਥ। ਮਸਤਕਿ–ਮੱਥੇ ਉਤੇ।੧। ਸਬਦੁ–ਉਪਦੇਸ਼। ਸਖੀ ਸਹੇਲੀ–ਹੇ ਪਿਆਰੀ ਸਹੇਲੀਏ!। ਗਰਬਿ–ਹੰਕਾਰ ਵਿਚ। ਗਹੇਲੀ –ਗ੍ਰਸੀ ਹੋਈ। ਸਹ ਕੀ–ਮਾਲਕ ਪ੍ਰਭੂ ਦੀ। ਬਾਤ–ਗੱਲ। ਸੁਹੇਲੀ–ਸੁਖ ਦੇਣ ਵਾਲੀ।੧। ਮੈ–ਮੈਨੂੰ। ਬੇਦਨ–(ਵਿਛੋੜੇ ਦਾ) ਦਰਦ। ਸਾ–ਉਹ। ਮਾਈ–ਹੇ ਮਾਂ ਰੂਪ ਸਖੀ!। ਜੀਉ–ਜੀਵਨ; ਦਿਲ। ਕੈਸੇ–ਕਿਸ ਤਰ੍ਹਾਂ। ਰਾਖਾ–(ਜੋੜ ਕੇ) ਰੱਖਾਂ।੧। ਰਹਾਉ। ਹਉ–ਮੈਂ। ਦੋਹਾਗਣਿ–ਪਤੀ ਦੀ ਛੱਡੀ ਹੋਈ ਇਸਤ੍ਰੀ; ਮੰਦਭਾਗਣ। ਖਰੀ–ਬਹੁਤ। ਰੰਞਾਣੀ–ਦੁਖੀ। ਸੁ–ਉਹ। ਜੋਬਨੁ–ਜਵਾਨੀ। ਧਨ–ਇਸਤ੍ਰੀ।੨ । ਦਾਨਾ–ਦਿਲ ਦੀ ਜਾਨਣ ਵਾਲਾ। ਸਾਹਿਬੁ–ਮਾਲਕ। ਸਿਰਿ–ਸਿਰ ਉਤੇ। ਖਿਜਮਤਿ–ਸੇਵਾ। ਕਰੀ–ਮੈਂ ਕਰਾਂ। ਜਨੁ–ਸੇਵਕ। ਬੰਦਾ–ਗੁਲਾਮ।੩। ਭਣਤਿ–ਆਖਦਾ ਹੈ। ਅੰਦੇਸਾ–ਚਿੰਤਾ। ਰਵਉ–ਮਿਲਾਪ ਦਾ ਅਨੰਦ ਮਾਣ ਸਕਾਂਗੀ। ਸਨੇਹੀ–ਪਿਆਰੇ ਪ੍ਰਭੂ ਦਾ।੪।੫।

ਅੰਗ ੯੯੧ = ਮਾਰੂ ਮਹਲਾ ੧ ॥ ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ ॥ ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ਰਹਾਉ॥ ਮਾ ਲਾਲੀ ਪਿਉ ਲਾਲਾ ਮੇਰਾ, ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ, ਭਗਤਿ ਕਰਉ ਤੇਰੀ ਰਾਇਆ ॥੨॥ ਪੀਅਹਿ ਤ ਪਾਣੀ ਆਣੀ ਮੀਰਾ, ਖਾਹਿ ਤ ਪੀਸਣਿ ਜਾਉ ॥ ਪਖਾ ਫੇਰੀ ਪੈਰ ਮਲੋਵਾ, ਜਪਤ ਰਹਾ ਤੇਰਾ ਨਾਉ ॥੩॥ ਲੂਣ ਹਰਾਮੀ ਨਾਨਕੁ ਲਾਲਾ, ਬਖਸਿਹਿ ਤੁਧੁ ਵਡਿਆਈ ॥ ਆਦਿ ਜੁਗਾਦਿ ਦਇਆਪਤਿ ਦਾਤਾ, ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥ ਹੇ ਪ੍ਰਭੂ! ਮੈਂ ਤੇਰਾ ਮੁੱਲ ਖ੍ਰੀਦਿਆ ਗੁਲਾਮ ਹਾਂ, ਤੇਰਾ ਸੇਵਕ ਹਾਂ, (ਜਿਸ ਕਰਕੇ ਹੁਣ ਲੋਕ ਮੇਰਾ) ਨਾਮ ਵੀ ਚੰਗੇ ਭਾਗਾਂ ਵਾਲਾ ਆਖਣ ਲਗ ਪਏ ਹਨ (ਜੋ ਮਨੁੱਖ ਪ੍ਰਭੂ ਦਾ ਸੇਵਕ ਹੋ ਜਾਂਦਾ ਹੈ, ਉਹ ਵੱਡੇ ਭਾਗਾਂ ਵਾਲਾ ਹੁੰਦਾ ਹੈ)। ਗੁਰੂ ਦੇ ਬਚਨ ਹਾਸਲ ਕਰਨ ਲਈ ਮੈਂ (ਗੁਰੂ ਦੀ ਸੰਗਤ ਰੂਪ) ਦੁਕਾਨ ਤੇ ਵਿਕ ਗਿਆ ਹਾਂ, ਜਿਸ ਸੇਵਾ ਵਿਚ (ਗੁਰੂ ਨੇ ਮੈਨੂੰ) ਲਾਇਆ ਹੈ, ਮੈਂ ਉਸੇ ਸੇਵਾ ਵਿਚ ਲੱਗਾ ਹੋਇਆ ਹਾਂ।੧। (ਹੇ ਪ੍ਰਭੂ! ਤੇਰੇ

ਅੱਗੇ) ਤੇਰੇ ਗੁਲਾਮ ਦੀ ਕੀ ਚਤਰਾਈ ਚੱਲ ਸਕਦੀ ਹੈ? ਮਾਲਕ ਦਾ ਹੁਕਮ (ਮੈਥੋਂ ਚੰਗੀ ਤਰ੍ਹਾਂ) ਕਮਾਇਆ ਨਹੀਂ ਜਾ ਸਕਦਾ (ਹੁਕਮ ਚੰਗੀ ਤਰ੍ਹਾਂ ਮੰਨਿਆ ਨਹੀਂ ਜਾਂਦਾ)।੧।ਰਹਾਉ।(ਹੇ ਪ੍ਰਭੂ!) ਮੇਰੀ ਮਾਂ ਰੂਪ ਬੁੱਧੀ ਤੇਰੀ ਗੁਲਾਮ ਹੈ, ਮੇਰਾ ਪਿਤਾ (ਸੰਤੋਖ ਵੀ ਤੇਰਾ) ਗੁਲਾਮ ਹੈ ਅਤੇ ਮੈਂ ਗੁਲਾਮ (ਮਾਤਾ ਪਿਤਾ ਦਾ) ਪੈਦਾ ਕੀਤਾ ਹੋਇਆ ਪੁਤ੍ਰ ਹਾਂ (ਸੇਵਾ ਕਰਨ ਵਾਲਾ ਮੇਰਾ ਸੁਭਾਵ ਚੰਗੀ ਮੱਤ ਅਤੇ ਸੰਤੋਖ ਤੋਂ ਹੀ ਪੈਦਾ ਹੋਇਆ ਹੈ।ਜਿਵੇਂ ਵੱਡੇ ਲੋਕਾਂ ਦੀ ਤਾਬਿਆਦਾਰੀ ਵਿਚ ਗੁਲਾਮ ਭੱਜੇ ਫਿਰਦੇ ਹਨ, ਤਿਵੇਂ ਮੇਰੀ) ਗੁਲਾਮ ਮਾਂ ਭੱਜੀ ਫਿਰਦੀ ਹੈ ਅਤੇ ਗੁਲਾਮ ਪਿਤਾ ਤੇਰੇ ਗੁਣ ਗਾਉਂਦਾ ਹੈ, ਹੇ ਪ੍ਰਕਾਸ਼ ਰੂਪ ਪ੍ਰਭੂ! ਮੈਂ ਵੀ ਤੇਰੀ ਹੀ ਭਗਤੀ ਕਰਦਾ ਹਾਂ।(ਮੇਰੇ ਮਾਂ ਬਾਪ ਸਾਰੇ ਤੇਰੇ ਗੁਲਾਮ ਹਨ, ਇਹ ਗੁਲਾਮਪੁਣਾ ਸਾਡਾ ਜੱਦੀ ਪੁਸ਼ਤੀ ਚਲਦਾ ਆ ਰਿਹਾ ਹੈ ਭਾਵ ਤੇਰੀ ਸੇਵਾ ਭਗਤੀ ਕਰਨਾ ਸਾਡਾ ਖਾਨਦਾਨੀ ਕਰਮ ਚਲਿਆ ਆ ਰਿਹਾ ਹੈ)।੨।ਹੇ ਪ੍ਰਭੂ ਪਾਤਸ਼ਾਹ! ਜੇ ਤੂੰ ਪਾਣੀ ਪੀਣਾ ਹੈ, ਤਾਂ ਮੈਂ ਲੈ ਆਵਾਂ, (ਜੇ ਭੋਜਨ) ਖਾਵੇਂਗਾ ਤਾਂ ਮੈਂ ਚੱਕੀ ਪੀਸਣ ਜਾਵਾਂ।ਮੈਂ (ਤੇਰੇ ਲਈ) ਪੱਖਾ ਫੇਰਾਂ, ਤੇਰੇ ਪੈਰ ਮਲ੍ਹਾਂ ਅਤੇ ਤੇਰਾ ਨਾਉਂ ਜਪਦਾ ਰਹਾਂ।੩।(ਹੇ ਪ੍ਰਭੂ!) ਮੈਂ ਨਾਨਕ ਲੂਣ ਹਰਾਮੀ ਗੁਲਾਮ ਹਾਂ (ਤੇਰੇ ਉਪਕਾਰ ਮੈਂ ਭੁਲਾਈ ਬੈਠਾ ਹਾਂ), ਜੇ ਤੂੰ ਮੇਰੇ ਔਗਣ ਬਖਸ਼ ਦੇਵੇਂ, ਤਾਂ ਇਸ ਵਿਚ ਤੇਰੀ ਹੀ ਵਡਿਆਈ ਹੈ।ਤੂੰ ਆਦਿ ਕਾਲ ਤੋਂ (ਸਦਾ ਸਦਾ) ਹੀ ਦਇਆ ਦਾ ਮਾਲਕ ਤੇ ਦਾਤਾਂ ਦੇਣ ਵਾਲਾ ਹੈਂ (ਬਖਸ਼ਿਸ਼ ਕਰਦਾ ਰਿਹਾ ਹੈਂ), ਤੇਰੇ ਬਿਨਾ (ਕਿਸੇ ਵੀ ਜੀਵ ਨੇ) ਮੁਕਤੀ ਪ੍ਰਾਪਤ ਨਹੀਂ ਕੀਤੀ।੪।੬।

ਪਦਾਰਥ = ਮੁਲ ਖਰੀਦੀ–ਮੁੱਲ ਦੇ ਕੇ ਖਰਦਿਆ ਹੋਇਆ।ਲਾਲਾ (ਫਾ.)–ਗੁਲਾਮ; ਸੇਵਕ।ਗੋਲਾ–ਸੇਵਕ।ਸਭਾਗਾ–ਭਾਗਾਂ ਵਾਲਾ ।ਗੁਰ ਕੀ ਬਚਨੀ–ਗੁਰੂ ਦੇ ਬਚਨਾਂ ਵਾਸਤੇ।ਹਾਟਿ–ਗੁਰੂ ਦੀ ਸੰਗਤ ਰੂਪ ਹੱਟੀ ਤੇ।ਬਿਕਾਨਾ–ਵਿਕ ਗਿਆ ਹਾਂ।ਜਿਤੁ–ਜਿਸ ਸੇਵਾ ਵਿਚ।ਤਿਤੁ–ਉਸੇ ਸੇਵਾ ਵਿਚ।੧।ਕਿਆ ਚਤੁਰਾਈ–(ਹਰੀ ਅੱਗੇ) ਕੀ ਚਤਰਾਈ ਚਲ ਸਕਦੀ ਹੈ? ਸਾਹਿਬ ਕਾ–ਮਾਲਕ ਦਾ।ਨ ਕਰਣਾ ਜਾਈ–ਕਮਾਇਆ ਨਹੀਂ ਜਾਂਦਾ।੧।ਰਹਾਉ।ਮਾ ਲਾਲੀ–ਦਾਸੀ ਮਾਂ (ਹੁਕਮ ਵਿਚ ਤੁਰਨ ਵਾਲੀ ਮੱਤ)।ਪਿਉ ਲਾਲਾ–ਸੰਤੋਖ ਰੂਪ ਪਿਤਾ।ਹਉ–ਮੈਂ।ਜਾਇਆ–ਪੈਦਾ ਕੀਤਾ ਪੁੱਤ੍ਰ ਹਾਂ।(ਚੰਗੀ ਮੱਤ ਅਤੇ ਸੰਤੋਖ ਸੇਵਾ ਭਾਵ ਨੂੰ ਜਨਮ ਦੇਂਦਾ ਹੈ)।ਲਾਲੀ ਨਾਚੈ– ਦਾਸੀ ਮਾਂ ਸੇਵਾ ਵਿਚ ਭੱਜੀ ਫਿਰਦੀ ਹੈ।ਲਾਲਾ ਗਾਵੈ–ਸੇਵਕ ਪਿਤਾ ਗੁਣ ਗਾਉਂਦਾ ਰਹਿੰਦਾ ਹੈ।ਕਰਉ–ਮੈਂ ਕਰਦਾ ਹਾਂ।ਰਾਇਆ– ਹੇ ਪ੍ਰਕਾਸ਼ ਰੂਪ ਪ੍ਰਭੂ!।੨।ਪੀਅਹਿ–ਜੇ ਤੂੰ ਪੀਵੇਂਗਾ।ਆਣੀ–ਮੈਂ ਲੈ ਆਵਾਂ।ਮੀਰਾ–ਮੇ ਪਾਤਸ਼ਾਹ!।ਖਾਹਿ–ਖਾਵੇਂਗਾ।ਪੀਸਣ ਜਾਉ– ਮੈਂ ਚੱਕੀ ਪੀਸਣ ਜਾਵਾਂ।ਫੇਰੀ–ਮੈਂ ਫੇਰਾਂ (ਝੁਲਾਵਾਂ)।ਮਲੋਵਾ–ਮਲ੍ਹਾਂ (ਘੁੱਟਾਂ)।੩।ਲੂਣ ਹਰਾਮੀ–ਅਕ੍ਰਿਤਘਣ (ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲਾ)।ਤੁਧੁ–ਤੇਰੀ।ਬਖਸਹਿ–ਜੇ ਤੂੰ ਬਖਸ਼ ਦੇਵੇਂ।ਆਦਿ ਜੁਗਾਦਿ–ਆਦਿ ਕਾਲ ਤੋਂ।ਦਇਆ ਪਤਿ–ਦਇਆ ਕਰਨ ਵਾਲਾ ਮਾਲਕ।ਦਾਤਾ–ਦਾਤਾਂ ਦੇਣ ਵਾਲਾ।ਮੁਕਤਿ–ਜਨਮ ਮਰਨ ਤੋਂ ਛੁਟਕਾਰਾ।ਨ ਪਾਈ–ਪ੍ਰਾਪਤ ਨਹੀਂ ਕੀਤੀ।੪।੬।

ਮਾਰੂ ਮਹਲਾ ੧ ॥ ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ, ਨਾਨਕੁ ਵੇਚਾਰਾ ॥੧॥ ਭਇਆ ਦਿਵਾਨਾ ਸਾਹ ਕਾ, ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ਰਹਾਉ॥ ਤਉ ਦੇਵਾਨਾ ਜਾਣੀਐ, ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ, ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ ਜਾਣੀਐ, ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ, ਦੂਜੀ ਅਵਰ ਸਿਆਣਪ ਕਾਇ ॥੩॥ ਤਉ ਦੇਵਾਨਾ ਜਾਣੀਐ, ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ, ਅਵਰੁ ਭਲਾ ਸੰਸਾਰੁ ॥੪॥੭॥ (ਹੇ ਭਾਈ!) ਕੋਈ ਕਹਿੰਦਾ ਹੈ ਕਿ ਨਾਨਕ ਨੂੰ ਭੂਤ ਚਿੰਬੜਿਆ ਹੋਇਆ ਹੈ ਅਤੇ ਕੋਈ ਕਹਿੰਦਾ ਹੈ ਕਿ ਨਾਨਕ ਦੇ ਅੰਦਰ ਜਿੰਨ ਹੈ।ਕੋਈ ਆਖਦਾ ਹੈ ਕਿ (ਇਹ ਤਾਂ) ਵਿਚਾਰਾ (ਸਾਡੇ ਵਰਗਾ ਹੀ) ਆਦਮੀ ਹੈ।੧।(ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ) ਮੈਂ ਪ੍ਰਭੂ ਸ਼ਾਹ ਦੇ ਦਰਸ਼ਨਾਂ ਦਾ ਮਸਤਾਨਾ ਹੋ ਗਿਆ ਹਾਂ, (ਇਸ ਲਈ ਲੋਕ ਆਖਦੇ ਹਨ ਕਿ) ਨਾਨਕ ਝੱਲਾ ਹੋ ਗਿਆ ਹੈ ।ਮੈਂ ਹਰੀ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦਾ।੧।ਰਹਾਉ।(ਹੇ ਭਾਈ!) ਮਨੁੱਖ ਤਦ ਮਸਤਾਨਾ ਜਾਣਿਆ ਜਾਂਦਾ ਹੈ, ਜਿਹੜਾ ਪ੍ਰਭੂ ਦੇ ਭੈ ਵਿਚ ਰਹਿ ਕੇ ਮਸਤਾਨਾ ਹੋ ਜਾਵੇ (ਪ੍ਰਭੂ ਦੇ ਡਰ ਦੇ ਕਾਰਨ ਸੰਸਾਰੀ ਲੋਕਾਂ ਦੀ ਆਮ ਵਰਤੋਂ ਵਾਲੀਆਂ ਰਸਮਾਂ ਦੇ ਵਿਰੁੱਧ ਗੱਲਾਂ ਕਰੇ, ਜਿਨ੍ਹਾਂ ਨੂੰ ਲੋਕ ਵਿਚਾਰਹੀਣ ਸਮਝਣ)।ਇਕ ਮਾਲਕ ਤੋਂ ਬਿਨਾ ਦੂਜਾ ਹੋਰ ਕਿਸੇ ਨੂੰ ਨਾ ਜਾਣਦਾ ਹੋਵੇ।੨।(ਹੇ ਭਾਈ!) ਮਨੁੱਖ ਤਦੋਂ ਮਸਤਾਨਾ ਜਾਣਿਆ ਜਾਂਦਾ ਹੈ, ਜਿਹੜਾ ਇਕ ਪ੍ਰਭੂ ਦੀ ਸੇਵਾ ਭਗਤੀ ਦੀ ਕਾਰ ਕਮਾਉਂਦਾ ਹੋਵੇ।ਮਾਲਕ ਦਾ ਹੁਕਮ ਪਛਾਣਦਾ ਹੋਵੇ, (ਉਸ ਦੇ ਲਈ) ਹੋਰ ਦੂਜੀਆਂ ਸਿਆਣਪਾਂ ਕਿਸ ਕੰਮ ਹਨ? (ਬਿਅਰਥ ਹਨ)।੩।(ਮਨੁੱਖ) ਤਦ ਮਸਤਾਨਾ ਜਾਣਿਆ ਜਾਂਦਾ ਹੈ ,ਜਿਹੜਾ ਮਾਲਕ ਦਾ ਪਿਆਰ (ਅਪਣੇ ਹਿਰਦੇ ਵਿਚ) ਟਿਕਾ ਲਵੇ।ਅਤੇ ਅਪਣੇ ਆਪ ਨੂੰ (ਦੂਜਿਆ ਨਾਲੋਂ) ਮੰਦਾ ਜਾਣੇ, ਹੋਰ ਸੰਸਾਰ ਨੂੰ (ਅਪਣੇ ਨਾਲੋਂ) ਚੰਗਾ ਸਮਝੇ।੪।੭।

ਪਦਾਰਥ = ਭੂਤਨਾ–ਭੂਤ। ਕੋ–ਕੋਈ। ਬੇਤਾਲਾ–ਜਿੰਨ (ਉਹ ਮਨੁੱਖ ਜਿਸ ਵਿਚ ਭੂਤ ਵੜ ਗਿਆ ਹੋਵੇ)। ਵੇਚਾਰਾ–ਗਰੀਬ; ਸਹਾਇਤਾ ਹੀਣ।੧। ਭਇਆ–ਮੈਂ ਹੋ ਗਿਆ ਹਾਂ। ਦਿਵਾਨਾ–ਮਸਤਾਨਾ। ਸਾਹ ਕਾ–ਪ੍ਰਭੂ ਸ਼ਾਹ ਦਾ। ਬਉਰਾਨਾ–ਝੱਲਾ; ਕਮਲਾ। ਹਉ–ਮੈਂ। ਅਵਰੁ –ਹੋਰ ਨੂੰ। ਨ ਜਾਨਾ–ਨਹੀਂ ਜਾਣਦਾ।੧। ਰਹਾਉ। ਤਉ–ਤਦੋਂ। ਜਾਣੀਐ–ਜਾਣਿਆ ਜਾਂਦਾ ਹੈ। ਜਾ–ਜਦੋਂ; ਜਿਹੜਾ। ਭੈ–(ਪ੍ਰਭੂ ਦੇ ਡਰ ਵਿਚ ਰਹਿ ਕੇ। ਏਕੀ ਸਾਹਿਬ ਬਾਹਰਾ–ਇਕ ਮਾਲਕ ਤੋਂ ਬਿਨਾ।੨। ਏਕਾ ਕਾਰ–ਇਕ ਪ੍ਰਭੂ ਦੀ ਸੇਵਾ ਭਗਤੀ ਦੀ ਕਾਰ। ਖਸਮ ਕਾ–ਮਾਲਕ ਦਾ। ਕਾਇ–ਕਿਸ ਕੰਮ।੩। ਧਰੇ ਪਿਆਰੁ–ਪਿਆਰ ਟਿਕਾ ਲਵੇ। ਆਪੁ ਕਉ–ਅਪਣੇ ਆਪ ਨੂੰ।੪।੭।

ਸਾਰੰਸ਼ = ਗੁਰੂ ਜੀ ਹਰੀ ਦੇ ਪ੍ਰੇਮ ਵਿਚ ਕਈ ਵੇਰੀ ਐਹੋ ਜਿਹੀ ਵਰਤੋਂ ਕਰਦੇ ਸਨ, ਜਿਸ ਕਰਕੇ ਲੋਕ ਉਨ੍ਹਾਂ ਨੂੰ ਬਉਰਾ ਕਹਿਣ ਲਗ ਪੈਂਦੇ ਸਨ। ਕਿਉਂਕਿ ਅਜੇਹੀ ਵਰਤੋਂ ਆਮ ਲੋਕਾਂ ਦੇ ਵਤੀਰੇ ਤੋਂ ਉਲਟ ਹੁੰਦੀ ਸੀ। ਨਬਾਬ ਦੌਲਤ ਖਾਨ ਵਰਗੇ ਵੱਡੇ ਵੱਡੇ ਐਸ਼ਵਰਜ ਲੋਕਾਂ ਨੂੰ ਛਡ ਕੇ ਇਕ ਵਾਹਿਗੁਰੂ ਨੂੰ ਮਾਲਕ ਧਾਰਨਾ ਅਤੇ ਹੋਰ ਸਭ ਕਾਰ ਵਿਹਾਰ ਜਾਂ ਸੰਸਾਰੀ ਸਿਆਣਪਾਂ ਛਡ ਕੇ ਇਕ ਹਰੀ ਦੇ ਪਿਆਰ ਵਿਚ ਜੁਟਿਆ ਰਹਿਣਾ, ਅਪਣੇ ਆਪ ਨੂੰ ਮੰਦਾ ਤੇ ਹੋਰਨਾਂ ਨੂੰ ਚੰਗਾ ਸਮਝਣਾ।

ਮਾਰੂ ਮਹਲਾ ੧ ॥ ਇਹੁ ਧਨੁ ,ਸਰਬ ਰਹਿਆ ਭਰਪੂਰਿ ॥ ਮਨਮੁਖ ਫਿਰਹਿ, ਸਿ ਜਾਣਹਿ ਦੂਰਿ ॥੧॥ ਸੋ ਧਨੁ ਵਖਰੁ ,ਨਾਮੁ ਰਿਦੈ ਹਮਾਰੈ ॥ ਜਿਸੁ ਤੂ ਦੇਹਿ, ਤਿਸੈ ਨਿਸਤਾਰੈ ॥੧॥ਰਹਾਉ॥ ਨ ਇਹੁ ਧਨੁ ਜਲੈ, ਨ ਤਸਕਰੁ ਲੈ ਜਾਇ ॥ ਨ ਇਹੁ ਧਨੁ ਡੂਬੈ, ਨ ਇਸੁ ਧਨ ਕਉ ਮਿਲੈ ਸਜਾਇ ॥੨॥ ਇਸੁ ਧਨ ਕੀ ਦੇਖਹੁ ਵਡਿਆਈ ॥ ਸਹਜੇ ਮਾਤੇ, ਅਨਦਿਨੁ ਜਾਈ ॥੩॥ ਇਕ ਬਾਤ ਅਨੂਪ, ਸੁਨਹੁ ਨਰ ਭਾਈ ॥ ਇਸੁ ਧਨ ਬਿਨੁ, ਕਹਹੁ ਕਿਨੈ ਪਰਮਗਤਿ ਪਾਈ ॥੪॥ ਭਣਤਿ ਨਾਨਕੁ ਅਕਥ ਕੀ ਕਥਾ ਸਣਾਏ ॥ ਸਤਿਗੁਰੁ ਮਿਲੈ, ਤ ਇਹੁ ਧਨੁ ਪਾਏ ॥੫॥੮॥ ਪ੍ਰਭੂ ਦਾ ਇਹ ਨਾਮ ਰੂਪ ਧਨ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ। (ਪਰ ਜੋ) ਮਨਮੁੱਖ ਭਟਕਦੇ ਫਿਰਦੇ ਹਨ, ਉਹ ਨਾਮ ਧਨ ਨੂੰ ਦੂਰ ਜਾਣਦੇ ਹਨ।੧। ਉਹ ਨਾਮ ਧਨ ਰੂਪ ਸੌਦਾ ਸਾਡੇ ਹਿਰਦੇ ਵਿਚ ਹੀ ਹੈ। (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ (ਇਹ ਨਾਮ ਧਨ) ਦੇਂਦਾ ਹੈਂ, ਉਸ ਨੂੰ (ਤੂੰ ਭਵਜਲ ਤੋਂ) ਤਾਰ ਲੈਂਦਾ ਹੈਂ।੧। ਰਹਾਉ। ਇਹ ਧਨ ਅੱਗ ਵਿਚ ਸੜਦਾ ਨਹੀਂ, ਨਾ ਹੀ (ਇਸ ਧਨ ਨੂੰ) ਚੋਰ ਲੈ ਜਾ ਸਕਦਾ ਹੈ। ਨਾ ਇਹ ਧਨ (ਪਾਣੀ ਵਿਚ) ਡੁਬ ਸਕਦਾ ਹੈ ਅਤੇ ਨਾ ਹੀ ਇਸ ਧਨ ਨੂੰ ਦੰਡ ਮਿਲਦਾ ਹੈ; ਨਾ ਹੀ ਇਸ ਧਨ ਵਾਲੇ ਮਨੁੱਖ ਨੂੰ ਜਮਾਂ ਦੀ ਸਜਾ ਮਿਲਦੀ ਹੈ।੨। (ਹੇ ਭਾਈ!) ਇਸ ਧਨ ਦੀ ਵਡਿਆਈ ਦੇਖੋ, (ਜਿਸ ਮਨੁੱਖ ਕੋਲ ਇਹ ਨਾਮ ਧਨ ਹੈ, ਉਸ ਦਾ) ਹਰੇਕ ਦਿਨ ਸਹਿਜ ਅਵਸਥਾ ਵਿਚ ਮਸਤ ਹੋਇਆ ਗੁਜਰਦਾ ਹੈ (ਉਹ ਸਦਾ ਖੁਸ਼ ਰਹਿੰਦਾ ਹੈ)।੩। ਹੇ ਭਾਈ ਜਨੋਂ! (ਇਸ ਧਨ ਬਾਰੇ ਹੋਰ) ਇਕ ਸੁੰਦਰ ਬਚਨ ਸੁਣੋ। ਇਸ ਧਨ ਤੋਂ ਬਿਨਾ ਦੱਸੋ ਕਿਸ ਮਨੁੱਖ ਨੇ ਪਰਮ ਗਤੀ ਪ੍ਰਾਪਤ ਕੀਤੀ ਹੈ? (ਕਿਸੇ ਨੂੰ ਨਹੀਂ ਮਿਲੀ)।੪। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੈਂ ਅਕੱਥ ਪ੍ਰਭੂ ਦੀ ਕਥਾ ਸੁਣਾ ਰਿਹਾ ਹਾਂ। (ਜਦੋਂ ਮਨੁੱਖ) ਸਤਿਗੁਰੂ ਨੂੰ ਮਿਲਦਾ ਹੈ, ਤਾਂ (ਉਹ) ਇਹ ਧਨ ਪ੍ਰਾਪਤ ਕਰ ਲੈਂਦਾ ਹੈ।੫।੮।

ਪਦਾਰਥ = ਧਨੁ–ਨਾਮ ਧਨ। ਸਰਬ–ਸਭ ਜਗ੍ਹਾ; ਸਾਰੇ ਜੀਵਾਂ ਦੇ ਅੰਦਰ। ਰਹਿਆ ਭਰਪੂਰਿ–ਵਿਆਪਕ ਹੋ ਰਿਹਾ ਹੈ। ਮਨਮੁਖ–ਮਨ ਦੇ ਪਿੱਛੇ ਚੱਲਣ ਵਾਲੇ ਮਨੁੱਖ। ਫਿਰਹਿ–ਭਟਕਦੇ ਫਿਰਦੇ ਹਨ। ਸਿ–ਉਹ।੧। ਸੋ–ਉਹ। ਧਨੁ ਵਖਰੁ–ਨਾਮ ਧਨ ਰੂਪ ਸੌਦਾ। ਰਿਦੈ ਹਮਾਰੈ–ਸਾਡੇ ਹਿਰਦੇ ਵਿਚ। ਦੇਹਿ–ਦੇਂਦਾ ਹੈਂ। ਤਿਸੈ–ਉਸ ਨੂੰ। ਨਿਸਤਾਰੈ–(ਭਵਜਲ ਤੋਂ) ਤਾਰ ਲੈਂਦਾ ਹੈਂ।੧। ਰਹਾਉ। ਜਲੈ–ਸੜਦਾ ਹੈ। ਤਸਕਰੁ–ਚੋਰ। ਕਉ–ਨੂੰ; ਵਾਸਤੇ।੨। ਸਹਜੇ–ਸਹਿਜ ਅਵਸਥਾ ਵਿਚ। ਮਾਤੇ–ਮਸਤ ਹੋਇਆ। ਅਨਦਿਨੁ–ਹਰੇਕ ਦਿਨ। ਜਾਈ–ਗੁਜਰ ਜਾਂਦਾ ਹੈ।੩। ਬਾਤ–ਗੱਲ; ਬਚਨ। ਅਨੂਪ–ਸੁੰਦਰ। ਨਰ ਭਾਈ–ਹੇ ਭਾਈ ਜਨੋਂ! ਕਹਹੁ–ਦੱਸੋ। ਕਿਨੈ–ਕਿਸ ਮਨੁੱਖ ਨੇ। ਪਰਮ ਗਤਿ–ਉਚੀ ਆਤਮਕ ਅਵਸਥਾ; ਮੁਕਤੀ। ਪਾਈ–ਪ੍ਰਾਪਤ ਕੀਤੀ ਹੈ।੪। ਭਣਤਿ–ਆਖਦਾ ਹੈ। ਅਕਥ (ਅਕੱਥ ਪੜ੍ਹੋ)–ਪੂਰਨ ਤੌਰ ਤੇ ਬਿਆਨ ਨਾ ਹੋ ਸਕਣ ਵਾਲਾ ਪ੍ਰਭੂ। ਤ–ਤਾਂ। ਪਾਏ–ਪ੍ਰਾਪਤ ਕਰ ਲੈਂਦਾ ਹੈ।੫।੮।

ਮਾਰੂ ਮਹਲਾ ੧ ॥ ਸੂਰ ਸਰੁ ਸੋਸਿ ਲੈ, ਸੋਮ ਸਰੁ ਪੋਖਿ ਲੈ, ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ਰਹਾਉ॥ ਅਜਰ ਗਹੁ ਜਾਰਿ ਲੈ, ਅਮਰ ਗਹੁ ਮਾਰਿ ਲੈ, ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ (ਹੇ ਜੋਗੀ!) ਸੱਜੇ (ਸੂਰਜ ਦੀ) ਸੁਰ ਨਾਲ ਪ੍ਰਾਣਾਂ ਨੂੰ ਸੁਕਾ ਲੈ (ਤਮੋ ਗੁਣੀ ਸੁਭਾਵ ਨੂੰ ਮੁਕਾ ਦੇ, ਇਹੀ ਪਿੰਗਲਾ ਨਾੜੀ ਵਿਚ ਪ੍ਰਾਣ ਚੜ੍ਹਾਉਣਾ ਹੈ, ਸੱਜੀ ਸੁਰ ਪਿੰਗਲਾ ਵਿਚ ਪ੍ਰਾਣ ਚਲਾਉਣ ਨਾਲ ਸਰੀਰ ਵਿਚ ਤਪਸ਼ ਵਧ ਜਾਂਦੀ ਹੈ, ਇਸ ਤਪਸ਼ ਨੂੰ ਮੁਕਾ ਲੈ), ਇੜਾ (ਖੱਬੀ ਸੁਰ ਜੋ ਚੰਦ ਦੀ ਨਾੜੀ ਹੈ) ਰਾਹੀਂ ਪ੍ਰਾਣ ਚੜ੍ਹਾ ਕੇ ਸੀਤਲ ਕਰ ਲੈ (ਸਤੋ

ਗੁਣੀ ਸੁਭਾਵ ਬਣਾ ਲੈ, ਇਹੀ ਇੜਾ ਵਿਚ ਪ੍ਰਾਣ ਚੜ੍ਹਾਉਣਾ ਹੈ), ਇਹੋ ਜਿਹੀ ਜੁਗਤੀ ਕਰਕੇ ਪ੍ਰਾਣਾਂ ਦਾ ਸਬੰਧ (ਮੇਲ) ਬਣਾ ਲੈ ਭਾਵ ਜੀਵਨ ਨੂੰ ਇਸ ਤਰ੍ਹਾਂ ਦੇ ਢੰਗ ਦਾ ਬਣਾ ਲੈ। ਇਸ ਜੁਗਤੀ ਨਾਲ ਮੱਛੀ ਦੀ ਤਰ੍ਹਾਂ ਚੰਚਲ ਮਨ ਨੂੰ ਵਸ ਵਿਚ ਰੱਖ ਸਕੀਦਾ ਹੈ, (ਫਿਰ) ਨਾ ਜੀਵਾਤਮਾ ਕਿਤੇ ਉਡਦਾ (ਭਟਕਦਾ) ਹੈ ਤੇ ਨਾ ਹੀ ਸਰੀਰ ਨਾਸ਼ ਹੁੰਦਾ ਹੈ (ਜਨਮ ਮਰਨ ਮੁੱਕ ਜਾਂਦਾ ਹੈ)।੧। ਹੇ ਮੂਰਖ ਮਨੁੱਖ! ਕਿਉਂ ਭਰਮ ਵਿਚ ਭੁੱਲਿਆ ਫਿਰਦਾ ਹੈਂ। ਤੂੰ ਸੰਸਾਰ ਤੋਂ ਵੈਰਾਗੀ ਹੋ ਕੇ ਪਰਮ ਅਨੰਦ ਸਰੂਪ ਪ੍ਰਮੇਸਰ ਨੂੰ ਨਹੀਂ ਪਛਾਣਿਆ; ਤੂੰ ਨਿਰਲੇਪ ਪਰਮ ਅਨੰਦ ਰੂਪ ਹਰੀ ਨੂੰ ਨਹੀਂ ਸਮਝਿਆ (ਸ਼ਬਦਾਰਥ)।੧।ਰਹਾਉ। ਨਾ ਜਰੇ ਜਾਣ ਵਾਲੀ ਮਾਇਆ ਨੂੰ ਪਕੜ ਕੇ ਸਾੜ ਲੈ, ਨਾ ਮਰਨ ਵਾਲੇ (ਹੰਕਾਰੀ) ਮਨ ਨੂੰ ਫੜ ਕੇ ਮਾਰ ਲੈ ਅਤੇ ਭਰਮ ਨੂੰ ਤਿਆਗ ਕੇ ਛਡ ਦੇਹ, ਤਦ ਹੀ ਨਾਮ ਅੰਮ੍ਰਿਤ ਪੀ ਸਕੀਦਾ ਹੈ। ਇਸ ਜੁਗਤੀ ਨਾਲ ਮੱਛੀ ਦੀ ਤਰ੍ਹਾਂ ਚੰਚਲ ਮਨ ਨੂੰ ਵਸ ਵਿਚ ਰੱਖ ਸਕੀਦਾ ਹੈ, (ਫਿਰ) ਨਾ ਜੀਵਾਤਮਾ ਉਡਦਾ (ਭਟਕਦਾ) ਹੈ ਅਤੇ ਨਾ ਹੀ ਸਰੀਰ ਨਾਸ਼ ਹੁੰਦਾ ਹੈ (ਜਨਮ ਮਰਨ ਮੁੱਕ ਜਾਂਦਾ ਹੈ)।੨।

ਅੰਗ ੯੯੨ = ਭਣਤਿ ਨਾਨਕੁ ਜਨੋ, ਰਵੈ ਜੇ ਹਰਿ ਮਨੋ, ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਪ੍ਰੇਮੀ ਜਨੋਂ! ਜੇ ਮਨੁੱਖ ਪ੍ਰਭੂ ਨੂੰ ਮਨੋਂ ਸਿਮਰੇ ਤਾਂ ਉਹ ਮਨ ਅਤੇ ਸੁਆਸਾਂ ਨਾਲ ਨਾਮ ਅੰਮ੍ਰਿਤ ਪੀਂਦਾ ਹੈ (ਸੁਆਸ ਸੁਆਸ ਨਾਮ ਜਪਦਾ ਹੋਇਆ ਅਨੰਦ ਮਾਣਦਾ ਹੈ। ਇਸ ਤਰ੍ਹਾਂ ਦੀ) ਜੁਗਤੀ ਨਾਲ ਮੱਛੀ ਦੀ ਤਰ੍ਹਾਂ ਚੰਚਲ ਮਨ ਨੂੰ ਵਸ ਵਿਚ ਰੱਖ ਸਕੀਦਾ ਹੈ, (ਫਿਰ) ਨਾ ਜੀਵਾਤਮਾ ਕਿਧਰੇ ਉਡਦਾ (ਭਟਕਦਾ) ਹੈ ਅਤੇ ਨਾ ਹੀ ਸਰੀਰ ਨਾਸ਼ ਹੁੰਦਾ ਹੈ (ਜਨਮ ਮਰਨ ਮੁੱਕ ਜਾਂਦਾ ਹੈ)।੩।੯।

ਪਦਾਰਥ = ਸੂਰ ਸਰੁ–ਸੂਰਜ ਦੀ ਸ੍ਵਰ (ਸੁਰ) ਸੱਜੀ ਨਾੜੀ, ਤਮੋ ਗੁਣੀ ਸਭਾਵ। ਸੋਸਿ ਲੈ–ਸੁਕਾ ਲੈ (ਮੁਕਾ ਦੇਹ)। ਸੋਮ ਸਰੁ–ਚੰਦ ਦੀ ਸੁਰ (ਖੱਬੀ ਨਾੜੀ), ਸਤੋ ਗੁਣੀ ਸ਼ਾਂਤੀ ਸੁਭਾਵ। ਪੋਖਿ ਲੈ–ਪਾਲਣਾ ਕਰ ਲੈ; ਚੜ੍ਹਾ ਲੈ। ਜੁਗਤਿ ਕਰਿ–(ਇਸ) ਜੁਗਤੀ ਕਰਕੇ। ਮਰਤੁ–ਹਵਾ (ਪ੍ਰਾਣ)। ਸੁ–ਉਹ; ਇਹੋ ਜਿਹੀ। ਸਨਬੰਧੁ–ਮੇਲ। ਕੀਜੈ–ਕਰ (ਬਣਾ) ਲੈ। ਮੀਨ ਕੀ–ਮੱਛੀ ਦੀ। ਚਪਲ ਮਨੁ–ਚੰਚਲ ਮਨ। ਸਿਉ ਜੁਗਤਿ–ਤਰੀਕੇ ਨਾਲ। ਰਾਖੀਐ–(ਵਸ ਵਿਚ) ਰੱਖ ਸਕੀਦਾ ਹੈ। ਉਡੈ ਨਹ–ਉਡਦਾ (ਕਿਤੇ ਜਾਂਦਾ) ਨਹੀਂ। ਕੰਧੁ–ਸਰੀਰ। ਨਹ ਛੀਜੈ–ਨਾਸ਼ ਨਹੀਂ ਹੁੰਦਾ।੧। ਮੂੜੇ–ਹੇ ਮੂਰਖ!। ਕਾਇਚੇ–ਕਿਉਂ। ਭਰਮਿ–ਭਰਮ ਵਿਚ। ਭੁਲਾ–ਭੁੱਲਿਆ ਫਿਰਦਾ ਹੈਂ। ਚੀਨਿਆ–ਪਛਾਣਿਆ। ਪਰਮਾਨੰਦੁ–ਪਰਮ ਅਨੰਦ ਦਾ ਮਾਲਕ ਪ੍ਰਭੂ। ਬੈਰਾਗੀ–(ਸੰਸਾਰ ਤੋਂ) ਉਪਰਾਮ ਹੋ ਕੇ; ਨਿਰਲੇਪ।੧।ਰਹਾਉ। ਅਜਰ–ਨਾ ਜਰੇ ਜਾਣ ਵਾਲੇ ਕਾਮ ਆਦਿ ਵਿਕਾਰ; ਨਾ ਜਰੇ ਜਾਣ ਵਾਲੀ ਮਾਇਆ। ਗਹੁ–ਫੜ ਕੇ। ਜਾਰਿ ਲੈ–ਸਾੜ ਲੈ। ਅਮਰ–ਨਾ ਮਰਨ ਵਾਲੇ (ਮਨ ਨੂੰ)। ਮਾਰਿ ਲੈ–ਮਾਰ ਦੇਹ। ਭ੍ਰਾਤਿ–ਭਰਮ; ਭਟਕਣਾ। ਤਜਿ ਛੋਡਿ–ਤਿਆਗ ਛਡ। ਤਉ–ਤਦ; ਤਾਂ। ਅਪਿਉ–ਅੰਮ੍ਰਿਤ ਨਾਮ। ਪੀਜੈ–ਪੀ ਸਕੀਦਾ ਹੈ।੨। ਭਣਤਿ–ਆਖਦਾ ਹੈ। ਜਨੋ–ਹੇ ਪ੍ਰੇਮੀ ਜਨੋਂ!। ਰਵੈ–ਸਿਮਰੇ। ਮਨੋ–ਮਨ ਤੋਂ। ਮਨ ਸਿਉ–ਮਨ ਨਾਲ। ਪਵਨ ਸਿਉ–ਸੁਆਸਾਂ ਨਾਲ। ਅੰਮ੍ਰਿਤੁ–ਨਾਮ ਅੰਮ੍ਰਿਤ।੩।੯।

ਸਾਰੰਸ਼ = ਇੜਾ ਪਿੰਗਲਾ ਵਾਲੇ ਭਰਮ ਰੂਪ ਸਾਧਨਾਂ ਨੂੰ ਛਡ ਕੇ ਚੰਚਲ ਮਨ ਨੂੰ ਹਰੀ ਨਾਮ ਦੇ ਅਭਿਆਸ ਦੁਆਰਾ ਟਿਕਾਉ ਵਿਚ ਲਿਆਉਣਾ ਚਾਹੀਦਾ ਹੈ, ਇਹੋ ਹੀ ਗੁਰਮਤਿ ਅਨੁਸਾਰ ਸਭ ਤੋਂ ਵੱਡਾ ਗਿਆਨ ਜੋਗ ਹੈ।

ਮਾਰੂ ਮਹਲਾ ੧ ॥ ਮਾਇਆ ਮੁਈ ਨ ਮਨੁ ਮੁਆ, ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ, ਸਾਚਾ ਵਖਰੁ ਜਿਤੁ ॥ ਮਾਣਕੁ ਮਨ ਮਹਿ ਮਨੁ ਮਾਰਸੀ, ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ, ਭੈ ਪੰਚਾਇਣ ਰਤੁ ॥੧॥ ਬਾਬਾ, ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ, ਸਿਰਿ ਸਿਰਿ ਸਾਚਾ ਲੇਖੁ ॥੧॥ਰਹਾਉ॥ ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ,ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ, ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ, ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ, ਸੇਵਾ ਕਰਣੀ ਸਾਰੀ ॥੨॥ ਨਿਧਨਿਆ ਧਨੁ ਨਿਗੁਰਿਆ ਗੁਰੁ ,ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ, ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ, ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ, ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ, ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ, ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ, ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ, ਮਨਿ ਤਨਿ ਸਾਚਾ ਸੋਇ ॥੪॥੧੦॥ (ਹੇ ਭਾਈ! ਜਿਹੜਾ ਮਨੁੱਖ ਨਾਮ ਨਹੀਂ ਜਪਦਾ, ਉਸ ਦੀ) ਨਾ ਮਾਇਆ ਦੀ ਤ੍ਰਿਸ਼ਨਾ ਮਰੀ ਹੈ ਅਤੇ ਨਾ ਹੀ ਮਨ

ਮਰਿਆ ਹੈ, ਸੰਸਾਰ ਸਮੁੰਦਰ, ਜੋ ਕਾਮਾਦਿਕ ਲਹਿਰਾਂ ਨਾਲ ਉਛਲ ਰਿਹਾ ਹੈ, (ਨਾਮ ਹੀਨ ਮਨੁੱਖ ਕਾਮਾਦਿਕ ਵਿਕਾਰਾਂ ਦੇ) ਨਸ਼ੇ ਵਿਚ ਮਸਤ ਹੈ। ਸਰੀਰ ਰੂਪ ਜਹਾਜ, ਜਿਸ ਅੰਦਰ ਨਾਮ ਰੂਪ ਸੱਚਾ ਸੌਦਾ ਹੈ, (ਨਾਮ ਜਪਣ ਵਾਲਾ ਮਨੁੱਖ) ਇਸ ਸਾਗਰ ਦੇ ਜਲ ਦੇ ਸਿਰ ਉਤੇ ਤਰ ਕੇ ਪਾਰ ਜਾ ਟਿਕਦਾ ਹੈ। (ਹੇ ਭਾਈ!) ਨਾਮ ਰੂਪ ਮਾਣਕ, ਜੋ (ਮਨੁੱਖ ਦੇ) ਮਨ ਵਿਚ ਹੀ ਹੈ, ਮਨ ਨੂੰ ਮਾਰਦਾ (ਵਸ ਵਿਚ ਕਰਦਾ) ਹੈ, ਸੱਚ ਵਿਚ ਜੁੜੇ ਰਹਿਣ ਦੇ ਕਾਰਣ (ਮਨ ਨੂੰ) ਕੋਈ ਤਰੇੜ ਨਹੀਂ ਲਗਦੀ (ਮਨ ਟੁੱਟਦਾ ਭਾਵ ਭਟਕਦਾ ਨਹੀਂ। ਜਿਸ ਮਨੁੱਖ ਦੇ ਹਿਰਦੇ ਵਿਚ ਨਾਮ ਹੈ, ਦੁਨੀਆਂ ਵਿਚ ਉਹ ਹੀ) ਰਾਜਾ ਹੈ, ਗੁਣਾਂ ਕਰਕੇ ਪ੍ਰਭੂ ਦੇ ਭੈ ਦੁਆਰਾ ਉਹ ਹਿਰਦੇ ਰੂਪ ਤਖਤ ਤੇ ਜਾ ਟਿਕਦਾ ਹੈ ਅਤੇ ਉਹ ਪੰਜ ਗੁਣਾਂ ਵਿਚ ਪ੍ਰੀਤੀ ਕਰਦਾ ਹੈ (ਗੁ. ਗ੍ਰੰ. ਕੋਸ਼)।੧। ਹੇ ਭਾਈ! ਸੱਚਾ ਮਾਲਕ ਪ੍ਰਭੂ (ਤੇਰੇ ਅੰਦਰ ਹੀ ਵਸਦਾ ਹੈ, ਤੂੰ ਉਸ ਨੂੰ ਅਪਣੇ ਤੋਂ) ਦੂਰ ਨਾ ਦੇਖ। ਜਗਤ ਦੇ ਜੀਵਨ ਪ੍ਰਭੂ ਦੀ ਜੋਤ ਸਾਰੇ ਜੀਵਾਂ ਦੇ ਅੰਦਰ ਹੈ, (ਉਸ ਦਾ ਹੁਕਮ ਰੂਪ) ਸੱਚਾ ਲੇਖ ਹਰੇਕ ਜੀਵ ਦੇ ਸਿਰ ਉਤੇ ਲਿਖਿਆ ਹੋਇਆ ਹੈ।੧। ਰਹਾਉ। (ਹੇ ਭਾਈ!) ਬ੍ਰਹਮਾ, ਵਿਸ਼ਨੂੰ ,ਰਿਸ਼ੀ ਮੁਨੀ, ਸ਼ਿਵ ਜੀ, ਇੰਦ੍ਰ ,ਤਪੀਸ਼ਰ ਅਤੇ ਭਿਖਾਰੀ ਆਦਿ ਵਿਚੋਂ। (ਜਿਹੜਾ ਵੀ ਪ੍ਰਭੂ ਦਾ) ਹੁਕਮ ਮੰਨਦਾ ਹੈ, (ਉਹ) ਸੱਚੇ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ, (ਪਰ ਪ੍ਰਭੂ ਦਾ) ਹੁਕਮ ਨਾ ਮੰਨਣ ਵਾਲੇ ਆਫਰੇ ਹੋਏ (ਮਨੁੱਖ ਬਾਰ ਬਾਰ) ਮਰਦੇ ਹਨ। ਪੂਰੇ ਗੁਰੂ ਦੁਆਰਾ ਵਿਚਾਰਿਆ ਹੈ ਕਿ ਜੰਗਮ, ਜੋਧੇ, ਜਤੀ ਤੇ ਸੰਨਿਆਸੀ ਆਦਿ ਸਭ ਗੁਰੂ ਦੀ ਸੇਵਾ ਭਗਤੀ ਤੋਂ ਬਿਨਾ (ਅਪਣੀ ਘਾਲ ਕਮਾਈ ਦਾ) ਫਲ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ, ਸੇਵਾ ਭਗਤੀ ਹੀ ਸਭ ਤੋਂ ਸ੍ਰੇਸਟ ਕਰਣੀ ਹੈ।੨। ਹੇ ਪ੍ਰਭੂ! ਤੇਰਾ ਨਾਮ, ਧਨ ਹੀਣ ਲੋਕਾਂ ਲਈ ਧਨ ਹੈਂ, ਨਿਗੁਰਿਆਂ ਦਾ ਤੂੰ ਗੁਰੂ ਹੈਂ ਅਤੇ ਨਿਮਾਣਿਆਂ ਨੂੰ ਤੂੰ ਮਾਣ ਦੇਂਦਾ ਹੈਂ। (ਜਿਸ) ਅੰਨ੍ਹੇ ਮਨੁੱਖ ਨੇ ਗੁਰੂ ਰੂਪ ਮਾਣਕ ਦਾ ਪੱਲਾ ਪਕੜਿਆ ਹੈ, (ਉਸ) ਨਿਰਬਲ ਮਨੁੱਖ ਤੂੰ ਬਲ ਦੇਂਦਾ ਹੈਂ। (ਹੇ ਭਾਈ! ਪ੍ਰਭੂ!) ਹਵਨ ਜਾਂ ਮੰਤ੍ਰਾਂ ਦਾ ਜਾਪ ਆਦਿ ਕਰਮ ਨਾਲ ਨਹੀਂ ਜਾਣਿਆ ਜਾ ਸਕਦਾ, ਗੁਰੂ ਦੀ ਸਿੱਖਿਆ ਦੁਆਰਾ (ਪ੍ਰਭੂ ਦੀ) ਪਛਾਣ ਕਰ। (ਪ੍ਰਭੂ ਦੇ) ਨਾਮ ਤੋਂ ਬਿਨਾ (ਉਸ ਦੇ) ਦਰ ਤੇ ਢੋਈ ਨਹੀਂ ਮਿਲਦੀ, ਝੂਠੇ ਮਨੁੱਖ ਦਾ ਆਉਣਾ ਜਾਣਾ (ਜੰਮਣਾ ਮਰਨਾ) ਬਣਿਆ ਰਹਿੰਦਾ ਹੈ।੩। (ਹੇ ਭਾਈ!) ਪ੍ਰਭੂ ਦਾ ਸੱਚਾ ਨਾਮ ਸਲਾਹੁਣਾ ਚਾਹੀਦਾ ਹੈ, (ਕਿਉਂਕਿ) ਸੱਚੇ ਨਾਮ ਦੇ ਸਿਮਰਨ ਤੋਂ ਹੀ (ਮਨ ਦੀ) ਤ੍ਰਿਪਤੀ ਹੁੰਦੀ ਹੈ। ਗਿਆਨ ਦੇ ਰਤਨ ਨਾਲ ਮਨ ਨੂੰ ਮਾਂਜੀਏ, ਤਾਂ ਮੁੜ ਕੇ ਮਨ ਮੈਲਾ ਨਹੀਂ ਹੁੰਦਾ। ਜਦ ਤਕ ਮਾਲਕ ਪ੍ਰਭੂ ਮਨ ਵਿਚ ਵਸਦਾ ਹੈ, ਤਦ ਤੱਕ (ਮਨੁੱਖ ਦੇ ਜੀਵਨ ਵਿਚ ਕੋਈ) ਬਿਘਨ ਪੈਦਾ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਸਿਰ ਦੇ ਕੇ (ਮਾਇਆ ਦੇ ਬੰਧਨਾਂ ਤੋਂ) ਛੁੱਟ ਸਕੀਦਾ ਹੈ ਅਤੇ ਮਨ ਵਿਚ ਤੇ ਸਰੀਰ ਵਿਚ ਉਹ ਸੱਚਾ ਪ੍ਰਭੂ ਟਿਕਿਆ ਰਹਿੰਦਾ ਹੈ।੪।੧੦।

ਪਦਾਰਥ = ਮੁਈ–ਮਰੀ (ਮੁੱਕੀ) ਹੈ। ਮੁਆ–ਮਰਿਆ ਹੈ। ਸਰੁ–ਸੰਸਾਰ ਸਮੁੰਦਰ। ਲਹਰੀ–(ਕਾਮਾਦਿਕ ਵਿਕਾਰਾਂ ਦੀਆਂ) ਲਹਿਰਾਂ। ਮੈ –ਨਸ਼ੇ ਵਿਚ। ਮਤੁ–ਮਸਤ ਹੈ। ਬੋਹਿਥੁ–ਜਹਾਜ। ਜਲ ਸਿਰਿ–ਪਾਣੀ ਦੇ ਸਿਰ ਉਤੇ। ਤਰਿ–ਤਰ ਕੇ। ਸਾਚਾ ਵਖਰੁ–(ਨਾਮ ਰੂਪ) ਸੱਚਾ ਸੌਦਾ। ਜਿਤੁ–ਜਿਸ (ਜਹਾਜ) ਵਿਚ। ਮਾਣਕੁ–ਲਾਲ ਰੰਗ ਦਾ ਕੀਮਤੀ ਰਤਨ; ਪ੍ਰਭੂ ਦਾ ਨਾਮ। ਮਨ ਮਹਿ–ਮਨ ਵਿਚ। ਮਾਰਸੀ–ਮਰਦਾ (ਵਸ ਵਿਚ ਕਰਦਾ) ਹੈ। ਸਚਿ–ਸੱਚ ਵਿਚ (ਜੁੜੇ ਰਹਿਣ ਕਰਕੇ)। ਕਤੁ–ਚੀਰ; ਤਰੇੜ। ਤਖਤਿ–ਹਿਰਦੇ ਰੂਪ ਤਖਤ ਉਤੇ। ਗੁਣੀ– ਗੁਣਾਂ ਕਰਕੇ। ਭੈ–ਪ੍ਰਭੂ ਦੇ ਡਰ ਦੁਆਰਾ। ਪੰਚਾਇਣ–ਪੰਜ (ਸਤ ਸੰਤੋਖ ਦਇਆ ਧਰਮ ਤੇ ਧੀਰਜ) ਗੁਣਾਂ ਵਿਚ। ਰਤੁ–ਪ੍ਰੀਤੀ ਕਰਦਾ ਹੈ।੧। ਬਾਬਾ–ਹੇ ਭਾਈ!। ਸਾਚਾ ਸਾਹਿਬੁ–ਸੱਚਾ ਪ੍ਰਭੂ। ਦੂਰਿ–(ਅਪਣੇ ਤੋਂ) ਦੂਰ। ਸਰਬ–ਸਾਰੇ ਜੀਵਾਂ ਵਿਚ। ਜੋਤਿ–ਚੇਤਨ ਸੱਤਾ। ਜਗ ਜੀਵਨਾ–ਜਗਤ ਦਾ ਜੀਵਨ ਪ੍ਰਭੂ। ਸਿਰਿ ਸਿਰਿ–ਹਰੇਕ ਜੀਵ ਦੇ ਸਿਰ ਉਤੇ। ਸਾਚਾ–ਅਮਿੱਟ; ਅਟੱਲ। ਲੇਖੁ–ਹੁਕਮ ਰੂਪ ਲਿਖਤ।੧। ਰਹਾਉ। ਸੰਕਰੁ–ਸ਼ਿਵ ਜੀ। ਤਪੈ–ਤਪ ਕਰਨ ਵਾਲੇ ਤਪੀਸਰ। ਭੇਖਾਰੀ–ਮੰਗਤੇ; ਤਿਆਗੀ। ਸੋਹੈ–ਸੋਭਦਾ ਹੈ। ਦਰਿ ਸਾਚੈ–ਸੱਚੇ ਪ੍ਰਭੂ ਦੇ ਦਰ ਤੇ। ਆਕੀ–ਹੁਕਮ ਨਾ ਮੰਨਣ ਵਾਲੇ (ਬਾਗੀ)। ਅਫਾਰੀ–ਆਫਰੇ ਹੋਏ (ਹੰਕਾਰੀ)। ਜੰਗਮ–ਟੱਲੀਆਂ ਵਜਾਣ ਵਾਲੇ ਸ਼ਿਵ ਜੀ ਦੇ ਉਪਾਸ਼ਕ ਜੋਗੀ। ਜੋਧ–ਜੋਧੇ। ਜਤੀ–ਬ੍ਰਹਮਚਾਰਜ ਰੱਖਣ ਵਾਲੇ ਸਾਧੂ। ਗੁਰਿ ਪੂਰੈ–ਪੂਰੇ ਗੁਰੂ ਰਾਹੀਂ। ਵੀਚਾਰੀ–ਵਿਚਾਰਿਆ ਹੈ। ਕਬਹੁ–ਕਦੇ ਵੀ। ਨ ਪਾਵਸਿ–ਪ੍ਰਾਪਤ ਨਹੀਂ ਕਰ ਸਕਦੇ। ਕਰਣੀ–ਕਰਨ ਯੋਗ ਕਰਮ। ਸਾਰੀ–ਸ੍ਰੇਸ਼ਟ।੨। ਨਿਧਨਿਆ–ਧਨ ਹੀਣ ਮਨੁੱਖ ਲਈ। ਨਿੰਮਾਣਿਆ–ਆਦਰ ਹੀਣ ਮਨੁੱਖਾਂ ਦਾ। ਮਾਣੁ–ਆਦਰ। ਅੰਧੁਲੈ–ਅੰਨ੍ਹੇ (ਅਗਿਆਨੀ) ਮਨੁੱਖ ਨੇ। ਨਿਤਾਣਿਆ–ਬਲ ਹੀਣ ਮਨੁੱਖਾਂ ਦਾ। ਤਾਣੁ–ਬਲ। ਹੋਮ–ਹਵਨ। ਜਪਾ–ਮੰਤ੍ਰਾਂ ਦਾ ਜਾਪ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਢੋਈ–ਆਸਰਾ। ਆਵਣ ਜਾਣੁ–ਆਉਣਾ ਜਾਣਾ (ਜੰਮਣਾ ਮਰਨਾ)।੩। ਤੇ–ਤੋਂ। ਤ੍ਰਿਪਤਿ–ਰੱਜ; ਸੰਤੋਖ। ਰਤਨਿ–ਰਤਨ ਨਾਲ। ਮਾਜੀਐ–ਮਾਂਜੀਏ; ਸਾਫ ਕਰੀਏ । ਬਹੁੜਿ–ਮੁੜ ਕੇ। ਜਬ ਲਗੁ–ਜਦ ਤਕ। ਤਬ ਲਗੁ–ਤਦ ਤਕ। ਸਿਰ ਦੇ–ਸਿਰ ਦੇ (ਆਪਣਾ ਆਪ ਭੇਟਾ ਕਰ) ਕੇ। ਛੁਟੀਐ–ਛੁਟ

ਸਕੀਦਾ ਹੈ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਸਾਚਾ ਸੋਇ–ਉਹ ਸੱਚਾ ਪ੍ਰਭੂ।੪।੧੦।

ਸਾਰੰਸ਼ = ਮਾਇਆਂ ਬੜੀ ਪ੍ਰਬਲ ਹੈ, ਇਸ ਕਰਕੇ ਮਨ ਕਾਬੂ ਵਿਚ ਨਹੀਂ ਆਉਂਦਾ, ਪਰ ਜੇ ਮਨ ਵਿਚ ਨਾਮ ਹੋਵੇ, ਤਾਂ ਮਾਇਆ ਬੇ ਅਸਰ ਹੋ ਜਾਂਦੀ ਹੈ ਅਤੇ ਮਨ ਦੇ ਤਖਤ ਉਤੇ ਜੀਵਾਤਮਾ ਮਾਲਕ ਹੋ ਕੇ ਬੈਠਦਾ ਹੈ।ਉਸ ਦੇ ਨਾਲ ਹਰੀ ਦਾ ਭੈ ਅਤੇ ਸਤ ਸੰਤੋਖ ਆਦਿ ਗੁਣ ਮੁਸਾਹਿਬ ਹੋ ਕੇ ਬੈਠਦੇ ਹਨ।ਦੇਵਤਿਆਂ ਅਤੇ ਮਨੁੱਖਾਂ ਵਿਚੋਂ ਵਡਿਆਈ ਉਸ ਨੂੰ ਮਿਲੀ ਹੈ, ਜਿਸ ਨੇ ਹਰੀ ਦੀ ਆਗਿਆ ਵਿਚ ਰਹਿ ਕੇ ਸੇਵਾ ਕੀਤੀ ਹੈ ਅਤੇ ਨਾਮ ਸਿਮਰਿਆ ਹੈ (ਸ਼ਬਦਾਰਥ)।

ਮਾਰੂ ਮਹਲਾ ੧ ॥ ਜੋਗੀ ਜੁਗਤਿ ਨਾਮੁ ਨਿਰਮਾਇਲੁ ,ਤਾ ਕੈ ਮੈਲੁ ਨ ਰਾਤੀ ॥ ਪ੍ਰੀਤਮ ਨਾਥੁ ਸਦਾ ਸਚੁ ਸੰਗੇ, ਜਨਮ ਮਰਣ ਗਤਿ ਬੀਤੀ ॥੧॥ ਗੁਸਾਈ, ਤੇਰਾ ਕਹਾ ਨਾਮੁ ਕੈਸੇ ਜਾਤੀ ॥ ਜਾ ਤਉ ਭੀਤਰਿ ਮਹਲਿ ਬੁਲਾਵਹਿ, ਪੂਛਉ ਬਾਤ ਨਿਰੰਤੀ ॥੧॥ਰਹਾਉ॥ ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ, ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ ਨਾਰਾਇਣੁ , ਤ੍ਰਿਭਵਣ ਏਕਾ ਜੋਤੀ ॥੨॥ ਜਿਹਵਾ ਡੰਡੀ ਇਹੁ ਘਟੁ ਛਾਬਾ, ਤੋਲਉ ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ ਸਿਰਿ, ਵਣਜਾਰੇ ਇਕ ਭਾਤੀ ॥੩॥ ਦੋਵੈ ਸਿਰੇ ਸਤਿਗੁਰੂ ਨਿਬੇੜੇ, ਸੋ ਬੂਝੈ ਜਿਸ ਏਕ ਲਿਵ ਲਾਗੀ, ਜੀਅਹੁ ਰਹੈ ਨਿਭਰਾਤੀ ॥ ਸਬਦੁ ਵਸਾਏ ਭਰਮੁ ਚੁਕਾਏ, ਸਦਾ ਸੇਵਕੁ ਦਿਨੁ ਰਾਤੀ ॥੪॥ ਊਪਰਿ ਗਗਨੁ ਗਗਨ ਪਰਿ ਗੋਰਖੁ ,ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥ ਗੁਰ ਬਚਨੀ ਬਾਹਰਿ ਘਰਿ ਏਕੋ, ਨਾਨਕੁ ਭਇਆ ਉਦਾਸੀ ॥੫॥੧੧॥ (ਪ੍ਰਸ਼ਨ–ਜੋਗੀ ਕੌਣ ਹੈ? ਉਹ ਹੀ ਅਸਲੀ) ਜੋਗੀ ਹੈ, ਜਿਸ ਨੂੰ ਨਿਰਮਲ ਨਾਮ ਜਪਣ ਦੀ ਜੁਗਤੀ ਪ੍ਰਾਪਤ ਹੋਈ ਹੈ, ਉਸ ਦੇ ਮਨ ਵਿਚ ਰੱਤੀ ਭਰ ਵੀ (ਵਿਕਾਰਾਂ ਦੀ) ਮੈਲ ਨਹੀਂ ਲਗਦੀ।(ਜਿਸ ਜੋਗੀ ਨੇ) ਪਿਆਰੇ ਮਾਲਕ ਸੱਚੇ ਪ੍ਰਭੂ ਨੂੰ ਸਦਾ ਅੰਗ ਸੰਗ ਜਾਣਿਆ ਹੈ, (ਉਸ ਦੀ) ਜਨਮ ਮਰਨ ਦੀ ਅਵਸਥਾ ਬੀਤ (ਮੁੱਕ) ਗਈ ਹੈ।੧।ਹੇ ਧਰਤੀ ਦੇ ਮਾਲਕ ਪ੍ਰਭੂ! ਤੇਰਾ ਨਾਮ ਕੀ ਹੈ ਅਤੇ (ਉਹ ਨਾਮ) ਕਿਵੇਂ ਜਾਣਿਆ ਜਾਵੇ? ਜਦੋਂ ਤੂੰ ਮੈਨੂੰ ਅਪਣੇ ਮਹਿਲ ਅੰਦਰ ਬੁਲਾਵੇਂ, ਤਾਂ ਮੈਂ ਤੇਰੇ ਪਾਸੋਂ ਅਭੇਦਤਾ ਵਾਲੀ ਗੱਲ ਪੁੱਛਾਂ।੧।ਰਹਾਉ।(ਬ੍ਰਹਮਣ ਕੌਣ ਹੈ? ਹੇ ਭਾਈ! ਅਸਲੀ) ਬ੍ਰਹਮਣ ਉਹ ਹੈ, (ਜਿਸ ਦਾ ਮਨ) ਬ੍ਰਹਮ ਗਿਆਨ ਦੇ ਜਲ ਵਿਚ ਇਸ਼ਨਾਨ ਕਰਨ ਵਾਲਾ ਹੈ ਅਤੇ ਪੱਤਿਆਂ ਨਾਲ ਠਾਕਰਾਂ ਦੀ ਪੂਜਾ ਕਰਨ ਦੀ ਥਾਂ ਹਰੀ ਦੇ ਗੁਣ ਗਾਉਂਦਾ ਹੈ।(ਜੋ) ਇਕ ਨਾਮ ਨੂੰ ਤੇ ਇਕ ਨਾਰਾਇਣ ਨੂੰ ਸਿਮਰਦਾ ਹੈ ਅਤੇ ਤਿੰਨਾਂ ਲੋਕਾਂ ਵਿਚ ਇਕੋ ਪ੍ਰਭੂ ਦੀ ਜੋਤ ਅਨੁਭਵ ਕਰਦਾ ਹੈ (ਉਹ ਅਸਲੀ ਬ੍ਰਹਮਣ ਹੈ)।੨।(ਹੇ ਭਾਈ! ਮੇਰੀ) ਜੀਭ ਮਾਨੋ ਤੱਕੜੀ ਦੀ ਡੰਡੀ ਹੈ ਅਤੇ ਮੇਰਾ ਹਿਰਦਾ (ਤੱਕੜੀ ਦਾ) ਪੱਲੜਾ ਹੈ, ਮੈਂ (ਇਸ ਉਤੇ ਪ੍ਰਭੂ ਦੇ) ਅਤੋਲ ਨਾਮ ਨੂੰ ਤੋਲਦਾ (ਜਪਦਾ) ਹਾਂ।ਪ੍ਰਭੂ ਦਾ ਦਰ (ਸਤਸੰਗਤ) ਇਕ ਹੱਟੀ ਹੈ, ਸਾਰੇ ਜੀਵਾਂ ਦੇ ਸਿਰ ਉਤੇ ਇਕ ਸੱਚਾ ਸ਼ਾਹ (ਪ੍ਰਭੂ) ਹੈ, {ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ੪੪੨} ਇਕੋ ਭਾਂਤ ਦੇ (ਗੁਰਮੁਖ) ਵਣਜਾਰੇ ਉਥੇ (ਹੱਟੀ ਵਿਚ ਨਾਮ ਦਾ ਸੌਦਾ ਖ਼੍ਰੀਦਣ ਵਾਸਤੇ) ਕੱਠੇ ਹੁੰਦੇ ਹਨ।੩।(ਹੇ ਭਾਈ!) ਸਤਿਗੁਰੂ ਨੇ ਦੋਵੇ ਸਿਰੇ (ਗ੍ਰਿਹਸਤ ਤੇ ਤਿਆਗ ਦੇ ਝਗੜੇ) ਨਿਬੇੜ ਦਿਤੇ ਹਨ, (ਪਰ ਇਸ ਗੱਲ ਨੂੰ) ਉਹ ਮਨੁੱਖ ਸਮਝਦਾ ਹੈ, ਜਿਸ ਦੀ ਇਕ ਪ੍ਰਭੂ ਨਾਲ ਲਿਵ ਲੱਗੀ ਹੋਈ ਹੈ ਅਤੇ ਦਿਲੋਂ ਭਰਮ ਰਹਿਤ ਰਹਿੰਦਾ ਹੈ।(ਉਹ ਗੁਰੂ ਦੇ) ਸ਼ਬਦ ਨੂੰ ਮਨ ਵਿਚ ਵਸਾਉਂਦਾ ਹੈ ਤੇ ਭਰਮ ਨੂੰ ਦੂਰ ਕਰਦਾ ਹੈ ਅਤੇ ਦਿਨ ਰਾਤ (ਪ੍ਰਭੂ ਦਾ) ਸੇਵਕ ਬਣਿਆ ਰਹਿੰਦਾ ਹੈ।੪।ਸਭ ਤੋਂ ਉਪਰ ਦਸਮ ਦੁਆਰ ਹੈ, ਦਸਮ ਦੁਆਰ ਦੇ ਉਪਰ ਗੋਰਖ (ਜੀਵਾਤਮਾ) ਦਾ ਵਾਸਾ ਹੈ, ਫਿਰ ਉਸ ਦਾ ਵਾਸੀ ਅਗਮ ਗੁਰੂ ਪ੍ਰਮਾਤਮਾ ਸੁਭਾਇਮਾਨ ਹੈ।ਗੁਰੂ ਪ੍ਰਮੇਸਰ ਦੇ ਉਪਦੇਸ਼ ਦੁਆਰਾ ਘਰ ਤੇ ਬਾਹਰ (ਗ੍ਰਿਹਸਤ ਤੇ ਤਿਆਗ) ਇਕੋ ਜਿਹੇ ਦਿਸ ਪਏ ਹਨ, ਨਾਨਕ (ਗ੍ਰਿਹਸਤ ਵਿਚ ਰਹਿੰਦਾ ਹੋਇਆ) ਉਦਾਸੀ ਹੋ ਗਿਆ ਹੈ।੫।੧੧।

ਪਦਾਰਥ = ਜੁਗਤਿ–ਤਰੀਕਾ; ਰਹਿਣੀ ਬਹਿਣੀ।ਨਿਰਮਾਇਲ–ਨਿਰਮਲ।ਤਾ ਕੈ–ਉਸ ਦੇ (ਮਨ ਵਿਚ)।ਰਾਤੀ–ਰੱਤੀ ਭਰ ਵੀ।ਨਾਥੁ –ਮਾਲਕ ਪ੍ਰਭੂ।ਪ੍ਰੀਤਮ–ਪਿਆਰਾ।ਸੰਗੇ–ਨਾਲ; ਅੰਗ ਸੰਗ।ਗਤਿ–ਅਵਸਥਾ।ਬੀਤੀ–ਬੀਤ (ਮੁੱਕ) ਗਈ।੧।ਗੁਸਾਈ–ਹੇ ਧਰਤੀ ਦੇ ਮਾਲਕ ਪ੍ਰਭੂ!।ਕਹਾ–ਕੀ ਹੈ।ਜਾਤੀ–ਜਾਣਿਆ ਜਾਂਦਾ ਹੈ।ਜਾ–ਜਦੋਂ।ਤਉ–ਤੂੰ।ਪੂਛਉ–ਮੈਂ ਪੁੱਛਾਂ।ਬਾਤ ਨਿਰੰਤੀ–ਅਭੇਦਤਾ ਵਾਲੀ ਗੱਲ; ਏਕਤਾ ਹੋਣ ਵਾਲੀ ਗੱਲ।੧।ਰਹਾਉ।ਇਸਨਾਨੀ–ਇਸ਼ਨਾਨ ਕਰਨ ਵਾਲਾ।ਪਾਤੀ–ਪੱਤਿਆਂ ਨਾਲ।ਏਕਾ ਜੋਤੀ–ਪ੍ਰਭੂ ਦੀ ਇਕ ਜੋਤ।੨।ਜਿਹਵਾ–ਜੀਭ।ਡੰਡੀ–ਤੱਕੜੀ ਦੀ ਡੰਡੀ।ਘਟ–ਹਿਰਦਾ।ਛਾਬਾ–ਤੱਕੜੀ ਦਾ ਪੱਲੜਾ।ਤੋਲਉ–ਮੈਂ ਤੋਲਦਾ ਹਾਂ।ਅਜਾਚੀ–ਜੋ ਜਾਚਿਆ ਨਾ ਜਾ ਸਕੇ (ਜਿਸਦਾ ਅੰਦਾਜਾ ਨਹੀਂ ਲਗ ਸਕਦਾ); ਜੋ ਤੋਲਿਆ ਨਾ ਜਾ ਸਕੇ (ਅਤੋਲ)।ਹਾਟ–ਹੱਟੀ (ਸਤਸੰਗਤ; ਜਗਤ)।ਸਾਹੁ–ਨਾਮ ਦੀ ਰਾਸ਼ੀ ਦੇਣ ਵਾਲਾ ਸ਼ਾਹ (ਪ੍ਰਭੂ)।ਇਕ ਭਾਤੀ–ਇਕੋ ਕਿਸਮ ਦੇ।ਵਣਜਾਰੇ–ਵਪਾਰੀ।੩।ਦੋਵੈ ਸਿਰੇ–ਜਨਮ ਮਰਨ; ਤਿਆਗ ਤੇ ਗ੍ਰਿਹਸਤ।ਨਿਬੇੜੇ–ਮੁਕਾ ਦਿਤੇ ਹਨ।ਸੋ–ਉਹ (ਮਨੁੱਖ)।ਬੂਝੈ–ਸਮਝਦਾ ਹੈ।ਜੀਅਹੁ–ਦਿਲੋਂ; ਮਨੋਂ।ਨਿਭਰਾਤੀ–

ਭ੍ਰਾਂਤੀ (ਭਰਮ; ਭਟਕਣਾ) ਰਹਿਤ। ਚੁਕਾਏ–ਦੂਰ ਕਰਦਾ ਹੈ।੪। ਗਗਨੁ–ਦਸਮ ਦੁਆਰ (ਪ੍ਰਭੂ ਤਕ ਪੁੱਜੀ ਅਵਸਥਾ ਦਾ ਨਾਮ ਦਸਮ ਦੁਆਰ ਹੈ)। ਗੋਰਖੁ–ਪ੍ਰਮਾਤਮਾ। ਤਾ ਕਾ–ਉਸ ਦਾ। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਪੁਨਿ–ਫਿਰ। ਬਚਨੀ–ਉਪਦੇਸ਼ ਦੁਆਰਾ। ਬਾਹਰਿ–ਘਰ ਤੋਂ ਬਾਹਰ (ਤਿਆਗ ਵਿਚ)। ਘਰਿ–ਘਰ (ਗ੍ਰਿਹਸਥ) ਵਿਚ। ਭਇਆ–ਹੋ ਗਿਆ। ਉਦਾਸੀ–ਤਿਆਗੀ।੫।੧੧।

ਅੰਗ ੯੯੩ = ਰਾਗੁ ਮਾਰੂ ਮਹਲਾ ੧ ਘਰੁ ੫ ੧ੴ ਸਤਿਗੁਰ ਪ੍ਰਸਾਦਿ ॥ ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥ ਪ੍ਰੇਮ ਕੇ ਕਾਨ ਲਗੇ ਤਨ ਭੀਤਰਿ, ਵੈਦੁ ਕਿ ਜਾਣੈ ਕਾਰੀ ਜੀਉ ॥੧॥ ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ, ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ਰਹਾਉ॥ ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥ ਸਹਜ ਸੇਤੀ ਧਨ ਖਰੀ ਸੁਹੇਲੀ, ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥ ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥ ਗੁਰ ਕੈ ਸਬਦਿ ਮਰੈ ਮਨੁ ਮਾਰੇ, ਸੁੰਦਰਿ ਜੋਗਾਧਾਰੀ ਜੀਉ ॥੩॥ ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥ ਅਬ ਕੈ ਕਹਿਐ ਨਾਮੁ ਨ ਮਿਲਈ, ਤੂ ਸਹੁ ਜੀਅੜੇ ਭਾਰੀ ਜੀਉ ॥੪॥ ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ, ਤਾ ਜਮੁ ਕਰੇ ਖੁਆਰੀ ਜੀਉ ॥੫॥ ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ, ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥ (ਪ੍ਰਭੂ ਦਾ ਜਿਹੜਾ ਪ੍ਰੇਮੀ ਗਿਆਨ ਅਵਸਥਾ ਵਿਚ) ਦਿਨ ਰਾਤ ਜਗਦਾ ਹੈ, (ਉਹ ਅਗਿਆਨਤਾ ਦੀ) ਨੀਂਦ ਵਿਚ ਸੌਂਦਾ ਨਹੀਂ। (ਪਰ ਇਸ ਰੀਤੀ ਨੂੰ) ਉਹ ਮਨੁੱਖ ਜਾਣਦਾ ਹੈ, ਜਿਸ ਨੂੰ ਬਿਰਹੋਂ ਦੀ ਪੀੜਾ ਹੁੰਦੀ ਹੈ। ਜਿਸ ਦੇ ਸਰੀਰ ਅੰਦਰ ਪ੍ਰੇਮ ਦੇ ਤੀਰ ਲੱਗੇ ਹੋਣ, (ਸਰੀਰਕ ਰੋਗਾਂ ਦਾ) ਵੈਦ (ਇਸ ਬਿਰਹੋਂ ਦੇ ਦਰਦ ਦਾ) ਇਲਾਜ ਕੀ ਜਾਣ ਸਕਦਾ ਹੈ?।੧। ਜਿਸ ਗੁਰਮੁਖ ਨੂੰ ਸੱਚਾ ਪ੍ਰਭੂ (ਅਪਣੀ) ਸਿਫਤ ਸਲਾਹ ਕਰਨ ਲਗਾ ਦੇਂਦਾ ਹੈ। (ਉਹ) ਕਿਸੇ ਵਿਰਲੇ ਗੁਰਮੁਖ ਨੂੰ (ਸਿਫਤ ਸਲਾਹ ਕਰਨ ਦੀ) ਸੂਝ ਬੂਝ ਬਖਸ਼ਦਾ ਹੈ। ਨਾਮ ਅੰਮ੍ਰਿਤ ਦੀ ਕਦਰ ਉਹ (ਗੁਰਮੁਖ) ਹੀ ਜਾਣਦਾ ਹੈ, ਜਿਹੜਾ ਨਾਮ ਅੰਮ੍ਰਿਤ ਦਾ ਵਪਾਰੀ ਹੁੰਦਾ ਹੈ।੧। ਰਹਾਉ। (ਜਿਵੇਂ) ਇਸਤ੍ਰੀ ਅਪਣੇ ਪਤੀ ਨਾਲ ਪ੍ਰੇਮ ਰਚਾਉਂਦੀ ਹੈ। ਤਿਵੇਂ (ਗੁਰਮੁਖ ਇਸਤ੍ਰੀ) ਗੁਰੂ ਦੇ ਸ਼ਬਦ ਵਿਚ ਅਪਣਾ ਚਿੱਤ ਲਾਉਂਦੀ ਹੈ। ਉਹ ਇਸਤ੍ਰੀ ਪੂਰਨ ਸ਼ਾਂਤੀ ਤੇ ਅਨੰਦ ਨਾਲ ਬਹੁਤ ਸੁਖੀ ਰਹਿੰਦੀ ਹੈ, (ਕਿਉਂਕਿ ਉਸ ਨੇ) ਮਾਇਆ ਦੀ ਤ੍ਰਿਸ਼ਨਾ ਰੂਪ ਪਿਆਸ ਦੂਰ ਕਰ ਦਿਤੀ ਹੁੰਦੀ ਹੈ।੨। (ਉਸ ਗੁਰਮੁਖ ਇਸਤ੍ਰੀ ਨੇ) ਸੰਸੇ ਤੋੜ ਦਿਤੇ ਹਨ ਅਤੇ ਭਰਮ ਦੂਰ ਕਰ ਦਿਤਾ ਹੈ। (ਉਸ ਨੇ) ਸੁਤੇ ਸਿੱਧ ਹੀ ਪ੍ਰਭੂ ਦੇ ਸਿਫਤ ਸਲਾਹ ਦੀ ਕਮਾਣ ਦਾ ਚਿੱਲਾ ਚੜ੍ਹਾਇਆ ਹੈ ਭਾਵ ਕਿਸੇ ਖਾਸ ਜਤਨ ਨਾਲ ਨਹੀਂ, ਸੱਗੋਂ ਸਧਾਰਨ ਬ੍ਰਿਤੀ ਨਾਲ ਜਸ ਕਰਨ ਵਿਚ ਤਿਆਰ ਰਹਿੰਦੀ ਹੈ। (ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਾ ਭਾਵ ਤੋਂ ਮਰ ਜਾਂਦੀ ਹੈ ਤੇ ਮਨ ਨੂੰ ਵੀ (ਮਨ ਦੀਆਂ ਵਾਂਸਨਾਵਾਂ ਨੂੰ) ਮਾਰ ਦੇਂਦੀ, (ਇਸ ਤਰ੍ਹਾਂ ਉਹ) ਸੁੰਦਰ ਇਸਤ੍ਰੀ ਹਰੀ ਦੇ ਮਿਲਾਪ ਦੇ ਆਸਰੇ ਵਾਲੀ ਬਣ ਜਾਂਦੀ ਹੈ।੩। ਹਉਮੈ ਵਿਚ ਸੜਿਆ ਮਨੁੱਖ ਪ੍ਰਭੂ ਨੂੰ ਮਨੋਂ ਭੁਲਾ ਦੇਂਦਾ ਹੈ। (ਉਸ ਨੂੰ) ਜਮਾਂ ਦੀ ਪੁਰੀ ਵਿਚ ਕਰੜੇ ਖੰਡੇ ਦੇ ਵਾਰ ਵਜਦੇ ਹਨ। (ਉਸ ਵੇਲੇ ਉਹ ਮਨੁੱਖ ਕਹਿੰਦਾ ਹੈ ਕਿ ਮੈਨੂੰ ਛਡ ਦਿਓ, ਮੈਂ ਹੁਣ ਨਾਮ ਜਪ ਲੈਂਦਾ ਹਾਂ, ਤਾਂ ਜਮ ਕਹਿੰਦੇ ਹਨ ਕਿ) ਹੁਣ ਦੇ ਕਹਿਣ ਨਾਲ ਨਾਮ ਨਹੀ ਮਿਲਦਾ, (ਇਸ ਲਈ) ਹੇ ਜੀਵ! ਤੂੰ (ਹੁਣ ਕੀਤੇ ਕਰਮਾਂ ਦੀ) ਭਾਰੀ ਸਜਾ ਸਹਿੰਦਾ ਰਹੁ।੪। (ਹੇ ਭਾਈ! ਹੁਣ ਤੂੰ) ਮਾਇਆ ਦੀ ਮਮਤਾ ਦੇ ਖਿਆਲਾਂ ਵਿਚ ਪੈਂਦਾ ਹੈਂ। (ਪਰ ਅੱਗੇ ਜਾ ਕੇ) ਜਮ ਪੁਰੀ ਵਿਚ ਜਮਾਂ ਦੇ ਜਾਲ ਵਿਚ ਫਸੇਂਗਾ। (ਉਸ ਵੇਲੇ) ਤੂੰ ਮੋਹ ਦੇ ਬੰਧਨ ਤੋੜ ਨਹੀਂ ਸਕੇਂਗਾ, ਤਦੋਂ (ਤੈਨੂੰ) ਜਮ ਖੁਆਰ ਕਰੇਗਾ (ਮਾਰ ਕੁੱਟ ਕੇ ਬੇਇੱਜਤ ਕਰੇਗਾ)।੫। (ਜਮਾਂ ਤੋਂ ਬਚਣ ਲਈ ਤੂੰ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਪ੍ਰਭੂ!) ਨਾ ਮੈਂ ਹੁਣ ਕੁਛ ਕਰਨ ਵਾਲਾ ਹਾਂ, ਨਾ ਮੈਂ ਪਹਿਲਾਂ ਲੰਘੇ ਸਮੇਂ ਵਿਚ ਕੁਛ ਕੀਤਾ ਹੈ। ਸਤਿਗੁਰੂ ਨੇ (ਕ੍ਰਿਪਾ ਕਰਕੇ ਮੈਨੂੰ) ਅੰਮ੍ਰਿਤ ਨਾਮ ਦਿਤਾ ਹੈ। ਜਿਸ ਮਨੁੱਖ ਨੂੰ ਤੂੰ (ਗੁਰੂ ਰਾਹੀਂ ਨਾਮ ਅੰਮ੍ਰਿਤ) ਦੇਂਦਾ ਹੈਂ, ਉਸ ਨੂੰ (ਧਰਮ ਕਰਮ ਦਾ ਹੋਰ) ਜਤਨ ਕਰਨ ਕੀ ਲੋੜ ਹੈ?; ਉਸ ਨਾਲ ਕਿਸੇ ਦਾ ਕੀ ਜੋਰ ਚੱਲ ਸਕਦਾ ਹੈ? ਭਾਵ ਨਾਮ ਦੇਣ ਤੋਂ ਕੋਈ ਰੋਕ ਨਹੀਂ ਸਕਦਾ (ਫ.ਸ.; ਸੰ.ਸ. ਇਸ ਲਈ) ਨਾਨਕ ਤੇਰੀ ਸਰਣ ਵਿਚ ਆਇਆ ਹੈ।੬।੧।੧੨।

ਪਦਾਰਥ = ਅਹਿ–ਦਿਨ। ਨਿਸਿ–ਰਾਤ। ਨੀਦ–ਅਗਿਆਨਤਾ ਜਾਂ ਮੋਹ ਮਾਇਆ ਦੀ ਨੀਂਦ। ਨ ਸੋਵੈ–ਨਹੀਂ ਸੌਂਦਾ। ਸੋ–ਉਹ। ਵੇਦਨ–ਬਿਰਹੋਂ ਦੀ ਪੀੜ (ਦਰਦ)। ਕਾਨ–ਤੀਰ। ਕਿ ਜਾਣੈ–ਕੀ ਜਾਣ ਸਕਦਾ ਹੈ? ਕਾਰੀ–ਦਵਾਈ; ਇਲਾਜ। (ਇਸ ਸ਼ਬਦ ਵਿਚ 'ਜੀਉ' ਪਦ ਵਾਕ ਅਲੰਕਾਰ ਵਾਸਤੇ ਵਰਤਿਆ ਹੈ)।੧। ਨੋ–ਨੂੰ। ਸਾਚਾ–ਸੱਚਾ ਪ੍ਰਭੂ। ਸਿਫਤੀ–ਸਿਫਤ ਸਲਾਹ ਕਰਨ ਵਿਚ। ਲਾਏ–ਲਾਉਂਦਾ

ਹੈ।ਗੁਰਮੁਖਿ–ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ।ਸਾਰ–ਕਦਰ।ਸੋਈ–ਉਹ ਹੀ।ਜਿ–ਜਿਹੜਾ।੧।ਰਹਾਉ।ਪਿਰ ਸੇਤੀ–ਪਤੀ ਨਾਲ।ਧਨ–ਇਸਤ੍ਰੀ।ਰਚਾਏ–ਕਰਦੀ ਹੈ।ਸਬਦਿ–ਸ਼ਬਦ ਵਿਚ।ਤਥਾ–ਤਿਵੇਂ।ਸਹਜ ਸੇਤੀ–ਪੂਰਨ ਸ਼ਾਂਤੀ ਤੇ ਅਨੰਦ ਨਾਲ।ਖਰੀ–ਬਹੁਤ।ਸੁਹੇਲੀ–ਸੁਖੀ।ਤਿਖਾ–ਪਿਆਸ।ਨਿਵਾਰੀ–ਦੂਰ ਕਰ ਦਿਤੀ ਹੈ।੨।ਸਹਸਾ–ਸੰਸਾ।ਚੁਕਾਏ–ਦੂਰ ਕਰਦੀ ਹੈ। ਸਹਜੇ–ਸੁਤੇ ਸਿੱਧ।ਸਿਫਤੀ ਧਣਖੁ–ਪ੍ਰਭੂ ਦੀ ਸਿਫਤ ਸਲਾਹ ਦੀ ਕਮਾਣ ਦਾ।ਸੁੰਦਰਿ–ਸੁੰਦਰ ਇਸਤ੍ਰੀ।ਜੋਗਾਧਾਰੀ–ਹਰੀ ਦੇ ਮਿਲਾਪ ਦੇ ਆਸਰੇ ਵਾਲੀ।੩।ਮਨਹੁ–ਮਨ ਤੋਂ।ਵਿਸਾਰੇ–ਭੁਲਾ ਦੇਂਦਾ ਹੈ।ਜਮ ਪੁਰਿ–ਜਮਾਂ ਦਾ ਸ਼ਹਿਰ (ਨਰਕ) ਵਿਚ।ਵਜਹਿ–ਵਜਦੇ ਹਨ। ਕਰਾਰੇ–ਕਰੜੇ; ਸਖਤ।ਅਬ ਕੇ ਕਹਿਐ–ਹੁਣ (ਇਸ ਵੇਲੇ) ਕਹਿਣ ਨਾਲ।ਸਹੁ–ਸਹਿੰਦਾ ਰਹੁ {ਸਹੁ ਵੇ ਜੀਆ ਅਪਣਾ ਕੀਆ ੪੬੭}।ਜੀਅੜੇ–ਹੇ ਜੀਵ!।੪।ਪਵਹਿ–ਤੂੰ ਪੈਂਦਾ ਹੈਂ।ਖਿਆਲੀ–ਖਿਆਲਾਂ ਵਿਚ।ਫਾਸਹਿਗਾ–ਫਸੇਂਗਾ।ਜਮ ਜਾਲੀ–ਜਮਾਂ ਦੇ ਜਾਲ ਵਿਚ।ਹੇਤ ਕੇ–ਮੋਹ ਦੇ।ਤਾ–ਤਦੋਂ।ਖੁਆਰੀ–ਨਿਰਾਦਰੀ।੫।ਹਉ–ਮੈਂ।ਕਰਤਾ–ਕਰਨ ਵਾਲਾ ਹਾਂ।ਕੀਆ–(ਪਿਛਲੇ ਲੰਘੇ ਸਮੇਂ ਵਿਚ) ਕੀਤਾ ਹੈ।ਸਤਿਗੁਰਿ–ਸਤਿਗੁਰੂ ਨੇ।ਦੀਆ–ਦਿਤਾ ਹੈ।ਦੇਹਿ–ਦੇਂਦਾ ਹੈਂ।ਤਿਸੈ–ਉਸ ਨੂੰ।ਚਾਰਾ–ਜਤਨ; ਜੋਰ।੬।੧।੧੨।

ਮਾਰੂ ਮਹਲਾ ੩ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਜਹ ਬੈਸਾਲਹਿ ਤਹ ਬੈਸਾ ਸੁਆਮੀ, ਜਹ ਭੇਜਹਿ ਤਹ ਜਾਵਾ ॥ ਸਭ ਨਗਰੀ ਮਹਿ ਏਕੋ ਰਾਜਾ, ਸਭੇ ਪਵਿਤੁ ਹਹਿ ਥਾਵਾ ॥੧॥ ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥੧॥ਰਹਾਉ ॥ ਬੁਰਾ ਭਲਾ ਕਿਛੁ ਆਪਸ ਤੇ ਜਾਨਿਆ, ਏਈ ਸਗਲ ਵਿਕਾਰਾ ॥ ਇਹੁ ਫੁਰਮਾਇਆ ਖਸਮ ਕਾ ਹੋਆ, ਵਰਤੈ ਇਹੁ ਸੰਸਾਰਾ ॥੨ ॥ ਇੰਦ੍ਰੀ ਧਾਤੁ ਸਬਲ ਕਹੀਅਤ ਹੈ, ਇੰਦ੍ਰੀ ਕਿਸ ਤੇ ਹੋਈ ॥ ਆਪੇ ਖੇਲ ਕਰੈ ਸਭਿ ਕਰਤਾ, ਐਸਾ ਬੂਝੈ ਕੋਈ ॥੩॥ ਗੁਰ ਪਰਸਾਦੀ ਏਕ ਲਿਵ ਲਾਗੀ, ਦੁਬਿਧਾ ਤਦੇ ਬਿਨਾਸੀ ॥ ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ, ਕਾਟੀ ਜਮ ਕੀ ਫਾਸੀ ॥੪॥ ਭਣਤਿ ਨਾਨਕੁ ਲੇਖਾ ਮਾਗੈ ਕਵਨਾ, ਜਾ ਚੂਕੈ ਮਨਿ ਅਭਿਮਾਨਾ ॥ ਤਾਸੁ ਤਾਸੁ ਧਰਮ ਰਾਇ ਜਪਤੁ ਹੈ, ਪਏ ਸਚੇ ਕੀ ਸਰਨਾ ॥੫॥੧॥ ਹੇ ਸੁਆਮੀ! ਮੈਂ ਉਥੇ ਹੀ ਬੈਠਾਂਗਾ, ਜਿੱਥੇ ਤੂੰ ਮੈਨੂੰ ਬਿਠਾਏਂਗਾ ਤੇ ਜਿਥੇ ਤੂੰ ਭੇਜੇਂਗਾ, ਮੈਂ ਉਥੇ ਹੀ ਜਾਵਾਂਗਾ (ਤੇਰੇ ਹੁਕਮ ਵਿਚ ਜੀਵਨ ਗੁਜਾਰਾਂਗਾ। ਕਿਉਂਕਿ) ਸਾਰੀ ਸ੍ਰਿਸਟੀ ਵਿਚ ਇਕੋ ਤੂੰ ਹੀ ਰਾਜਾ ਹੈਂ, (ਤੂੰ ਸਭ ਜਗ੍ਹਾ ਵਸਦਾ ਹੋਣ ਕਰਕੇ ਸ੍ਰਿਸਟੀ ਦੇ) ਸਾਰੇ ਸਥਾਨ ਪਵਿਤ੍ਰ ਹਨ। ੧।ਹੇ ਪ੍ਰਭੂ! ਮੈਨੂੰ ਸੱਚ ਦੇ ਪਿੰਡ (ਸਤਸੰਗਤ ਵਿਚ) ਵਸਾ ਦੇ।ਜਿਸ ਦੇ ਸਦਕੇ ਮੈਂ ਸੁਤੇ ਸਿੱਧ ਹੀ ਪੂਰਨ ਸ਼ਾਂਤੀ ਅਤੇ ਅਨੰਦ ਵਾਲੀ ਅਵਸਥਾ ਵਿਚ ਸਮਾ ਜਾਵਾਂ।੧।ਰਹਾਉ।(ਹੇ ਭਾਈ!) ਜੋ ਕੁਛ ਮਾੜਾ ਕਰਮ ਤੇ ਚੰਗਾ ਕਰਮ ਹੁੰਦਾ ਹੈ, (ਉਹ ਮੈਂ) ਅਪਣੇ ਆਪ ਤੋਂ ਹੁੰਦਾ ਜਾਣਿਆ ਹੈ, ਇਹ (ਅਪਣੱਤ) ਹੀ ਸਾਰੇ ਵਿਕਾਰਾਂ ਦਾ ਮੂਲ ਕਾਰਨ ਹੈ।(ਸਾਧ ਸੰਗਤ ਕਰਨ ਵਾਲਾ ਮਨੁੱਖ ਜਾਣਦਾ ਹੈ ਕਿ) ਇਹ ਜੋ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ, ਇਹ ਵੀ ਮਾਲਕ ਪ੍ਰਭੂ ਦਾ ਹੁਕਮ ਹੀ ਹੋ ਰਿਹਾ ਹੈ।੨।(ਹੇ ਭਾਈ!) ਇੰਦੀਆਂ ਦੀ ਵਿਸ਼ਿਆਂ ਵਿਚ ਦੌੜ ਬਲ ਵਾਲੀ ਕਹੀ ਜਾਂਦੀ ਹੈ, (ਪਰ ਦੱਸੋ) ਇੰਦ੍ਰੀ ਕਿਸ ਤੋਂ ਪੈਦਾ ਹੋਈ ਹੈ? (ਕਿਸ ਦੀ ਸੱਤਾ ਨਾਲ ਦੌੜਦੀ ਹੈ)।ਕਰਤਾਰ ਆਪ ਹੀ ਸਾਰੇ ਖੇਲ ਕਰਦਾ ਹੈ, (ਪਰ) ਇਹੋ ਜਿਹਾ ਵਿਚਾਰ ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ।੩।ਗੁਰੂ ਦੀ ਕ੍ਰਿਪਾ ਨਾਲ (ਜਦੋਂ ਮਨੁੱਖ ਦੀ) ਇਕ ਪ੍ਰਭੂ ਨਾਲ ਲਿਵ ਲਗਦੀ ਹੈ, ਉਦੋਂ ਹੀ ਦੁਬਿਧਾ ਨਾਸ਼ ਹੁੰਦੀ ਹੈ।ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ (ਭਾਣਾ ਉਸ ਮਨੁੱਖ ਨੇ) ਸੱਤ ਕਰਕੇ ਮੰਨਿਆ ਹੈ, (ਜਿਸ ਕਰਕੇ ਉਸ ਮਨੁੱਖ ਦੀ) ਜਮਾਂ ਦੀ ਫਾਹੀ ਕੱਟੀ ਗਈ ਹੈ।੪। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਕ੍ਰਿਪਾ ਨਾਲ) ਜਦ ਮਨੁੱਖ ਦੇ ਮਨ ਵਿਚੋਂ ਹੰਕਾਰ ਦੂਰ ਹੋ ਗਿਆ ਤਾਂ (ਉਸ ਪਾਸੋਂ) ਲੇਖਾ ਕੌਣ ਮੰਗ ਸਕਦਾ ਹੈ? (ਕੋਈ ਨਹੀਂ ਮੰਗਦਾ।ਕਿਉਂਕਿ ਜੋ ਮਨੁੱਖ) ਸੱਚੇ ਪ੍ਰਭੂ ਦੀ ਸ਼ਰਨ ਵਿਚ ਪਏ ਹਨ, (ਉਨ੍ਹਾਂ ਅੱਗੇ) ਧਰਮ ਰਾਜ (ਵੀ ਡਰਦਾ ਹੋਇਆ) ਤ੍ਰਾਹ ਤ੍ਰਾਹ (ਰੱਖਿਆ ਕਰੋ, ਰੱਖਿਆ ਕਰੋ) ਆਖਦਾ ਹੈ।੫।੧।

ਪਦਾਰਥ = ਜਹ–ਜਿੱਥੇ।ਬੈਸਾਲਹਿ–ਬਿਠਾਵੇਂਗਾ।ਤਹ–ਉਥੇ।ਬੈਸਾ–ਬੈਠਾਂਗਾ।ਸੁਆਮੀ–ਹੇ ਮਾਲਕ ਪ੍ਰਭੂ!।ਭੇਜਹਿ–ਭੇਜੇਂਗਾ।ਜਾਵਾ –ਜਾਵਾਂਗਾ।ਸਭ ਨਗਰੀ ਮਹਿ–ਸਾਰੀ ਸ੍ਰਿਸਟੀ ਵਿਚ।ਹਹਿ–ਹਨ।ਥਾਵਾ–ਅਸਥਾਨ।੧।ਬਾਬਾ–ਹੇ ਪ੍ਰਭੂ!।ਦੇਹਿ ਵਸਾ–ਵਸਾ ਦੇ।ਸਚ ਗਾਵਾ–ਸੱਚੇ ਦੇ ਗਾਉਂ (ਪਿੰਡ ਭਾਵ ਸਤਸੰਗਤ) ਵਿਚ।ਜਾ ਤੇ–ਜਿਸ ਦੇ (ਸਦਕੇ)।ਸਹਜੇ–ਸੁਤੇ ਸਿੱਧ ਹੀ।ਸਹਜਿ–ਸ਼ਾਂਤੀ ਅਤੇ ਪੂਰਨ ਅਨੰਦ ਵਾਲੀ ਅਵਸਥਾ ਵਿਚ।ਸਮਾਵਾ–ਸਮਾ ਜਾਵਾਂ।੧।ਰਹਾਉ।ਆਪਸ ਤੇ–ਅਪਣੇ ਆਪ ਤੋਂ।ਏਈ–ਇਹ ਹੀ।ਸਗਲ ਵਿਕਾਰਾ–ਸਾਰੇ ਵਿਕਾਰਾਂ ਦਾ ਮੂਲ ਕਾਰਨ।ਖਸਮ ਕਾ–ਮਾਲਕ ਪ੍ਰਭੂ ਦਾ।ਵਰਤੈ–ਵਰਤ ਰਿਹਾ ਹੈ।ਸੰਸਾਰਾ–ਸੰਸਾਰ ਵਿਚ।੨।ਇੰਦ੍ਰੀ ਧਾਤੁ–ਇੰਦ੍ਰੀਆਂ ਦੀ ਦੌੜ ਭੱਜ।ਸਬਲ–ਬਲ ਵਾਲੀ।ਕਿਸ ਤੇ–ਕਿਸ ਤੋਂ।ਖੇਲ ਸਭਿ–ਸਾਰੇ ਖੇਲ (ਕੌਤਕ)।ਕਰਤਾ–ਕਰਤਾਰ।ਬੂਝੈ–ਸਮਝਦਾ ਹੈ।ਕੋਈ–ਕੋਈ ਵਿਰਲਾ ਮਨੁੱਖ।੩।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਏਕ–ਇਕ ਪ੍ਰਭੂ ਨਾਲ।ਦੁਬਿਧਾ–ਦੁਚਿੱਤਾਪਣ

(ਦੋ ਪ੍ਰਕਾਰ ਦਾ ਭਾਵ)।ਤਦੇ–ਉਦੋਂ ਹੀ।ਬਿਨਾਸੀ–ਨਾਸ਼ ਹੁੰਦੀ ਹੈ।ਤਿਸੁ ਭਾਣਾ–ਉਸ ਪ੍ਰਭੂ ਨੂੰ ਚੰਗਾ ਲਗਦਾ ਹੈ।ਸੋ–ਉਹ।ਸਤਿ ਕਰਿ –ਸੱਤ ਕਰਕੇ।ਮਾਨਿਆ–ਮੰਨਿਆ ਹੈ।ਫਾਸੀ–ਫਾਹੀ।੪।ਭਣਤਿ–ਆਖਦਾ ਹੈ।ਲੇਖਾ–ਮਾੜੇ ਕਰਮਾਂ ਦਾ ਹਿਸਾਬ।ਮਾਗੈ ਕਵਨਾ–ਕੌਣ ਮੰਗ ਸਕਦਾ ਹੈ? ਜਾ–ਜਦੋਂ।ਚੂਕਾ–ਦੂਰ ਹੋ ਗਿਆ।ਮਨਿ–ਮਨ ਵਿਚੋਂ।ਤਾਸੁ ਤਾਸੁ–ਤ੍ਰਾਹ ਤ੍ਰਾਹ (ਰੱਖਿਆ ਕਰੋ, ਬਚਾ ਲਵੋ)।ਜਪਤੁ ਹੈ–ਆਖਦਾ ਹੈ।ਪਏ–ਪਏ ਹਨ।ਸਚੇ ਕੀ–ਸੱਚੇ ਪ੍ਰਭੂ ਦੀ।੫।੧।

ਮਾਰੂ ਮਹਲਾ ੩ ॥ ਆਵਣ ਜਾਣਾ ਨ ਥੀਐ, ਨਿਜ ਘਰਿ ਵਾਸਾ ਹੋਇ ॥ ਸਚੁ ਖਜਾਨਾ ਬਖਸਿਆ, ਆਪੇ ਜਾਣੈ ਸੋਇ ॥੧॥ (ਹੇ ਭਾਈ! ਨਾਮ ਸਿਮਰਨ ਦਾ ਸਦਕਾ ਜਿਸ ਮਨੁੱਖ ਦਾ) ਅਪਣੇ ਆਤਮ ਸਰੂਪ ਵਿਚ ਵਾਸਾ ਹੋ ਜਾਂਦਾ ਹੈ, (ਉਸ ਦਾ) ਜੰਮਣਾ ਮਰਨਾ ਨਹੀਂ ਹੁੰਦਾ।(ਆਤਮ ਸਰੂਪ ਦਾ ਅਨੰਦ ਕੈਸਾ ਹੈ? ਉਤਰ।ਜਿਸ ਮਨੁੱਖ ਨੂੰ ਪ੍ਰਭੂ ਨੇ) ਆਤਮ ਸਰੂਪ ਦਾ ਖਜਾਨਾ ਬਖਸ਼ਿਆ ਹੈ, (ਉਸ ਦੇ ਅਨੰਦ ਨੂੰ) ਉਹ ਆਪ ਹੀ ਜਾਣਦਾ ਹੈ (ਫ.ਸ.; ਸੰ.ਸ.); ਨਾਮ ਦਾ ਸੱਚਾ ਖਜਾਨਾ (ਪ੍ਰਭੂ ਨੇ ਜਿਸ ਮਨੁੱਖ ਨੂੰ) ਬਖਸ਼ਿਆ ਹੈ, ਉਹ ਪ੍ਰਭੂ ਆਪ ਹੀ ਜਾਣਦਾ ਹੈ (ਕਿ ਨਾਮ ਦੀ ਦਾਤ ਪ੍ਰਪਤ ਕਰਨ ਦੇ ਯੋਗ ਕੌਣ ਹੈ?)।੧।

ਅੰਗ ੯੯੪ = ਏ ਮਨ, ਹਰਿ ਜੀਉ ਚੇਤਿ ਤੂ ,ਮਨਹੁ ਤਜਿ ਵਿਕਾਰ ॥ ਗੁਰ ਕੈ ਸਬਦਿ ਧਿਆਇ ਤੂ ,ਸਚਿ ਲਗੀ ਪਿਆਰੁ ॥੧॥ ਰਹਾਉ॥ ਐਥੈ ਨਾਵਹੁ ਭੁਲਿਆ, ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ, ਬਿਸਟਾ ਮਾਹਿ ਸਮਾਇ ॥੨॥ ਵਡਭਾਗੀ ਗੁਰੁ ਪਾਇਆ, ਪੂਰਬਿ ਲਿਖਿਆ ਮਾਇ ॥ ਅਨਦਿਨੁ ਸਚੀ ਭਗਤਿ ਕਰਿ, ਸਚਾ ਲਏ ਮਿਲਾਇ ॥੩॥ ਆਪੇ ਸ੍ਰਿਸਟਿ ਸਭ ਸਾਜੀਅਨੁ ,ਆਪੇ ਨਦਰਿ ਕਰੇਇ ॥ ਨਾਨਕ ਨਾਮਿ ਵਡਿਆਈਆ, ਜੈ ਭਾਵੈ ਤੈ ਦੇਇ ॥੪॥੨॥ ਹੇ ਮਨ! ਤੂੰ ਹਰੀ ਜੀ ਨੂੰ ਯਾਦ ਕਰਿਆ ਕਰ ਅਤੇ ਮਨ ਵਿਚੋਂ ਵਿਕਾਰ ਛਡ ਦੇ।ਗੁਰੂ ਦੇ ਸ਼ਬਦ ਦੁਆਰਾ ਤੂੰ ਪ੍ਰਭੂ ਨੂੰ ਸਿਮਰਿਆ ਕਰ, (ਸਿਮਰਨ ਕਰਨ ਨਾਲ ਤੇਰਾ) ਸੱਚੇ ਪ੍ਰਭੂ ਵਿਚ ਪਿਆਰ ਲਗ ਜਾਵੇਗਾ।੧।ਰਹਾਉ।(ਹੇ ਭਾਈ!) ਇਸ ਲੋਕ ਜਾਂ ਇਸ ਮਨੁੱਖਾ ਜਨਮ ਵਿਚ ਪ੍ਰਭੂ ਦੇ ਨਾਮ ਤੋਂ ਭੁੱਲਿਆਂ ਮੁੜ ਕੇ ਕਿਤੇ ਵੀ ਹੱਥ ਨਹੀਂ ਪੈ ਸਕਦਾ (ਜੇ ਮੌਕਾ ਖੁੰਝ ਜਾਏ, ਤਾਂ ਜੀਵ ਨੂੰ)।ਸਾਰੀਆਂ ਜੋਨੀਆਂ ਵਿਚ ਭੁਆਇਆ ਜਾਂਦਾ ਹੈ ਅਤੇ (ਜੀਵ ਨਰਕ ਦੀ) ਗੰਦਗੀ ਵਿਚ ਪਿਆ ਰਹਿੰਦਾ ਹੈ।੨।ਹੇ ਮਾਂ! (ਜਿਸ ਮਨੁੱਖ ਦੇ) ਮੱਥੇ ਉਤੇ ਪਹਿਲੇ ਜਨਮ ਤੋਂ ਹੀ ਲੇਖ ਲਿਖਿਆ ਹੋਇਆ ਹੈ, ਉਸ ਨੂੰ) ਵੱਡੇ ਭਾਗਾਂ ਨਾਲ ਗੁਰੂ ਪ੍ਰਾਪਤ ਹੁੰਦਾ ਹੈ।(ਹੇ ਭਾਈ!) ਹਰ ਰੋਜ ਪ੍ਰਭੂ ਦੀ ਸੱਚੀ ਭਗਤੀ ਕਰਿਆ ਕਰ, (ਫਿਰ ਤੈਨੂੰ) ਸੱਚਾ ਪ੍ਰਭੂ ਅਪਣੇ ਨਾਲ ਮਿਲਾ ਲਏਗਾ।੩।(ਹੇ ਭਾਈ!) ਸਾਰੀ ਸ੍ਰਿਸਟੀ ਉਸ ਪ੍ਰਭੂ ਨੇ ਆਪ ਹੀ ਪੈਦਾ ਕੀਤੀ ਹੈ ਅਤੇ ਉਹ ਆਪ ਹੀ (ਇਸ ਉਤੇ ਮਿਹਰ ਦੀ) ਨਜਰ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਲੋਕ ਪ੍ਰਲੋਕ ਦੀਆਂ) ਵਡਿਆਈਆਂ ਨਾਮ ਸਿਮਰਨ ਦੁਆਰਾ ਮਿਲਦੀਆਂ ਹਨ, (ਪਰ) ਜਿਹੜਾ ਮਨੁੱਖ ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਨੂੰ ਦੇਂਦਾ ਹੈ।੪।੨।

ਪਦਾਰਥ = ਆਵਣ ਜਾਣਾ–ਜੰਮਣਾ ਮਰਨਾ।ਨ ਥੀਐ–ਨਹੀਂ ਹੁੰਦਾ।ਨਿਜ ਘਰਿ–ਅਪਣੇ ਆਤਮ ਸਰੂਪ (ਪ੍ਰਭੂ ਦੀ ਹਜੂਰੀ) ਵਿਚ। ਆਪੇ–ਆਪ ਹੀ।ਸੋਇ–ਉਹ (ਪ੍ਰਭੂ) ਹੀ)।੧।ਏ ਮਨ–ਹੇ ਮਨ!।ਚੇਤਿ–ਯਾਦ ਕਰ।ਮਨਹੁ–ਮਨ ਵਿਚੋਂ।ਤਜਿ–ਛਡ ਦੇ।ਸਬਦਿ– ਸ਼ਬਦ ਦੁਆਰਾ।ਸਚਿ–ਸੱਚੇ ਪ੍ਰਭੂ ਵਿਚ।ਲਗੀ–ਲਗ ਜਾਏਗਾ।੧।ਰਹਾਉ।ਐਥੈ–ਇਸ ਲੋਕ ਵਿਚ; ਇਸ ਜਨਮ ਵਿਚ।ਨਾਵਹੁ– ਨਾਮ ਤੋਂ।ਭੁਲਿਆ–ਭੁੱਲਿਆਂ; ਖੁੰਝ ਜਾਣ ਤੇ।ਫਿਰਿ–ਮੁੜ ਕੇ।ਕਿਥਾਊ–ਕਿਤੇ ਵੀ।ਨ ਪਾਇ–ਨਹੀਂ ਪੈਂਦਾ।ਭਵਾਈਅਨਿ–ਭੁਆਇਆ (ਫਿਰਾਇਆ) ਜਾਂਦਾ ਹੈ।ਬਿਸਟਾ ਮਾਹਿ–(ਨਰਕ ਦੀ) ਗੰਦਗੀ ਵਿਚ।ਸਮਾਇ–ਪਿਆ ਰਹਿੰਦਾ ਹੈ।੨।ਵਡਭਾਗੀ–ਵੱਡੇ ਭਾਗਾਂ ਨਾਲ। ਪੂਰਬਿ–ਪਹਿਲੇ ਜਨਮ ਤੋਂ।ਮਾਇ–ਹੇ ਮਾਂ।ਅਨਦਿਨ–ਹਰ ਰੋਜ।ਕਰਿ–ਕਰਕੇ (ਦੇ ਕਾਰਨ)।ਸਚਾ–ਸੱਚਾ ਪ੍ਰਭੂ।੩।ਸਾਜੀਅਨੁ–ਉਸ ਨੇ ਸਾਜੀ ਹੈ।ਨਦਰਿ ਕਰੇਇ–ਮੇਹਰ ਦੀ ਨਜਰ ਕਰਦਾ ਹੈ।ਨਾਮਿ–ਨਾਮ ਦੁਆਰਾ।ਜੈ–ਜਿਹੜਾ (ਮਨੁੱਖ)।ਤੈ–ਉਸ ਨੂੰ।੪।੨।

ਮਾਰੂ ਮਹਲਾ ੩ ॥ ਪਿਛਲੇ ਗੁਨਹ ਬਖਸਾਇ ਜੀਉ ,ਅਬ ਤੂ ਮਾਰਗਿ ਪਾਇ ॥ ਹਰਿ ਕੀ ਚਰਣੀ ਲਾਗਿ ਰਹਾ, ਵਿਚਹੁ ਆਪੁ ਗਵਾਇ ॥੧॥ ਮੇਰੇ ਮਨ, ਗੁਰਮੁਖਿ ਨਾਮੁ ਹਰਿ ਧਿਆਇ ॥ ਸਦਾ ਹਰਿ ਚਰਣੀ ਲਾਗਿ ਰਹਾ, ਇਕ ਮਨਿ ਏਕੈ ਭਾਇ ॥੧॥ਰਹਾਉ॥ ਨਾ ਮੈ ਜਾਤਿ ਨ ਪਤਿ ਹੈ, ਨਾ ਮੈ ਥੇਹੁ ਨ ਥਾਉ ॥ ਸਬਦਿ ਭੇਦਿ ਭ੍ਰਮੁ ਕਟਿਆ, ਗੁਰਿ ਨਾਮੁ ਦੀਆ ਸਮਝਾਇ ॥੨॥ ਇਹੁ ਮਨੁ ਲਾਲਚ ਕਰਦਾ ਫਿਰੈ, ਲਾਲਚਿ ਲਾਗਾ ਜਾਇ ॥ ਧੰਧੈ ਕੂੜਿ ਵਿਆਪਿਆ, ਜਮ ਪੁਰਿ ਚੋਟਾ ਖਾਇ ॥੩॥ ਨਾਨਕ ਸਭੁ ਕਿਛੁ ਆਪੇ ਆਪਿ ਹੈ ,ਦੂਜਾ ਨਾਹੀ ਕੋਇ ॥ ਭਗਤਿ ਖਜਾਨਾ ਬਖਸਿਓਨੁ ,ਗੁਰਮੁਖਾ ਸੁਖੁ ਹੋਇ ॥੪॥੩॥ ਹੇ ਜੀਵ! (ਤੂੰ ਪ੍ਰਭੂ ਪਾਸੋਂ ਅਪਣੇ) ਪਿਛਲੇ ਪਾਪ ਬਖਸ਼ਾ ਲੈ, (ਅਤੇ ਇਉਂ ਅਰਦਾਸ ਕਰ ਕਿ ਹੇ ਪ੍ਰਭੂ!) ਹੁਣ ਤੂੰ (ਮੈਨੂੰ ਸਹੀ) ਰਸਤੇ ਪਾ ਦੇ।ਅਤੇ (ਮੇਰੇ ਉਤੇ ਕ੍ਰਿਪਾ ਕਰ ਕਿ) ਮੈਂ

ਮਨ ਵਿਚੋਂ ਆਪਾ ਭਾਵ ਦੂਰ ਕਰਕੇ ਹਰੀ ਦੇ ਚਰਨੀਂ ਲੱਗਾ ਰਹਾਂ।੧।ਹੇ ਮੇਰੇ ਮਨ! ਗੁਰੂ ਦੁਆਰਾ ਤੂੰ ਹਰੀ ਨਾਮ ਸਿਮਰਿਆ ਕਰ। ਅਤੇ (ਇਉਂ ਅਰਦਾਸ ਕਰ ਕਿ) ਹੇ ਹਰੀ! ਮੈਂ ਇਕ ਮਨ ਹੋ ਕੇ (ਇਗਾਗ੍ਰਤਾ ਨਾਲ) ਇਕ ਭਾਵਨਾ ਨਾਲ ਸਦਾ ਤੇਰੇ ਚਰਨੀਂ ਲੱਗਾ ਰਹਾਂ।੧।ਰਹਾਉ।(ਹੇ ਪ੍ਰਭੂ!) ਨਾ ਮੇਰੀ ਉਚੀ ਜਾਤ ਹੈ, ਨਾ ਹੀ ਮੇਰੀ (ਲੋਕਾਂ ਵਿਚ ਕੋਈ) ਇੱਜਤ ਹੈ ਅਤੇ ਨਾ ਹੀ ਮੇਰਾ ਕੋਈ ਥਾਂ ਟਿਕਾਣਾ ਹੈ।ਗੁਰੂ ਨੇ (ਜਿਸ ਮਨੁੱਖ ਦੇ ਮਨ ਨੂੰ ਅਪਣੇ) ਸ਼ਬਦ ਨਾਲ ਵਿੰਨ੍ਹ ਕੇ (ਉਸ ਦਾ) ਭਰਮ ਕੱਟ ਦਿਤਾ ਹੈ, (ਉਸ ਨੂੰ ਜੀਵਨ ਦੀ ਉਚੀ) ਸਮਝ ਬਖਸ਼ ਕੇ ਨਾਮ ਬਖਸ਼ ਦਿਤਾ ਹੈ।੨।(ਹੇ ਭਾਈ! ਨਾਮ ਹੀਣ ਮਨੁੱਖ ਦਾ) ਇਹ ਮਨ (ਪਦਾਰਥਾਂ ਦਾ) ਲਾਲਚ ਕਰਦਾ ਫਿਰਦਾ ਹੈ ਅਤੇ ਲਾਲਚ ਵਿਚ ਲੱਗਿਆ ਹੀ (ਅੱਗੇ ਪ੍ਰਲੋਕ ਨੂੰ) ਜਾਂਦਾ ਹੈ।ਝੂਠੇ ਧੰਧਿਆਂ ਵਿਚ ਫਸਿਆ ਹੋਣ ਕਰਕੇ ਜਮ ਪੁਰੀ ਵਿਚ ਚੋਟਾਂ ਖਾਂਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਜੀਵਾਂ ਦੇ ਵਸ ਵਿਚ ਕੁਛ ਨਹੀਂ, ਕਰਨ ਕਰਾਉਣ ਵਾਲਾ) ਸਭ ਕੁਛ ਪ੍ਰਭੂ ਆਪ ਹੀ ਆਪ ਹੈ, (ਉਸ ਤੋਂ ਬਿਨਾ) ਦੂਜਾ ਹੋਰ ਕੋਈ ਨਹੀਂ।(ਉਨ੍ਹਾਂ) ਗੁਰਮੁਖਾਂ ਨੂੰ ਸੁਖ ਪ੍ਰਾਪਤ ਹੁੰਦਾ ਹੈ, (ਜਿਨ੍ਹਾਂ ਨੂੰ ਪ੍ਰਭੂ ਨੇ) ਭਗਤੀ ਦਾ ਖਜਾਨਾ ਬਖਸ਼ਿਆ ਹੈ।੪।੩।

ਪਦਾਰਥ = ਗੁਨਹ-ਗੁਨਾਹ; ਪਾਪ।ਬਖਸਾਇ-ਬਖਸ਼ਾ ਲੈ।ਜੀਉ-ਹੇ ਜੀਵ!।ਅਬ-ਹੁਣ।ਮਾਰਗਿ-(ਸਹੀ) ਰਸਤੇ ਤੇ।ਪਾਇ-ਪਾ ਦੇ।ਲਾਗਿ ਰਹਾ-ਮੈ ਲੱਗਾ ਰਹਾਂ।ਵਿਚਹੁ-ਮਨ ਵਿਚੋਂ।ਆਪੁ-ਆਪਾ ਭਾਵ (ਹੰਕਾਰ)।ਗਵਾਇ-ਦੂਰ ਕਰਕੇ।੧।ਮਨ-ਹੇ ਮੇਰੇ ਮਨ!। ਗੁਰਮੁਖਿ-ਗੁਰੂ ਦੁਆਰਾ।ਇਕ ਮਨਿ-ਇਕਾਗਰ ਮਨ ਨਾਲ।ਏਕੈ ਭਾਇ-ਇਕ ਭਾਵਨਾ (ਖਿਆਲ) ਨਾਲ (ਮ.ਕੋ.)।੧।ਰਹਾਉ।ਮੈ-ਮੇਰੀ।ਪਤਿ-ਇੱਜਤ।ਥੇਹੁ ਥਾਉ-ਥਾਂ ਟਿਕਾਣਾ; ਘਰ ਘਾਟ।ਸ਼ਬਦਿ-ਸ਼ਬਦ ਨਾਲ।ਭੇਦਿ-ਵਿੰਨ੍ਹ ਕੇ।ਗੁਰਿ-ਗੁਰੂ ਨੇ।ਸਮਝਾਇ-(ਜੀਵਨ ਦੀ ਉਚੀ) ਸਮਝ ਬਖਸ਼ ਕੇ।੨।ਲਾਲਚਿ-ਲਾਲਚ ਵਿਚ।ਲਾਗਾ ਜਾਇ-ਲੱਗਿਆ (ਪ੍ਰਲੋਕ ਨੂੰ) ਜਾਂਦਾ ਹੈ (ਟਕਸਾਲ)।ਧੰਧੈ ਕੂੜਿ-ਝੂਠੇ ਧੰਧੇ ਵਿਚ।ਵਿਆਪਿਆ-ਫਸਿਆ ਹੋਇਆ ਹੈ।ਜਮ ਪੁਰਿ-ਜਮ ਪੁਰੀ (ਨਰਕ) ਵਿਚ।੩।ਬਖਸਿਓਨੁ-ਉਸ ਨੇ ਬਖਸ਼ਿਆ ਹੈ।ਗੁਰਮੁਖਾ-ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਨੂੰ।੪।੩।

ਮਾਰੂ ਮਹਲਾ ੩ ॥ ਸਚਿ ਰਤੇ ਸੇ ਟੋਲਿ ਲਹੁ ,ਸੇ ਵਿਰਲੇ ਸੰਸਾਰਿ ॥ ਤਿਨ ਮਿਲਿਆ ਮੁਖੁ ਉਜਲਾ, ਜਪਿ ਨਾਮੁ ਮੁਰਾਰਿ ॥੧॥ ਬਾਬਾ ,ਸਾਚਾ ਸਾਹਿਬੁ ਰਿਦੈ ਸਮਾਲਿ ॥ ਸਤਿਗੁਰੁ ਅਪਨਾ ਪੁਛਿ ਦੇਖੁ ,ਲੇਹੁ ਵਖਰੁ ਭਾਲਿ ॥੧॥ਰਹਾਉ॥ ਇਕੁ ਸਚਾ ਸਭ ਸੇਵਦੀ, ਧੁਰਿ ਭਾਗਿ ਮਿਲਾਵਾ ਹੋਇ ॥ ਗੁਰਮੁਖਿ ਮਿਲੇ ਸੇ ਨ ਵਿਛੁੜਹਿ, ਪਾਵਹਿ ਸਚੁ ਸੋਇ ॥੨॥ ਇਕਿ ਭਗਤੀ ਸਾਰ ਨ ਜਾਣਨੀ, ਮਨਮੁਖ ਭਰਮਿ ਭੁਲਾਇ ॥ ਓਨਾ ਵਿਚਿ ਆਪਿ ਵਰਤਦਾ, ਕਰਣਾ ਕਿਛੂ ਨ ਜਾਇ ॥੩॥ ਜਿਸੁ ਨਾਲਿ ਜੋਰੁ ਨ ਚਲਈ, ਖਲੇ ਕੀਚੈ ਅਰਦਾਸਿ ॥ ਨਾਨਕ ਗੁਰਮੁਖਿ ਨਾਮੁ ਮਨਿ ਵਸੈ, ਤਾ ਸੁਣਿ ਕਰੇ ਸਾਬਾਸਿ ॥੪॥੪॥ (ਹੇ ਭਾਈ! ਜਿਹੜੇ ਪੁਰਖ) ਸੱਚੇ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, ਉਹ ਟੋਲ ਕੇ ਲੱਭ ਲਵੋ, (ਪਰ) ਉਹ ਸੰਸਾਰ ਵਿਚ ਵਿਰਲੇ ਪੁਰਖ ਹਨ।ਉਨ੍ਹਾਂ ਦੇ ਮਿਲਿਆਂ ਪ੍ਰਮਾਤਮਾ ਦਾ ਨਾਮ ਜਪ ਕੇ (ਲੋਕ ਪ੍ਰਲੋਕ ਵਿਚ) ਮੂੰਹ ਉਜਲਾ ਹੁੰਦਾ ਹੈ।੧।ਹੇ ਭਾਈ! ਸੱਚੇ ਮਾਲਕ ਪ੍ਰਭੂ ਨੂੰ ਹਿਰਦੇ ਵਿਚ ਯਾਦ ਕਰ (ਜੀਵਨ ਦਾ ਇਹੀ ਅਸਲੀ ਮਨੋਰਥ ਹੈ।ਇਸ ਬਾਰੇ) ਅਪਣੇ ਸਤਿਗੁਰੂ ਨੂੰ ਪੁਛ ਕੇ ਦੇਖ, (ਗੁਰੂ ਪਾਸੋਂ ਨਾਮ ਦਾ) ਸੌਦਾ ਲੱਭ ਲੈ।੧।ਰਹਾਉ।ਇਕ ਸੱਚੇ ਪ੍ਰਭੂ ਨੂੰ ਸਾਰੀ ਦੁਨੀਆਂ ਸਿਮਰਦੀ ਹੈ, (ਪਰ ਉਸ ਦਾ) ਮਿਲਾਪ ਧੁਰ ਤੋਂ ਲਿਖੇ ਚੰਗੇ ਭਾਗਾਂ ਨਾਲ ਹੀ ਹੁੰਦਾ ਹੈ।(ਜਿਹੜੇ ਮਨੁੱਖ) ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਨੂੰ ਮਿਲੇ ਹਨ, ਉਹ ਸੱਚੇ ਪ੍ਰਭੂ ਨੂੰ ਪਾ ਲੈਂਦੇ ਹਨ ਅਤੇ ਉਹ (ਪ੍ਰਭੂ ਨਾਲੋਂ ਕਦੇ) ਵਿਛੜਦੇ ਨਹੀਂ।੨।(ਹੇ ਭਾਈ!) ਕਈ ਮਨਮੁਖ ਬੰਦੇ ਭਰਮ ਵਿਚ ਭੁੱਲੇ ਹੋਏ ਭਗਤੀ ਦੀ ਕਦਰ ਨਹੀਂ ਜਾਣਦੇ।ਉਨ੍ਹਾਂ ਵਿਚ ਵੀ ਪ੍ਰਭੂ ਆਪ ਹੀ ਵਰਤ ਰਿਹਾ ਹੈ, (ਉਨ੍ਹਾਂ ਨੂੰ ਭੁਲਾਈ ਰਖਦਾ ਹੈ, ਸੋ ਉਸ ਦੇ ਉਲਟ) ਕੁਛ ਕੀਤਾ ਨਹੀਂ ਜਾ ਸਕਦਾ (ਦਰਪਣ; ਨਿਰਣੈ); ਉਨ੍ਹਾਂ ਵਿਚ ਆਪਾ ਭਾਵ ਵਰਤਦਾ ਹੈ (ਇਸ ਲਈ ਉਨ੍ਹਾਂ ਪਾਸੋਂ) ਕੁਛ ਚੰਗਾ ਕਰਮ ਕੀਤਾ ਨਹੀਂ ਜਾਂਦਾ (ਸੰ.ਸ.; ਫ.ਸ.; ਇੰਗਲਿਸ਼ ਟੀਕਾ)।੩।(ਹੇ ਭਾਈ!) ਜਿਸ ਪ੍ਰਮਾਤਮਾ ਨਾਲ (ਕਿਸੇ ਜੀਵ ਦਾ) ਜੋਰ ਨਹੀਂ ਚਲ ਸਕਦਾ (ਕੋਈ ਪੇਸ਼ ਨਹੀਂ ਚਲਦੀ, ਉਸ ਦੇ ਅੱਗੇ) ਖੜ੍ਹੇ ਹੋ ਕੇ ਅਰਦਾਸ ਕਰਨੀ ਚਾਹੀਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਗੁਰੂ ਦੁਆਰਾ ਪ੍ਰਭੂ ਦਾ ਨਾਮ ਮਨ ਵਿਚ ਵਸ ਜਾਵੇ, ਤਾਂ (ਪ੍ਰਭੂ ਅਰਦਾਸ) ਸੁਣ ਕੇ ਸ਼ਾਬਾਸ਼ ਕਰਦਾ (ਅਸੀਸ ਦੇਂਦਾ; ਖੁਸ਼ ਕਰ ਦੇਂਦਾ) ਹੈ।੪।੪।

ਪਦਾਰਥ = ਸਚਿ-ਸੱਚੇ ਪ੍ਰਭੂ ਦੇ ਨਾਮ ਵਿਚ।ਰਤੇ-ਰੰਗੇ ਹੋਏ ਹਨ।ਸੇ-ਉਹ; ਉਨ੍ਹਾਂ ਦੀ।ਟੋਲਿ ਲਹੁ-ਖੋਜ ਲਵੋ।ਸੰਸਾਰਿ-ਸੰਸਾਰ ਵਿਚ।ਤਿਨ ਮਿਲਿਆ-ਉਨ੍ਹਾਂ ਦੇ ਮਿਲਿਆਂ।ਜਪਿ-ਜਪ ਕੇ।ਮੁਰਾਰਿ-ਹੰਕਾਰ ਰੂਪ ਵੈਰੀ ਨੂੰ ਨਾਸ਼ ਕਰਨ ਵਾਲਾ ਪ੍ਰਭੂ।੧।ਬਾਬਾ-ਹੇ ਭਾਈ!।ਸਾਚਾ ਸਾਹਿਬੁ-ਸੱਚੇ ਮਾਲਕ ਪ੍ਰਭੂ ਨੂੰ।ਰਿਦੈ-ਹਿਰਦੇ ਵਿਚ।ਸਮਾਲਿ-ਯਾਦ ਕਰ।ਪੁਛਿ-ਪੁੱਛ ਕੇ।ਵਖਰੁ-ਨਾਮ ਦਾ ਸੌਦਾ।

ਲੇਹੁ ਭਾਲਿ–ਲੱਭ ਲੈ।੧।ਰਹਾਉ।ਇਕੁ ਸਚਾ–ਇਕ ਸੱਚੇ ਪ੍ਰਭੂ ਨੂੰ।ਸਭ–ਸਾਰੀ ਦੁਨੀਆਂ।ਸੇਵਦੀ–ਸਿਮਰਦੀ ਹੈ।ਧੁਰਿ ਭਾਗਿ–ਧੁਰ ਤੋਂ ਲਿਖੇ ਭਾਗਾਂ ਨਾਲ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਪਾਵਹਿ–ਪਾ ਲੈਂਦੇ ਹਨ।ਸੋਇ–ਉਹ (ਮਨੁੱਖ)।੨।ਇਕਿ–ਕਈ ਮਨੁੱਖ।ਸਾਰ–ਕਦਰ।ਨ ਜਾਣਨੀ–ਨਹੀਂ ਜਾਣਦੇ।ਭਰਮਿ ਭੁਲਾਇ–ਭਰਮ ਵਿਚ ਭੁੱਲੇ ਹੋਏ।੩।ਨ ਚਲਈ–ਨਹੀਂ ਚਲਦਾ (ਪੇਸ਼ ਨਹੀਂ ਚਲਦੀ)।ਖਲੇ–ਖੜੇ ਹੋ ਕੇ।ਕੀਚੈ–ਕਰਨੀ ਚਾਹੀਦੀ ਹੈ।ਮਨਿ–ਮਨ ਵਿਚ।ਤਾ–ਤਾਂ।ਕਰੇ ਸਾਬਾਸਿ–ਖੁਸ਼ ਕਰ ਦੇਂਦਾ ਹੈ।੪।੪।

ਮਾਰੂ ਮਹਲਾ ੩ ॥ ਮਾਰੂ ਤੇ ਸੀਤਲੁ ਕਰੇ, ਮਨੂਰਹੁ ਕੰਚਨੁ ਹੋਇ ॥ ਸੋ ਸਾਚਾ ਸਾਲਾਹੀਐ, ਤਿਸੁ ਜੇਵਡੁ ਅਵਰੁ ਨ ਕੋਇ ॥੧॥ ਮੇਰੇ ਮਨ, ਅਨਦਿਨੁ ਧਿਆਇ ਹਰਿ ਨਾਉ ॥ ਸਤਿਗੁਰ ਕੈ ਬਚਨਿ ਅਰਾਧਿ ਤੂ ,ਅਨਦਿਨੁ ਗੁਣ ਗਾਉ ॥੧॥ਰਹਾਉ॥ ਗੁਰਮੁਖਿ ਏਕੋ ਜਾਣੀਐ, ਜਾ ਸਤਿਗੁਰੁ ਦੇਇ ਬੁਝਾਇ ॥ ਸੋ ਸਤਿਗੁਰੁ ਸਾਲਾਹੀਐ, ਜਿਦੂ ਏਹ ਸੋਝੀ ਪਾਇ ॥੨॥ ਸਤਿਗੁਰੁ ਛੋਡਿ ਦੂਜੈ ਲਗੇ, ਕਿਆ ਕਰਨਿ ਅਗੈ ਜਾਇ ॥ ਜਮ ਪੁਰਿ ਬਧੇ ਮਾਰੀਅਹਿ, ਬਹੁਤੀ ਮਿਲੈ ਸਜਾਇ ॥੩॥ ਮੇਰਾ ਪ੍ਰਭੁ ਵੇਪਰਵਾਹੁ ਹੈ, ਨਾ ਤਿਸੁ ਤਿਲੁ ਨ ਤਮਾਇ ॥ ਨਾਨਕ ਤਿਸੁ ਸਰਣਾਈ ਭਜਿ ਪਉ ,ਆਪੇ ਬਖਸਿ ਮਿਲਾਇ ॥੪॥੫॥ (ਹੇ ਭਾਈ!) ਰੇਤ ਵਾਂਗ ਤਪਦੇ ਹਿਰਦੇ ਨੂੰ (ਪ੍ਰਭੂ ਦਾ ਨਾਮ) ਠੰਢਾ (ਸ਼ਾਂਤ) ਕਰ ਦੇਂਦਾ ਹੈ ਅਤੇ ਨਿਕੰਮੇ ਲੋਹੇ ਤੋਂ ਸੋਨਾ ਹੋ ਜਾਂਦਾ ਹੈ (ਨਾਮ ਸਿਮਰਨ ਕਰਕੇ ਮਨੁੱਖ ਮਾੜੀ ਹਾਲਤ ਤੋਂ ਮੁੜ ਚੰਗਾ ਹੋ ਜਾਂਦਾ ਹੈ)।ਉਸ ਸੱਚੇ ਮਾਲਕ ਪ੍ਰਭੂ ਨੂੰ ਸਦਾ ਸਲਾਹੁਣਾ ਚਾਹੀਦਾ ਹੈ, (ਕਿਉਂਕਿ) ਉਸ ਪ੍ਰਭੂ ਜਿਤਨਾ ਵੱਡਾ ਹੋਰ ਨਹੀਂ ਹੈ।੧।ਹੇ ਮੇਰੇ ਮਨ! ਹਰ ਰੋਜ ਹਰੀ ਦਾ ਨਾਮ ਸਿਮਰਿਆ ਕਰ।ਸਤਿਗੁਰੂ ਦੇ ਬਚਨਾਂ ਦੁਆਰਾ ਤੂੰ ਹਰੀ ਦਾ ਨਾਮ ਸਿਮਰ ਕੇ ਹਰ ਰੋਜ (ਉਸ ਦੇ) ਗੁਣ ਗਾਉਂਦਾ ਰਹੁ।੧।ਰਹਾਉ।(ਹੇ ਮਨ!) ਜਦੋਂ ਸਤਿਗੁਰੂ ਸੂਝ ਬੂਝ ਬਖਸ਼ ਦੇਂਦਾ ਹੈ, (ਉਦੋਂ ਹੀ) ਗੁਰੂ ਦੁਆਰਾ ਇਕ ਪ੍ਰਭੂ ਨੂੰ ਜਾਣੀਦਾ ਹੈ।ਉਸ ਸਤਿਗੁਰੂ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਤੋਂ ਇਹ (ਮਨੁੱਖੀ ਮਨ) ਸੋਝੀ ਪ੍ਰਾਪਤ ਕਰਦਾ ਹੈ।੨।(ਹੇ ਭਾਈ! ਜਿਹੜੇ ਮਨੁੱਖ) ਸਤਿਗੁਰੂ ਨੂੰ ਛਡ ਕੇ ਦੂਜੇ (ਕਿਸੇ ਪਾਸੇ ਜਾਂ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਿਚ) ਲੱਗੇ ਹੋਏ ਹਨ, ਉਹ ਅੱਗੇ ਪ੍ਰਲੋਕ ਵਿਚ ਜਾ ਕੇ ਕੀ ਕਰਨਗੇ? (ਉਹ) ਬੰਨ੍ਹੇ ਹੋਏ ਜਮ ਪੁਰੀ ਵਿਚ ਮਾਰੇ ਜਾਂਦੇ ਹਨ, (ਉਥੇ ਉਨ੍ਹਾਂ ਨੂੰ) ਬਹੁਤ ਸਜਾ ਮਿਲਦੀ ਹੈ (ਟੇਢੀਆਂ ਜੋਨੀਆਂ ਵਿਚ ਪਾਏ ਜਾਂਦੇ ਹਨ)।੩।ਮੇਰਾ ਪ੍ਰਭੂ ਬੇਪ੍ਰਵਾਹ ਹੈ, ਉਸ ਨੂੰ ਤਿਲ ਮਾਤ੍ਰ ਵੀ (ਕਿਸੇ ਚੀਜ ਦਾ) ਲਾਲਚ ਨਹੀਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਮੇਰੇ ਮਨ!) ਦੌੜ ਕੇ ਉਸ ਪ੍ਰਭੂ ਦੀ ਸ਼ਰਣ ਵਿਚ ਜਾ ਪਉ ,(ਉਹ ਤੇਰੇ ਪਿਛਲੇ ਗੁਨਾਹ) ਬਖਸ਼ ਕੇ ਆਪੇ (ਤੈਨੂੰ ਅਪਣੇ ਨਾਲ) ਮਿਲਾ ਲਵੇਗਾ।੪।੫।

ਪਦਾਰਥ = ਮਾਰੂ–ਤਪਦੀ ਰੇਤ (ਮਾਰੂ ਥਲ; ਤ੍ਰਿਸ਼ਨਾ ਨਾਲ ਤਪਦਾ ਹਿਰਦਾ)।ਤੇ–ਤੋਂ (ਨੂੰ)।ਸੀਤਲੁ–ਠੰਢਾ (ਸ਼ਾਂਤ)।ਮਨੂਰਹੁ–ਨਿਕੰਮੇ ਸੜੇ ਲੋਹੇ ਤੋਂ।ਕੰਚਨੁ–ਸੋਨਾ।ਸੋ–ਉਹ; ਉਸ।ਸਾਚਾ–ਸੱਚਾ ਪ੍ਰਭੂ।ਸਾਲਾਹੀਐ–ਸਲਾਹੁਣਾ ਚਾਹੀਦਾ ਹੈ।ਤਿਸੁ ਜੇਵਡੁ–ਉਸ ਪ੍ਰਭੂ ਜਿਤਨਾ ਵੱਡਾ।ਅਵਰੁ ਕੋਇ–ਹੋਰ ਕੋਈ।੧।ਮਨ–ਹੇ ਮਨ!।ਅਨਦਿਨੁ–ਹਰ ਰੋਜ।ਕੈ ਬਚਨਿ–ਦੇ ਬਚਨਾਂ ਦੁਆਰਾ।ਅਰਾਧਿ ਤੂ–ਤੂੰ ਸਿਮਰ ਕੇ।ਗਾਉ–ਗਾਉਂਦਾ ਰਹੁ।੧।ਰਹਾਉ।ਗੁਰਮੁਖਿ–ਗੁਰੂ ਦੁਆਰਾ।ਏਕੋ ਜਾਣੀਐ–ਇਕ ਪ੍ਰਭੂ ਨੂੰ ਜਾਣੀਦਾ ਹੈ।ਜਾ–ਜਦੋਂ।ਦੇਇ ਬੁਝਾਇ–ਸੂਝ ਬੂਝ ਬਖਸ਼ ਦੇਂਦਾ ਹੈ।ਜਿਦੂ–ਜਿਸ (ਗੁਰੂ) ਤੋਂ।ਪਾਇ–ਪ੍ਰਾਪਤ ਕਰਦਾ ਹੈ।੨।ਦੂਜੈ–ਕਿਸੇ ਹੋਰ ਪਾਸੇ; ਦੇਵੀ ਦੇਵਤਿਆਂ ਦੀ ਪੂਜਾ ਵਿਚ।ਕਿਆ ਕਰਨਿ–ਕੀ ਕਰਨਗੇ? ਅਗੈ–ਅੱਗੇ ਪ੍ਰਲੋਕ ਵਿਚ।ਜਮ ਪੁਰਿ–ਜਮਰਾਜ ਦੇ ਦਰਬਾਰ ਵਿਚ।ਬਧੇ ਮਾਰੀਅਹਿ–ਬੰਨ੍ਹੇ ਹੋਏ ਮਾਰੇ ਜਾਂਦੇ ਹਨ; ਮਾਰ ਖਾਂਦੇ ਹਨ।੩।ਤਿਲੁ–ਤਿਲ ਜਿਤਨਾ ਵੀ।ਤਮਾਇ–ਲਾਲਚ; ਇੱਛਾ।ਭਜਿ ਪਉ–ਦੌੜ ਕੇ (ਛੇਤੀ) ਜਾ ਪਉ।ਬਖਸਿ–(ਗੁਨਾਹ) ਮਾਫ ਕਰਕੇ; ਬਖਸ਼ਿਸ਼ ਕਰਕੇ।੪।੫।

ਅੰਗ ੯੯੫ = ਮਾਰੂ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਜਪਿਓ ਨਾਮੁ ਸੁਕ ਜਨਕ ਗੁਰ ਬਚਨੀ, ਹਰਿ ਹਰਿ ਸਰਣਿ ਪਰੇ ॥ ਦਾਲਦੁ ਭੰਜਿ ਸੁਦਾਮੇ ਮਿਲਿਓ, ਭਗਤੀ ਭਾਇ ਤਰੇ ॥ ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ,ਗੁਰਮੁਖਿ ਕ੍ਰਿਪਾ ਕਰੇ ॥੧॥ ਮੇਰੇ ਮਨ, ਨਾਮੁ ਜਪਤ ਉਧਰੇ ॥ ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ,ਗੁਰਮੁਖਿ ਨਾਮਿ ਤਰੇ ॥੧॥ਰਹਾਉ॥ ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ,ਭਗਤ ਜਨਾ ਉਧਰੇ ॥ ਨਾਮਾ ਜੈ ਦੇਉ ਕਬੀਰੁ ਤ੍ਰਿਲੋਚਨੁ ,ਸਭਿ ਦੋਖ ਗਏ ਚਮਰੇ ॥ ਗੁਰਮੁਖਿ ਨਾਮਿ ਲਗੇ ਸੇ ਉਧਰੇ, ਸਭਿ ਕਿਲਬਿਖ ਪਾਪ ਟਰੇ ॥੨॥ ਜੋ ਜੋ ਨਾਮੁ ਜਪੈ ਅਪਰਾਧੀ, ਸਭਿ ਤਿਨ ਕੇ ਦੋਖ ਪਰਹਰੇ ॥ ਬੇਸੁਆ ਰਵਤ ਅਜਾਮਲੁ ਉਧਰਿਓ, ਮੁਖਿ ਬੋਲੈ ਨਾਰਾਇਣੁ ਨਰਹਰੇ ॥ ਨਾਮੁ ਜਪਤ ਉਗ੍ਰਸੈਣਿ ਗਤਿ ਪਾਈ, ਤੋੜਿ ਬੰਧਨ ਮੁਕਤਿ ਕਰੇ ॥੩॥ ਜਨ ਕਉ ਆਪਿ ਅਨੁਗ੍ਰਹੁ ਕੀਆ, ਹਰਿ ਅੰਗੀਕਾਰੁ ਕਰੇ ॥ ਸੇਵਕ ਪੈਜ ਰਖੈ ਮੇਰਾ ਗੋਵਿਦੁ ,ਸਰਣਿ ਪਰੇ ਉਧਰੇ ॥ ਜਨ ਨਾਨਕ ਹਰਿ ਕਿਰਪਾ ਧਾਰੀ,

ਉਰ ਧਰਿਓ ਨਾਮੁ ਹਰੇ ॥੪॥੧॥ ਹੇ ਮੇਰੇ ਮਨ! ਸੁਖਦੇਵ ਤੇ ਰਾਜਾ ਜਨਕ ਨੇ ਗੁਰੂ ਦੇ ਬਚਨਾਂ ਦੁਆਰਾ ਹਰੀ ਦਾ ਨਾਮ ਜਪਿਆ ਹੈ ਅਤੇ ਉਹ ਮਨ ਬਾਣੀ ਕਰਕੇ ਹਰੀ ਦੀ ਸ਼ਰਣ ਵਿਚ ਆ ਪਏ ਸਨ। ਸੁਦਾਮੇ ਦੀ ਗਰੀਬੀ ਦੂਰ ਕਰਕੇ ਭਗਵਾਨ ਸੁਦਾਮੇ ਨੂੰ ਆ ਮਿਲਿਆ, (ਇਹ ਸਾਰੇ ਭਗਤ) ਭਗਤੀ ਭਾਵਨਾ ਨਾਲ ਭਵਜਲ ਤੋਂ ਤਰ ਗਏ ਹਨ। ਹਰੀ ਭਗਤੀ ਨਾਲ ਪਿਆਰ ਕਰਨ ਵਾਲਾ ਹੈ, (ਉਸ ਦਾ) ਨਾਮ ਮਨੁੱਖ ਦੇ ਮਨੋਰਥ ਸਫਲ ਕਰਨ ਵਾਲਾ ਹੈ, (ਨਾਮ ਤਦ ਮਿਲਦਾ ਹੈ, ਜਦ ਪ੍ਰਭੂ ਮਨੁੱਖ ਉਤੇ) ਗੁਰੂ ਦੁਆਰਾ ਕ੍ਰਿਪਾ ਕਰਦਾ ਹੈ।੧। ਹੇ ਮੇਰੇ ਮਨ! ਹਰੀ ਦਾ ਨਾਮ ਜਪਦਿਆਂ (ਅਣਗਿਣਤ ਜੀਵ ਸੰਸਾਰ ਸਮੁੰਦਰ ਤੋਂ) ਤਰ ਗਏ ਹਨ। ਧਰੂ ,ਪ੍ਰਹਿਲਾਦ ਅਤੇ ਦਾਸੀ ਦਾ ਪੁਤ੍ਰ ਬਿਦਰ ਆਦਿ ਭਗਤ ਗੁਰੂ ਦੁਆਰਾ ਨਾਮ ਸਿਮਰਨ ਵਿਚ ਲਗ ਕੇ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੧। ਰਹਾਉ। (ਹੇ ਮੇਰੇ ਮਨ!) ਕਲਜੁਗ ਵਿਚ ਹਰੀ ਦਾ ਨਾਮ (ਸਾਰੇ ਸਾਧਨਾਂ ਨਾਲੋਂ) ਉਤਮ ਪਦਾਰਥ ਹੈ, (ਜਿਸ ਨੂੰ ਜਪ ਕੇ ਅਨੇਕਾਂ) ਭਗਤ ਜਨ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ। ਨਾਮ ਦੇਵ, ਜੈ ਦੇਵ, ਕਬੀਰ, ਤ੍ਰਿਲੋਚਨ ਆਦਿ ਭਗਤ (ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਅਤੇ (ਨਾਮ ਸਿਮਰਨ ਦੀ ਬਰਕਤ ਨਾਲ) ਭਗਤ ਰਵਿਦਾਸ ਚਮਾਰ ਦੇ ਸਾਰੇ ਪਾਪ ਦੂਰ ਹੋ ਗਏ। (ਹੇ ਮੇਰੇ ਮਨ! ਜਿਹੜੇ ਵੀ ਮਨੁੱਖ) ਗੁਰੂ ਦੁਆਰਾ ਨਾਮ ਜਪਣ ਵਿਚ ਲਗ ਗਏ ਹਨ, ਉਹ (ਭਵਜਲ ਤੋਂ) ਤਰ ਗਏ ਅਤੇ (ਉਨ੍ਹਾਂ ਦੇ ਮਨ ਦੇ) ਸਾਰੇ ਪਾਪ ਅਤੇ ਸਰੀਰ ਦੇ ਸਾਰੇ ਪਾਪ ਟਲ (ਦੂਰ ਹੋ) ਗਏ ਹਨ।੨। (ਹੇ ਮਨ!) ਜਿਹੜਾ ਜਿਹੜਾ ਵੀ ਅਪਰਾਧੀ ਹਰੀ ਦਾ ਨਾਮ ਜਪਦਾ ਹੈ, (ਹਰੀ) ਉਨ੍ਹਾਂ ਦੇ ਸਾਰੇ ਪਾਪ ਦੂਰ ਕਰ ਦੇਂਦਾ ਹੈ। ਵੇਸਵਾ ਨੂੰ ਭੋਗਣ ਵਾਲਾ ਅਜਾਮਲ (ਪਾਪੀ ਅਪਣੇ) ਮੂੰਹੋਂ ਪ੍ਰਮਾਤਮਾ ਦਾ ਨਰਾਇਣ ਨਾਮ ਬੋਲਦਾ ਹੋਇਆ ਮੁਕਤ ਹੋ ਗਿਆ ਸੀ। ਹਰੀ ਦਾ ਨਾਮ ਜਪਦਿਆ ਉਗ੍ਰਸੈਣ ਨੇ ਮੁਕਤੀ ਪਾ ਲਈ ਸੀ, (ਹਰੀ ਨੇ ਉਸ ਦੇ) ਬੰਧਨ ਤੋੜ ਕੇ ਮੁਕਤ ਕਰ ਦਿਤਾ ਸੀ (ਕੰਸ ਦੀ ਕੈਦ ਵਿਚੋਂ ਅਜਾਦ ਕਰ ਕੇ ਰਾਜ ਦੇ ਦਿਤਾ)।੩। (ਹਰੀ ਨੇ ਜਿਸ) ਸੇਵਕ ਉਤੇ ਆਪ ਕ੍ਰਿਪਾ ਕੀਤੀ ਹੈ, ਹਰੀ ਨੇ (ਉਸ ਦਾ) ਪੱਖ ਕੀਤਾ ਹੈ। ਮੇਰਾ ਗੋਵਿੰਦ ਅਪਣੇ ਸੇਵਕਾਂ ਦੀ ਪੈਜ ਰਖਦਾ ਹੈ, (ਜੋ ਸੇਵਕ ਪ੍ਰਭੂ ਦੀ) ਸ਼ਰਣ ਪਏ ਹਨ, (ਉਹ) ਮੁਕਤ ਹੋ ਗਏ ਹਨ। ਦਾਸ ਨਾਨਕ ਆਖਦਾ ਹੈ ਕਿ (ਜਿਸ ਸੇਵਕ ਉਤੇ) ਹਰੀ ਨੇ ਕ੍ਰਿਪਾ ਕੀਤੀ ਹੈ, (ਉਸ ਨੇ) ਹਰੀ ਦਾ ਨਾਮ ਅਪਣੇ ਹਿਰਦੇ ਵਿਚ ਟਿਕਾ ਲਿਆ ਹੈ।੪।੧।

ਪਦਾਰਥ = ਸੁਕ–ਸੁਕਦੇਵ ਮੁਨੀ। ਜਨਕ–ਰਾਜਾ ਜਨਕ। ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ। ਸਰਣਿ ਪਰੇ–ਸ਼ਰਣ ਵਿਚ ਆ ਪਏ। ਦਾਲਦੁ–ਗਰੀਬੀ। ਭੰਜਿ–ਦੂਰ ਕਰਕੇ। ਸੁਦਾਮੇ–ਕ੍ਰਿਸ਼ਨ ਜੀ ਦਾ ਬਚਪਨ ਦਾ ਮਿਤ੍ਰ। ਭਗਤੀ ਭਾਇ–ਭਗਤੀ ਭਾਵਨਾ ਨਾਲ। ਤਰੇ–ਤਰ ਗਏ। ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ। ਕ੍ਰਿਤਾਰਥੁ–ਸਫਲ ਕਰਨ ਵਾਲਾ। ਗੁਰਮੁਖਿ–ਗੁਰੂ ਦੁਆਰਾ। ਕਰੇ–ਕਰਦਾ ਹੈ।੧। ਮਨ–ਹੇ ਮਨ!। ਜਪਤ–ਜਪਦਿਆਂ। ਉਧਰੇ–ਤਰ ਗਏ; ਮੁਕਤ ਹੋ ਗਏ। ਦਾਸੀ ਸੁਤੁ–ਦਾਸੀ ਦਾ ਪੁਤ੍ਰ। ਨਾਮਿ–ਨਾਮ ਵਿਚ ਲਗ ਕੇ।੧। ਰਹਾਉ। ਕਲਜੁਗਿ–ਕਲਜੁਗ ਵਿਚ। ਪ੍ਰਧਾਨੁ–ਉਤਮ; ਸ੍ਰੇਸ਼ਟ। ਦੋਖ–ਪਾਪ; ਕਲੰਕ। ਚਮਰੇ–ਰਵਿਦਾਸ ਚਮਾਰ ਦੇ। ਸੇ–ਉਹ। ਕਿਲਬਿਖ–ਪਾਪ। ਟਰੇ–ਟਲ ਗਏ।੨। ਜੋ ਜੋ–ਜਿਹੜਾ ਜਿਹੜਾ ਮਨੁੱਖ। ਅਪਰਾਧੀ–ਪਾਪੀ। ਤਿਨ ਕੇ–ਉਨ੍ਹਾਂ ਦੇ। ਪਰਹਰੇ–ਦੂਰ ਕਰ ਦੇਂਦਾ ਹੈ। ਬੇਸੁਆ–ਵੇਸਵਾ। ਰਵਤ–ਭੋਗਣ ਵਾਲਾ। ਉਧਰਿਓ–ਮੁਕਤ ਹੋ ਗਿਆ। ਮੁਖਿ–ਮੂੰਹੋਂ। ਬੋਲੈ ਨਾਰਾਇਣੁ ਨਰਹਰੇ–ਪ੍ਰਭੂ ਦਾ ਨਰਾਇਣ ਨਾਮ ਉਚਾਰਦਾ ਹੋਇਆ। ਉਗ੍ਰਸੈਣਿ–(ਕੰਸ ਦੇ ਪਿਤਾ) ਉਗ੍ਰਸੈਣ ਨੇ। ਗਤਿ ਪਾਈ–ਮੁਕਤੀ ਪਾ ਲਈ। ਤੋੜਿ ਬੰਧਨ–ਬੇੜੀਆਂ ਤੋੜ ਕੇ।੩। ਜਨ ਕਉ–ਸੇਵਕ ਉਤੇ। ਅਨੁਗ੍ਰਹੁ ਕੀਆ–ਕਿਰਪਾ ਕੀਤੀ। ਅੰਗੀਕਾਰੁ–ਪੱਖ; ਸਹਾਇਤਾ। ਪੈਜ–ਲਾਜ; ਇੱਜਤ। ਪਰੇ–ਪਏ ਹਨ। ਧਾਰੀ–ਕੀਤੀ। ਉਰ ਧਰਿਓ–ਹਿਰਦੇ ਵਿਚ ਟਿਕਾ ਲਿਆ ਹੈ। ਹਰੇ–ਹਰੀ ਦਾ।੪।੧।

ਮਾਰੂ ਮਹਲਾ ੪ ॥ ਸਿਧ ਸਮਾਧਿ ਜਪਿਓ ਲਿਵ ਲਾਈ, ਸਾਧਿਕ ਮੁਨਿ ਜਪਿਆ ॥ ਜਤੀ ਸਤੀ ਸੰਤੋਖੀ ਧਿਆਇਆ, ਮੁਖਿ ਇੰਦ੍ਰਾਦਿਕ ਰਵਿਆ ॥ ਸਰਣਿ ਪਰੇ ਜਪਿਓ ਤੇ ਭਾਏ, ਗੁਰਮੁਖਿ ਪਾਰਿ ਪਇਆ ॥੧॥ ਮੇਰੇ ਮਨ, ਨਾਮੁ ਜਪਤ ਤਰਿਆ ॥ ਧੰਨਾ ਜਟੁ ਬਾਲਮੀਕੁ ਬਟਵਾਰਾ, ਗੁਰਮੁਖਿ ਪਾਰਿ ਪਇਆ ॥੧॥ਰਹਾਉ॥ ਸੁਰਿ ਨਰ ਗਣ ਗੰਧਰਬੇ ਜਪਿਓ, ਰਿਖਿ ਬਪੁਰੈ ਹਰਿ ਗਾਇਆ ॥ ਸੰਕਰਿ ਬ੍ਰਹਮੈ ਦੇਵੀ ਜਪਿਓ, ਮੁਖਿ ਹਰਿ ਹਰਿ ਨਾਮੁ ਜਪਿਆ ॥ ਹਰਿ ਹਰਿ ਨਾਮਿ ਜਿਨਾ ਮਨੁ ਭੀਨਾ, ਤੇ ਗੁਰਮੁਖਿ ਪਾਰਿ ਪਇਆ ॥੨॥ ਕੋਟਿ ਕੋਟਿ ਤੇਤੀਸ ਧਿਆਇਓ, ਹਰਿ ਜਪਤਿਆ ਅੰਤੁ ਨ ਪਾਇਆ ॥ ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ, ਮੁਖਿ ਪੰਡਿਤ ਹਰਿ ਗਾਇਆ ॥ ਨਾਮੁ ਰਸਾਲੁ ਜਿਨਾ ਮਨਿ ਵਸਿਆ, ਤੇ ਗੁਰਮੁਖਿ ਪਾਰਿ ਪਇਆ ॥੩॥ ਅਨਤ ਤਰੰਗੀ ਨਾਮੁ ਜਿਨ ਜਪਿਆ, ਮੈ ਗਣਤ ਨ ਕਰਿ ਸਕਿਆ ॥ ਗੋਬਿਦੁ ਕ੍ਰਿਪਾ ਕਰੇ ਥਾਇ ਪਾਏ, ਜੋ ਹਰਿ ਪ੍ਰਭ ਮਨਿ ਭਾਇਆ ॥ ਗੁਰਿ ਧਾਰਿ ਕ੍ਰਿਪਾ ਹਰਿ ਨਾਮੁ ਦ੍ਰਿੜਾਇਓ, ਜਨ ਨਾਨਕ ਨਾਮੁ ਲਇਆ ॥੪॥੨॥ (ਹੇ ਮੇਰੇ ਮਨ!) ਸਿੱਧਾਂ ਨੇ ਲਿਵ ਲਾ ਕੇ ਸਮਾਧੀ ਵਿਚ ਟਿਕ ਕੇ ਪ੍ਰਭੂ ਦਾ ਨਾਮ ਜਪਿਆ ਅਤੇ

ਸਾਧਨਾਂ ਕਰਨ ਵਾਲੇ ਮੁਨੀਆਂ ਨੇ ਵੀ ਪ੍ਰਭੂ ਦਾ ਨਾਮ ਜਪਿਆ ਹੈ। ਜਤੀਆਂ, ਦਾਨੀਆਂ ਅਤੇ ਸੰਤੋਖੀਆਂ ਨੇ ਵੀ ਪ੍ਰਭੂ ਦਾ ਨਾਮ ਜਪਿਆ ਹੈ, ਇੰਦ੍ਰ ਆਦਿਕ ਦੇਵਤਿਆਂ ਨੇ ਵੀ ਮੂੰਹ ਨਾਲ ਪ੍ਰਭੂ ਦਾ ਨਾਮ ਜਪਿਆ ਹੈ। (ਜਿਹੜੇ ਮਨੁੱਖ ਗੁਰੂ ਦੀ) ਸਰਣ ਪਏ ਹਨ ਅਤੇ (ਜਿਨ੍ਹਾਂ ਨੇ ਗੁਰੂ ਦੁਆਰਾ) ਪ੍ਰਭੂ ਦਾ ਨਾਮ ਜਪਿਆ ਹੈ, ਉਹ ਪ੍ਰਭੂ ਨੂੰ ਚੰਗੇ ਲੱਗੇ ਹਨ, (ਇਸ ਤਰ੍ਹਾਂ) ਗੁਰੂ ਦੁਆਰਾ (ਬੇਅੰਤ ਲੋਕ ਭਵਜਲ ਤੋਂ) ਪਾਰ ਲੰਘ ਪਏ ਹਨ।੧। ਹੇ ਮੇਰੇ ਮਨ! ਪ੍ਰਭੂ ਦਾ ਨਾਮ ਜਪਦਿਆਂ (ਅਨੇਕਾਂ ਪ੍ਰਾਣੀਆਂ ਦਾ ਸਮੂੰਹ ਸੰਸਾਰ ਸਮੁੰਦਰ ਤੋਂ) ਤਰ ਗਿਆ ਹੈ। ਭਗਤ ਧੰਨਾ ਜੱਟ ਤੇ ਡਾਕੂ ਬਾਲਮੀਕ ਗੁਰੂ ਦੁਆਰਾ ਨਾਮ ਜਪ ਕੇ (ਭਵਜਲ ਤੋਂ) ਪਾਰ ਲੰਘ ਪਿਆ ਹੈ।੧। ਰਹਾਉ। (ਹੇ ਮੇਰੇ ਮਨ!) ਦੇਵਤਿਆਂ, ਮਨੁੱਖਾਂ, ਸ਼ਿਵ ਜੀ ਦੇ ਸੇਵਕਾਂ ਅਤੇ ਦੇਵਤਿਆਂ ਦੇ ਗਵੱਈਆਂ ਨੇ ਪ੍ਰਭੂ ਦਾ ਨਾਮ ਜਪਿਆ ਹੈ ਅਤੇ ਵਿਚਾਰੇ ਰਿਖੀਆਂ ਨੇ ਵੀ ਹਰੀ ਦਾ ਜਸ ਗਾਇਆ ਹੈ। ਸ਼ਿਵ ਜੀ ਨੇ, ਬ੍ਰਹਮਾ ਨੇ ਅਤੇ ਦੇਵੀਆਂ ਨੇ ਵੀ ਪ੍ਰਭੂ ਦਾ ਨਾਮ ਜਪਿਆ ਹੈ ਅਤੇ ਮੁਖੀ ਪੁਰਖਾਂ ਨੇ ਵੀ ਹਰੀ ਦਾ ਨਾਮ ਜਪਿਆ ਹੈ। ਜਿਨ੍ਹਾਂ ਪੁਰਖਾਂ ਦਾ ਮਨ ਹਰੀ ਦੇ ਨਾਮ ਰਸ ਵਿਚ ਭਿੱਜ ਗਿਆ ਹੈ, ਗੁਰੂ ਦੁਆਰਾ ਉਨ੍ਹਾਂ ਦਾ ਸਮੂੰਹ (ਭਵਜਲ ਤੋਂ) ਪਾਰ ਪਿਆ ਹੈ।੨। (ਹੇ ਮਨ!) ਤੇਤੀ ਕ੍ਰੋੜ ਦੇਵਤਿਆਂ ਨੇ ਕ੍ਰੋੜਾਂ ਵਾਰੀ ਹਰੀ ਦਾ ਨਾਮ ਧਿਆਇਆ ਹੈ, (ਪਰ) ਨਾਮ ਜਪਦਿਆਂ (ਕਿਸੇ ਨੇ ਵੀ) ਹਰੀ ਦਾ ਅੰਤ ਨਹੀਂ ਪਾਇਆ। ਬੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਦੇ ਲਿਖਣ ਵਾਲਿਆਂ ਨੇ ਵੀ ਹਰੀ ਦਾ ਨਾਮ ਜਪਿਆ ਹੈ ਅਤੇ ਪੰਡਤਾਂ ਨੇ ਵੀ ਮੂੰਹ ਨਾਲ ਹਰੀ ਦਾ ਜਸ ਗਾਇਆ ਹੈ। ਹਰੀ ਦਾ ਨਾਮ ਜੋ ਰਸਾਂ ਦਾ ਘਰ ਹੈ, ਜਿਨ੍ਹਾਂ ਪੁਰਖਾਂ ਦੇ ਮਨ ਵਿਚ ਵਸ ਗਿਆ ਹੈ, ਉਨ੍ਹਾਂ (ਸਾਰਿਆਂ ਦਾ ਸਮੂੰਹ ਸੰਸਾਰ ਸਮੁੰਦਰ ਤੋ) ਪਾਰ ਲੰਘ ਪਿਆ ਹੈ।੩। (ਹੇ ਮੇਰੇ ਮਨ!) ਅਨੰਤ ਬ੍ਰਹਮੰਡ ਰੂਪ ਤਰੰਗਾਂ ਵਾਲੇ ਪ੍ਰਭੂ ਦਾ ਨਾਮ ਜਿਨ੍ਹਾਂ ਮਹਾਨ ਹਸਤੀਆਂ ਨੇ ਜਪਿਆ ਹੈ, ਮੈਂ (ਉਨ੍ਹਾਂ ਦੀ) ਗਿਣਤੀ ਨਹੀਂ ਕਰ ਸਕਿਆ। (ਜੋ ਮਨੁੱਖ) ਹਰੀ ਪ੍ਰਭੂ ਦੇ ਮਨ ਵਿਚ ਚੰਗੇ ਲਗਦੇ ਹਨ, ਗੋਬਿੰਦ ਕ੍ਰਿਪਾ ਕਰਕੇ (ਉਨ੍ਹਾਂ ਦੀ ਸੇਵਾ ਭਗਤੀ) ਪ੍ਰਵਾਨ ਕਰ ਲੈਂਦਾ ਹੈ। ਦਾਸ ਨਾਨਕ ਆਖਦਾ ਹੈ ਕਿ ਗੁਰੂ ਨੇ ਕ੍ਰਿਪਾ ਕਰਕੇ (ਜਿਨਾਂ ਪੁਰਖਾਂ ਦੇ ਹਿਰਦੇ ਵਿਚ) ਹਰੀ ਦਾ ਨਾਮ ਦ੍ਰਿੜ ਕਰਾਇਆ ਹੈ, (ਉਨ੍ਹਾਂ ਨੇ ਹੀ) ਹਰੀ ਦਾ ਨਾਮ ਲਿਆ (ਜਪਿਆ) ਹੈ।੪।੨।

ਪਦਾਰਥ = ਸਿਧ (ਸਿੱਧ ਪੜ੍ਹੋ)–ਜੋਗ ਸਾਧਨਾ ਵਿਚ ਪੁੱਗੇ ਹੋਏ ਜੋਗੀ। ਸਮਾਧਿ–ਸਮਾਧੀ ਵਿਚ। ਲਿਵ ਲਾਈ–ਸੁਰਤ ਜੋੜ ਕੇ। ਸਾਧਿਕ –ਸਾਧਨਾ ਕਰਨ ਵਾਲੇ ਸਾਧੂ। ਮੁਨਿ–ਮੁਨੀ। ਜਤੀ–ਕਾਮ ਵਾਸ਼ਨਾ ਨੂੰ ਵਸ ਵਿਚ ਰੱਖਣ ਵਾਲੇ ਸਾਧੂ। ਸਤੀ–ਦਾਨੀ; ਸਤਵਾਦੀ। ਮੁਖਿ–ਮੂੰਹ ਰਾਹੀਂ। ਇੰਦ੍ਰਾਦਿਕ–ਇੰਦ੍ਰ ਆਦਿਕ ਦੇਵਤੇ। ਰਵਿਆ–ਸਿਮਰਿਆ। ਪਰੇ–ਪਏ ਹਨ। ਤੇ–ਉਹ (ਮਨੁੱਖ)। ਭਾਏ–ਚੰਗੇ ਲੱਗੇ ਹਨ। ਗੁਰਮੁਖਿ–ਗੁਰੂ ਰਾਹੀਂ। ਪਾਇ ਪਇਆ–(ਸਮੂੰਹ) ਪਾਰ ਲੰਘ ਪਿਆ ਹੈ।੧। ਮਨ–ਹੇ ਮਨ!। ਤਰਿਆ–ਤਰ ਗਿਆ। ਬਟਵਾਰਾ–ਡਾਕੂ ਲੁਟੇਰਾ।੧। ਰਹਾਉ। ਸੁਰਿ ਨਰ–ਦੇਵਤੇ ਅਤੇ ਮਨੁੱਖ; ਦੈਵੀ ਗੁਣਾਂ ਵਾਲੇ ਮਨੁੱਖ। ਰਿਖਿ ਬਪੁਰੇ–ਪਰਮ ਪਦ ਨੂੰ ਪਹੁੰਚੇ ਵਿਚਾਰੇ ਸਾਧੂਆਂ ਨੇ; ਵਿਚਾਰੇ ਧਰਮਰਾਜ ਨੇ (ਸ਼ਬਦਾਰਥ; ਦਰਪਣ)। ਸੰਕਰਿ–ਸ਼ਿਵ ਜੀ ਨੇ। ਬ੍ਰਹਮੈ–ਬ੍ਰਹਮਾ ਨੇ। ਦੇਵੀ–ਦੇਵੀਆਂ ਨੇ। ਮੁਖਿ–ਮੁਖੀ ਪੁਰਖਾਂ ਨੇ। ਨਾਮਿ–ਨਾਮ ਰਸ ਵਿਚ। ਭੀਨਾ–ਭਿੱਜ ਗਿਆ ਹੈ।੨। ਕੋਟਿ–ਕ੍ਰੋੜਾਂ ਵਾਰੀ। ਕੋਟਿ ਤੇਤੀਸ–ਤੇਤੀ ਕ੍ਰੋੜ ਦੇਵਤੇ। ਪੰਡਿਤ–ਪੰਡਤਾਂ ਨੇ। ਰਸਾਲੁ–ਰਸਾਂ ਦਾ ਘਰ। ਮਨਿ–ਮਨ ਵਿਚ।੩। ਅਨਤ ਤਰੰਗੀ–ਪ੍ਰਭੂ, ਬੇਅੰਤ ਬ੍ਰਹਮੰਡ ਰੂਪ ਜਿਸ ਦੀਆਂ ਅਣਗਿਣਤ ਲਹਿਰਾਂ ਹਨ। ਜਿਨ–ਜਿਨ੍ਹਾਂ ਨੇ। ਗਣਤ–ਗਿਣਤੀ। ਥਾਇ ਪਾਇ–ਪ੍ਰਵਾਨ ਕਰਦਾ ਹੈ। ਭਾਇਆ–ਚੰਗੇ ਲਗਦੇ ਹਨ। ਗੁਰਿ–ਗੁਰੂ ਨੇ। ਧਾਰਿ–ਕਰਕੇ। ਦ੍ਰਿੜਾਇਓ–(ਹਿਰਦੇ ਵਿਚ) ਪੱਕੀ ਤਰ੍ਹਾਂ ਟਿਕਾ ਦਿਤਾ ਹੈ। ਲਇਆ–ਲਿਆ (ਜਪਿਆ) ਹੈ।੪।੨।

ਅੰਗ ੯੯੬ = ਮਾਰੂ ਮਹਲਾ ੪ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਨਾਮੁ ਨਿਧਾਨੁ ਲੈ, ਗੁਰਮਤਿ ਹਰਿ ਪਤਿ ਪਾਇ ॥ ਹਲਤਿ ਪਲਤਿ ਨਾਲਿ ਚਲਦਾ, ਹਰਿ ਅੰਤੇ ਲਏ ਛਡਾਇ ॥ ਜਿਥੈ ਅਵਘਟ ਗਲੀਆ ਭੀੜੀਆ, ਤਿਥੈ ਹਰਿ ਹਰਿ ਮੁਕਤਿ ਕਰਾਇ ॥੧॥ ਮੇਰੇ ਸਤਿਗੁਰਾ, ਮੈ ਹਰਿ ਹਰਿ ਨਾਮੁ ਦ੍ਰਿੜਾਇ ॥ ਮੇਰਾ ਮਾਤ ਪਿਤਾ ਸੁਤ ਬੰਧਪੋ, ਮੈ ਹਰਿ ਬਿਨੁ ਅਵਰੁ ਨ ਮਾਇ ॥ ੧॥ਰਹਾਉ॥ ਮੈ ਹਰਿ ਬਿਰਹੀ ਹਰਿ ਨਾਮੁ ਹੈ, ਕੋਈ ਆਣਿ ਮਿਲਾਇ ਮਾਇ ॥ ਤਿਸੁ ਆਗੈ ਮੈ ਜੋਦੜੀ, ਮੇਰਾ ਪ੍ਰੀਤਮੁ ਦੇਇ ਮਿਲਾਇ ॥ ਸੁਤਗੁਰੁ ਪੁਰਖੁ ਦਇਆਲ ਪ੍ਰਭੁ ,ਹਰਿ ਮੇਲੇ ਢਿਲ ਨ ਪਾਇ ॥੨॥ ਜਿਨ ਹਰਿ ਹਰਿ ਨਾਮੁ ਨ ਚੇਤਿਓ, ਸੇ ਭਾਗ ਹੀਣ ਮਰਿ ਜਾਇ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ, ਮਰਿ ਜੰਮਹਿ ਆਵੈ ਜਾਇ ॥ ਓਇ ਜਮ ਦਰਿ ਬਧੇ ਮਾਰੀਅਹਿ, ਹਰਿ ਦਰਗਹ ਮਿਲੈ ਸਜਾਇ ॥੩॥ ਤੂ ਪ੍ਰਭੁ ਹਮ ਸਰਣਾਗਤੀ, ਮੋ ਕਉ ਮੇਲਿ ਲੈਹੁ ਹਰਿ ਰਾਇ ॥ ਹਰਿ ਧਾਰਿ ਕ੍ਰਿਪਾ ਜਗਜੀਵਨਾ, ਗੁਰ ਸਤਿਗੁਰ ਕੀ ਸਰਣਾਇ ॥ ਹਰਿ ਜੀਉ ਆਪਿ ਦਇਆਲੁ ਹੋਇ, ਜਨ ਨਾਨਕ ਹਰਿ ਮੇਲਾਇ ॥੪॥੧॥੩॥ (ਹੇ ਭਾਈ!) ਗੁਰੂ ਦੀ ਸਿੱਖਿਆ

ਦੁਆਰਾ ਹਰੀ ਦਾ ਨਾਮ ਰੂਪ ਖਜਾਨਾ ਪ੍ਰਾਪਤ ਕਰ ਲੈ, (ਨਾਮ ਦੇ ਖਜਾਨੇ ਨਾਲ ਤੂੰ ਲੋਕ ਪ੍ਰਲੋਕ ਵਿਚ) ਇਜਤ ਪਾਏਂਗਾ।(ਇਹ ਨਾਮ ਜੀਵ ਦਾ ਸਾਥੀ ਬਣ ਕੇ) ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਵੀ ਨਾਲ ਚਲਦਾ ਹੈ ਅਤੇ ਅੰਤ ਸਮੇਂ ਹਰੀ ਦਾ ਨਾਮ (ਜਮਾਂ ਤੋਂ) ਛੁਡਾ ਲੈਂਦਾ ਹੈ।ਜਿੱਥੇ ਜਮਾਂ ਦੇ ਰਸਤੇ ਵਿਚ ਔਖੀਆਂ ਘਾਟੀਆਂ ਤੇ ਭੀੜੀਆਂ ਗਲੀਆ ਹਨ, ਉਥੇ ਹਰੀ ਦਾ ਨਾਮ (ਜਮਾਂ ਤੋਂ) ਛੁਟਕਾਰਾ ਕਰਾਉਂਦਾ ਹੈ।੧।ਹੇ ਮੇਰੇ ਸਤਿਗੁਰੂ! ਮੇਰੇ ਹਿਰਦੇ ਵਿਚ ਹਰੀ ਦਾ ਨਾਮ ਦ੍ਰਿੜ ਕਰਾ ਦੇ।ਮੇਰੀ ਮਾਂ, ਮੇਰਾ ਪਿਤਾ, ਪੁਤ੍ਰ ਤੇ ਰਿਸ਼ਤੇਦਾਰ ਹਰੀ ਹੀ ਹੈ, ਹੇ ਭਾਈ! ਹਰੀ ਤੋਂ ਬਿਨਾ ਮੇਰਾ ਹੋਰ ਕੋਈ (ਸਾਕ ਸਬੰਧੀ) ਨਹੀਂ ਹੈ।੧।ਰਹਾਉ।ਹੇ ਮਾਂ! ਹਰੀ ਦਾ ਨਾਮ ਹੀ ਮੈਨੂੰ ਪਿਆਰਾ ਹੈ, ਕੋਈ (ਪ੍ਰੇਮੀ ਉਸ ਪਿਆਰੇ ਹਰੀ ਨੂੰ) ਲਿਆ ਕੇ ਮੇਰੇ ਨਾਲ ਮਿਲਾ ਦੇਵੇ।ਮੈਂ ਉਸ ਅੱਗੇ ਮਿੰਨਤ ਭਰੀ ਬੇਨਤੀ ਕਰਦਾ ਹਾਂ, (ਜਿਹੜਾ ਮੈਨੂੰ) ਮੇਰਾ ਪਿਆਰਾ ਪ੍ਰਭੂ ਮਿਲਾ ਦੇਵੇ।ਸਤਿਗੁਰੂ ਪੁਰਖ ਦਇਆ ਦਾ ਸੋਮਾ ਅਤੇ ਪ੍ਰਭੂ ਰੂਪ ਹੈ, (ਜਦੋਂ ਉਹ) ਹਰੀ ਨਾਲ ਮਿਲਾ ਦੇਂਦਾ ਹੈ, (ਫਿਰ) ਦੇਰ ਨਹੀਂ ਪੈਂਦੀ।੨।(ਹੇ ਭਾਈ!) ਜਿਨ੍ਹਾਂ ਪ੍ਰਾਣੀਆਂ ਨੇ ਹਰੀ ਦਾ ਨਾਮ ਨਹੀਂ ਸਿਮਰਿਆ ਹੈ, ਉਹ ਭਾਗ ਹੀਣ (ਆਤਮਕ ਮੌਤੇ) ਮਰ ਜਾਂਦੇ ਹਨ; ਮਰਦੇ ਜੰਮਦੇ ਰਹਿੰਦੇ ਹਨ (ਸੰ.ਸ.; ਫ.ਸ.)।ਉਹ ਸਾਕਤ ਮਨੁੱਖ ਮੁੜ ਮੁੜ ਕੇ ਜੋਨੀਆਂ ਵਿਚ ਭਵਾਏ ਜਾਂਦੇ ਹਨ, (ਉਹ) ਮਰ ਕੇ ਜੰਮਦੇ ਅਤੇ ਆਉਂਦੇ ਜਾਂਦੇ ਰਹਿੰਦੇ ਹਨ।ਉਹ ਮਨੁੱਖ ਜਮਰਾਜ ਦੇ ਦਰ ਤੇ ਬੱਧੇ ਹੋਏ ਮਾਰੇ ਕੁੱਟੇ ਜਾਂਦੇ ਹਨ ਅਤੇ (ਉਨ੍ਹਾਂ ਨੂੰ) ਹਰੀ ਦੀ ਦਰਗਾਹ ਵਿਚ ਸਜਾ ਮਿਲਦੀ ਹੈ।੩।ਹੇ ਪ੍ਰਭੂ! ਤੂੰ ਮਾਲਕ ਹੈਂ, ਅਸੀਂ ਜੀਵ ਤੇਰੀ ਸ਼ਰਣ ਆਏ ਹਾਂ, ਹੇ ਪ੍ਰਭੂ ਪਾਤਸ਼ਾਹ! ਮੈਨੂੰ (ਅਪਣੇ ਨਾਲ) ਮੇਲ ਲਵੋ।ਹੇ ਜਗਤ ਦੇ ਜੀਵਨ ਹਰੀ! ਕ੍ਰਿਪਾ ਕਰਕੇ ਮੈਨੂੰ ਪੂਜਨੀਕ ਸਤਿਗੁਰੂ ਦੀ ਸ਼ਰਣ ਵਿਚ ਪਾ ਦੇਹ।ਹੇ ਹਰਿ ਜੀਉ! ਆਪ ਦਿਆਲ ਹੋ ਕੇ ਦਾਸ ਨਾਨਕ ਨੂੰ ਅਪਣੇ ਨਾਲ ਮਿਲਾ ਲੈ।੪।੧।੩।

ਪਦਾਰਥ =ਨਿਧਾਨੁ–ਖਜਾਨਾ।ਲੈ–ਪ੍ਰਾਪਤ ਕਰ ਲੈ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਪਤਿ–ਇੱਜਤ।ਪਾਇ–ਪਾ ਲਵੇਂਗਾ। ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਅੰਤੇ–ਅੰਤ ਸਮੇਂ।ਅਵਘਟ–ਔਖੀਆਂ ਘਾਟੀਆਂ।ਮੁਕਤਿ ਕਰਾਇ–ਛੁਟਕਾਰਾ ਕਰਾਉਂਦਾ ਹੈ।੧।ਸਤਿਗੁਰਾ–ਹੇ ਸਤਿਗੁਰੂ!।ਦ੍ਰਿੜਾਇ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਦੇ।ਮਾਤ–ਮਾਂ।ਸੁਤ–ਪੁਤ੍ਰ।ਬੰਧਪੋ–ਰਿਸ਼ਤੇ ਦਾਰ।ਅਵਰੁ–ਹੋਰ।ਮਾਇ–ਹੇ ਭਾਈ!; ਹੇ ਮਾਂ!।੧।ਰਹਾਉ।ਬਿਰਹੀ–ਪਿਆਰਾ।ਆਣਿ–ਲਿਆ ਕੇ; ਆ ਕੇ।ਜੋਦੜੀ–ਮਿੰਨਤ ਭਰੀ ਬੇਨਤੀ; ਅਥੱਕ ਸੇਵਾ ਕਰਕੇ ਕੀਤੀ ਹੋਈ ਬੇਨਤੀ।ਦੇਇ ਮਿਲਾਇ–ਮਿਲਾ ਦੇਵੇ।ਮੇਲੇ–ਮਿਲਾ ਦੇਂਦਾ ਹੈ।ਢਿਲ ਨ ਪਾਇ–ਦੇਰ ਨਹੀਂ ਪੈਂਦੀ।੨।ਜਿਨ–ਜਿਨ੍ਹਾਂ ਨੇ।ਨ ਚੇਤਿਓ–ਸਿਮਰਿਆ ਨਹੀਂ।ਸੇ–ਉਹ (ਮਨੁੱਖ)।ਭਾਗ ਹੀਣ–ਮਾੜੀ ਕਿਸਮਤ ਵਾਲੇ।ਮਰਿ ਜਾਇ–ਮਰ ਜਾਂਦੇ ਹਨ; ਮਰਦੇ ਜੰਮਦੇ ਰਹਿੰਦੇ ਹਨ।ਓਇ–ਉਹ (ਬਹੁ ਵਚਨ)।ਫਿਰਿ ਫਿਰਿ–ਮੁੜ ਮੁੜ (ਬਾਰ ਬਾਰ)।ਜੋਨਿ–ਬੇਅੰਤ ਜੋਨੀਆਂ ਵਿਚ।ਭਵਾਈਅਹਿ–ਘੁਮਾਏ ਜਾਂਦੇ ਹਨ।ਮਰਿ ਜੰਮਹਿ–ਮਰਦੇ ਜੰਮਦੇ ਹਨ।ਆਵੈ ਜਾਇ–ਆਉਂਦੇ ਜਾਂਦੇ (ਆਵਾਗਉਣ ਵਿਚ ਪਏ) ਰਹਿੰਦੇ ਹਨ।ਜਮ ਦਰਿ–ਜਮਰਾਜ ਦੇ ਦਰ ਉਤੇ।ਬਧੇ–ਬੰਨ੍ਹੇ ਹੋਏ।ਮਾਰੀਅਹਿ–ਮਾਰੇ ਕੁੱਟੇ ਜਾਂਦੇ ਹਨ।੩।ਪ੍ਰਭੂ–ਮਾਲਕ।ਹਮ–ਅਸੀਂ (ਜੀਵ)।ਸਰਣਾਗਤੀ–ਸ਼ਰਣ ਆਏ ਹਾਂ।ਮੋ ਕਉ–ਮੈਨੂੰ।ਮੇਲਿ ਲੈਹੁ–ਮਿਲਾ ਲਵੋ।ਹਰਿ ਰਾਇ–ਹੇ ਪ੍ਰਭੂ ਪਾਤਸ਼ਾਹ!।ਧਾਰਿ ਕ੍ਰਿਪਾ–ਕ੍ਰਿਪਾ ਕਰਕੇ।ਜਗ ਜੀਵਨਾ–ਹੇ ਜਗਤ ਦੇ ਜੀਵਨ ਪ੍ਰਭੂ!।ਜਨ ਨਾਨਕ–ਦਾਸ ਨਾਨਕ ਨੂੰ।੪।੧।੩।

ਮਾਰੂ ਮਹਲਾ ੪ ॥ ਹਉ ਪੂੰਜੀ ਨਾਮੁ ਦਸਾਇਦਾ, ਕੋ ਦਸੇ ਹਰਿ ਧਨੁ ਰਾਸਿ ॥ ਹਉ ਤਿਸੁ ਵਿਟਹੁ ਖਨ ਖੰਨੀਐ, ਮੈ ਮੇਲੇ ਹਰਿ ਪ੍ਰਭ ਪਾਸਿ ॥ ਮੈ ਅੰਤਰਿ ਪ੍ਰੇਮੁ ਪਿਰੰਮ ਕਾ, ਕਿਉ ਸਜਣੁ ਮਿਲੈ ਮਿਲਾਸਿ ॥੧॥ ਮਨ ਪਿਆਰਿਆ ਮਿਤ੍ਰਾ ,ਮੈ ਹਰਿ ਹਰਿ ਨਾਮੁ ਧਨੁ ਰਾਸਿ ॥ ਗੁਰਿ ਪੂਰੈ ਨਾਮੁ ਦ੍ਰਿੜਾਇਆ, ਹਰਿ ਧੀਰਕ ਹਰਿ ਸਾਬਾਸਿ ॥੧॥ਰਹਾਉ॥ ਹਰਿ ਹਰਿ ਆਪਿ ਮਿਲਾਇ ਗੁਰੁ ,ਮੈ ਦਸੇ ਹਰਿ ਧਨੁ ਰਾਸਿ ॥ ਬਿਨੁ ਗੁਰ ਪ੍ਰੇਮੁ ਨ ਲਭਈ, ਜਨ ਵੇਖਹੁ ਮਨਿ ਨਿਰਜਾਸਿ ॥ ਹਰਿ ਗੁਰ ਵਿਚਿ ਆਪੁ ਰਖਿਆ, ਹਰਿ ਮੇਲੇ ਗੁਰ ਸਾਬਾਸਿ ॥੨॥ ਸਾਗਰ ਭਗਤਿ ਭੰਡਾਰ ਹਰਿ, ਪੂਰੇ ਸਤਿਗੁਰ ਪਾਸਿ ॥ ਸਤਿਗੁਰੁ ਤੁਠਾ ਖੋਲਿ ਦੇਇ, ਮੁਖਿ ਗੁਰਮੁਖਿ ਹਰਿ ਪਰਗਾਸਿ ॥ ਮਨਮੁਖਿ ਭਾਗ ਵਿਹੂਣਿਆ, ਤਿਖ ਮੁਈਆ ਕੰਧੀ ਪਾਸਿ ॥੩॥ ਗੁਰੁ ਦਾਤਾ ਦਾਤਾਰੁ ਹੈ, ਹਉ ਮਾਗਉ ਦਾਨੁ ਗੁਰ ਪਾਸਿ ॥ ਚਿਰੀ ਵਿਛੁੰਨਾ ਮੇਲਿ ਪ੍ਰਭ, ਮੈ ਮਨਿ ਤਨਿ ਵਡੜੀ ਆਸ ॥ ਗੁਰ ਭਾਵੈ ਸੁਣਿ ਬੇਨਤੀ, ਜਨ ਨਾਨਕ ਕੀ ਅਰਦਾਸਿ ॥੪॥੨॥੪॥ (ਹੇ ਭਾਈ!) ਮੈਂ ਨਾਮ ਰੂਪ ਪੂੰਜੀ ਬਾਰੇ ਪੁਛਦਾ ਹਾਂ (ਕਿ ਕਿੱਥੋਂ ਮਿਲਦੀ ਹੈ), ਕੋਈ (ਗੁਰਮੁਖ) ਮੈਨੂੰ ਹਰੀ ਦੇ ਨਾਮ ਧਨ ਰਾਸ਼ੀ ਬਾਰੇ ਦੱਸੇ।ਮੈਂ ਉਸ ਤੋਂ ਟੋਟੇ ਟੋਟੇ ਹੋ ਕੇ ਵਾਰਨੇ ਜਾਵਾਂ, ਜੋ ਮੈਨੂੰ ਹਰੀ ਪ੍ਰਭੂ ਦੇ ਪਾਸ ਮਿਲਾ ਦੇਵੇ।ਮੇਰੇ ਹਿਰਦੇ ਅੰਦਰ ਪਿਆਰੇ ਪ੍ਰਭੂ ਦਾ ਪ੍ਰੇਮ ਹੈ, ਉਹ ਸੱਜਣ ਮੈਨੂੰ ਕਿਵੇਂ ਮਿਲੇ, ਮੈਂ ਉਸ ਨੂੰ ਕਿਵੇਂ ਮਿਲਾਂ?।੧।ਹੇ ਮੇਰੇ ਪਿਆਰੇ ਮਿਤ੍ਰ ਮਨ! ਮੈਨੂੰ ਹਰੀ ਦਾ ਨਾਮ ਧਨ ਰੂਪ ਰਾਸ਼ੀ ਦੀ ਇੱਛਾ ਹੈ।(ਜਿਸ ਮਨੁੱਖ ਦੇ ਹਿਰਦੇ ਅੰਦਰ) ਪੂਰੇ ਗੁਰੂ ਨੇ ਹਰੀ ਦਾ ਨਾਮ ਦ੍ਰਿੜ ਕਰਾਇਆ ਹੈ, (ਉਸ ਨੂੰ) ਹਰੀ

ਧੀਰਜ ਦੇਂਦਾ ਹੈ ਅਤੇ ਸ਼ਾਬਾਸ਼ ਵੀ ਦੇਂਦਾ ਹੈ।੧।ਰਹਾਉ।(ਮੇਰੀ ਬੇਨਤੀ ਹੈ ਕਿ) ਹੇ ਹਰੀ! ਮੈਨੂੰ ਗੁਰੂ ਮਿਲਾ ਦੇ, ਜੋ ਮੈਨੂੰ ਹਰੀ ਦਾ ਨਾਮ ਧਨ ਰੂਪ ਰਾਸ਼ੀ ਦੱਸ ਦੇਵੇ।ਹੇ ਭਾਈ ਜਨੋਂ! ਨਿਰਣਾ ਕਰਕੇ ਦੇਖ ਲਵੋ, ਗੁਰੂ ਤੋਂ ਬਿਨਾ ਪ੍ਰਭੂ ਦਾ ਪ੍ਰੇਮ ਨਹੀਂ ਲੱਭਦਾ।ਹਰੀ ਨੇ ਆਪਣਾ ਆਪ ਗੁਰੂ ਵਿਚ ਰੱਖਿਆ ਹੋਇਆ ਹੈ, ਗੁਰੂ ਦਾ ਧੰਨਵਾਦ ਹੈ, ਜੋ ਹਰੀ ਨਾਲ ਮਿਲਾ ਦੇਂਦਾ ਹੈ।੨।(ਹੇ ਭਾਈ!) ਸੰਸਾਰ ਸਮੁੰਦਰ ਵਿਚ ਹਰੀ ਦੀ ਭਗਤੀ ਦਾ ਭੰਡਾਰ ਪੂਰੇ ਸਤਿਗੁਰੂ ਦੇ ਪਾਸ ਹੈ।(ਜਦੋਂ) ਸਤਿਗੁਰੂ ਪ੍ਰਸੰਨ ਹੁੰਦਾ ਹੈ, ਤਾਂ (ਗੁਰੂ ਭਗਤੀ ਦਾ ਖਜਾਨਾ) ਖੋਲ੍ਹ ਦੇਂਦਾ ਹੈ ਅਤੇ ਮੂੰਹੋਂ ਉਪਦੇਸ਼ ਦੇ ਕੇ ਗੁਰਮੁਖਾਂ ਦੇ ਅੰਦਰ ਹਰੀ ਦਾ ਪ੍ਰਕਾਸ਼ ਕਰ ਦਿੰਦਾ ਹੈ; ਮੁਖੀ ਗੁਰੂ ਹਰੀ ਦਾ ਪ੍ਰਕਾਸ਼ ਕਰਾ ਦੇਂਦਾ ਹੈ।(ਪਰ) ਭਾਗਾਂ ਤੋਂ ਹੀਣਾ ਮਨਮੁਖ ਸਰੋਵਰ ਦੇ ਕੰਢੇ ਕੋਲ ਬੈਠਾ ਤਿਹਾਇਆ ਹੀ ਮਰ ਜਾਂਦਾ ਹੈ (ਗੁਰੂ ਦਾ ਉਪਦੇਸ਼ ਪ੍ਰਾਪਤ ਨਹੀਂ ਕਰਦਾ)।੩।(ਹੇ ਭਾਈ!) ਗੁਰੂ ਦਾਤਿਆਂ ਦਾ ਵੀ ਦਾਤਾਰ ਹੈ, ਮੈਂ ਗੁਰੂ ਪਾਸੋਂ (ਇਹੀ) ਦਾਨ ਮੰਗਦਾ ਹਾਂ। (ਕਿ ਹੇ ਗੁਰੂ ਪਾਤਸ਼ਾਹ!) ਮੈਨੂੰ ਚਿਰ ਤੋਂ ਵਿਛੜੇ ਹੋਏ ਨੂੰ ਪ੍ਰਭੂ ਮਿਲਾ ਦੇਹ, ਮੇਰੇ ਮਨ ਵਿਚ ਤੇ ਸਰੀਰ ਵਿਚ ਵੱਡੀ ਆਸ ਲਗੀ ਹੋਈ ਹੈ।ਹੇ ਗੁਰੂ ਜੀ! ਦਾਸ ਨਾਨਕ ਦੀ ਇਹ ਅਰਦਾਸ ਹੈ, (ਜੇ ਆਪ ਜੀ ਨੂੰ) ਚੰਗਾ ਲੱਗੇ, ਤਾਂ ਬੇਨਤੀ ਸੁਣ ਲਵੋ।੪।੨।੪।

ਦਾਰਥ = ਹਉ–ਮੈਂ।ਪੂੰਜੀ–ਰਾਸ਼ੀ (ਸਰਮਾਇਆ)।ਦਸਾਇਦਾ–ਪੁੱਛਦਾ ਹਾਂ।ਕੋ–ਕੋਈ (ਗੁਰਮੁਖ ਪਿਆਰਾ)।ਦਸੇ–ਦੱਸੇ।ਰਾਸਿ–ਰਾਸ਼ੀ।ਵਿਟਹੁ–ਤੋਂ।ਖਨ ਖੰਨੀਐ–ਟੋਟੇ ਟੋਟੇ ਹੋ ਕੇ ਕੁਰਬਾਨ ਜਾਵਾਂ।ਮੈ–ਮੈਨੂੰ।ਪਾਸਿ–ਕੋਲ; ਨੇੜੇ।ਅੰਤਰਿ–ਹਿਰਦੇ ਅੰਦਰ।ਪਿਰੰਮ ਕਾ–ਪਿਆਰੇ ਪ੍ਰਭੂ ਦਾ।ਮਿਲਾਸਿ–ਮਿਲਾਂ; ਮਿਲਣ ਦੀ ਆਸ ਹੈ।੧।ਮਨ–ਹੇ ਮਨ!।ਗੁਰਿ ਪੂਰੈ–ਪੂਰੇ ਗੁਰੂ ਨੇ।ਦ੍ਰਿੜਾਇਆ–ਹਿਰਦੇ ਵਿਚ ਪੱਕਾ ਕਰ ਦਿਤਾ।ਧੀਰਕ–ਧੀਰਜ (ਦਿਲਾਸਾ); ਚਿੱਤ ਦੀ ਦ੍ਰਿੜਤਾ।੧।ਰਹਾਉ।ਹਰਿ ਹਰਿ–ਹੇ ਹਰੀ!।ਨ ਲਭਈ–ਲੱਭਦਾ ਨਹੀਂ।ਜਨ–ਹੇ ਭਾਈ ਜਨੋਂ!।ਮਨਿ–ਮਨ ਵਿਚ।ਨਿਰਜਾਸਿ–ਨਿਰਣਾ ਕਰਕੇ।ਹਰਿ–ਹਰੀ ਨੇ।ਆਪੁ–ਆਪਣਾ ਆਪ।ਮੇਲੇ–ਮਿਲਾ ਦੇਂਦਾ ਹੈ।ਗੁਰ ਸਾਬਾਸਿ–ਗੁਰੂ ਦਾ ਧੰਨਵਾਦ ਹੈ; ਗੁਰੂ ਦੀ ਵਡਿਆਈ ਹੈ।੨।ਸਾਗਰ–ਸੰਸਾਰ ਸਮੁੰਦਰ ਵਿਚ।ਭਗਤਿ ਭੰਡਾਰ–ਭਗਤੀ ਦਾ ਖਜਾਨਾ।ਪਾਸਿ–ਕੋਲ।ਤੁਠਾ–ਪ੍ਰਸੰਨ ਹੁੰਦਾ ਹੈ।ਖੋਲਿ ਦੇਇ–ਖੋਲ੍ਹ ਦੇਂਦਾ ਹੈ।ਮੁਖਿ–ਮੂੰਹੋਂ।ਗੁਰਮੁਖਿ–ਗੁਰੂ ਦੀ ਸਿਖਿਆ ਅਨੁਸਾਰ ਚੱਲਣ ਵਾਲਾ ਮਨੁੱਖ; ਗੁਰੂ।ਪਰਗਾਸਿ–ਚਾਨਣ ਕਰ ਦਿੰਦਾ ਹੈ।ਮਨਮੁਖਿ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਭਾਗ ਵਿਹੂਣਿਆ–ਮਾੜੀ ਕਿਸਮਤ ਵਾਲਾ।ਤਿਖ–ਤਿਹਾਇਆ।ਮੁਈਆ–ਮਰ ਜਾਂਦਾ ਹੈ।ਕੰਧੀ–ਸਰੋਵਰ ਦਾ ਕੰਢਾ।੩।ਹਉ ਮਾਗਉ–ਮੈਂ ਮੰਗਦਾ ਹਾਂ।ਚਿਰੀ ਵਿਛੁੰਨਾ–ਚਿਰਾਂ ਤੋਂ ਵਿਛੜੇ ਹੋਏ ਨੂੰ।ਤਨਿ–ਸਰੀਰ ਵਿਚ।ਗੁਰ ਭਾਵੈ–ਹੇ ਗੁਰੂ! ਜੇ ਤੈਨੂੰ ਚੰਗਾ ਲੱਗੇ।ਜਨ ਨਾਨਕ–ਦਾਸ ਨਾਨਕ ਦੀ।ਸੁਣਿ ਆਰਦਾਸਿ–ਅਰਦਾਸ ਸੁਣ ਲਵੋ ਜੀ।੪।੨।੪।

ਮਾਰੂ ਮਹਲਾ ੪ ॥ ਹਰਿ ਹਰਿ ਕਥਾ ਸੁਣਾਇ ਪ੍ਰਭ, ਗੁਰਮਤਿ ਹਰਿ ਰਿਦੈ ਸਮਾਣੀ । ਜਪਿ ਹਰਿ ਹਰਿ ਕਥਾ ਵਡਭਾਗੀਆ, ਹਰਿ ਉਤਮ ਪਦੁ ਨਿਰਬਾਣੀ ॥ ਗੁਰਮੁਖਾ ਮਨਿ ਪਰਤੀਤ ਹੈ, ਗੁਰਿ ਪੂਰੈ ਨਾਮਿ ਸਮਾਣੀ ॥੧॥ (ਹੇ ਮੇਰੇ ਮਨ! ਤੂੰ) ਹਰੀ ਪ੍ਰਭੂ ਦੀ ਕਥਾ ਸੁਣਿਆ ਕਰ; (ਹੇ ਗੁਰੂ! ਮੈਨੂੰ) ਹਰੀ ਪ੍ਰਭੂ ਦੀ ਕਥਾ ਸੁਣਾ, ਗੁਰੂ ਦੀ ਸਿੱਖਿਆ ਦੁਆਰਾ ਹਰੀ ਦੀ ਇਹ ਕਥਾ ਹਿਰਦੇ ਵਿਚ ਟਿਕ ਜਾਂਦੀ ਹੈ।ਵੱਡੇ ਭਾਗਾਂ ਵਾਲਿਆਂ ਨੇ ਹਰੀ ਦੀ ਇਹ ਕਥਾ ਸੁਣ ਕੇ ਅਤੇ ਹਰੀ ਦਾ ਨਾਮ ਜਪ ਕੇ ਹਰੀ ਪਾਸੋਂ ਉਤਮ ਅਬਿਨਾਸ਼ੀ ਪਦ ਪਾ ਲਿਆ ਹੈ।ਗੁਰਮੁਖਾਂ ਦੇ ਮਨ ਵਿਚ ਸ਼ਰਧਾ ਹੈ, ਪੂਰੇ ਗੁਰੂ ਰਾਹੀਂ (ਉਨ੍ਹਾਂ ਦੀ) ਬਿਰਤੀ ਨਾਮ ਵਿਚ ਲੀਨ ਰਹਿੰਦੀ ਹੈ।੧।

ਅੰਗ ੯੯੭ = ਮਨ ਮੇਰੇ, ਮੈ ਹਰਿ ਹਰਿ ਕਥਾ ਮਨਿ ਭਾਣੀ ॥ ਹਰਿ ਹਰਿ ਕਥਾ ਨਿਤ ਸਦਾ ਕਰਿ, ਗੁਰਮੁਖਿ ਅਕਥ ਕਹਾਣੀ ॥੧ ॥ਰਹਾਉ॥ ਮੈ ਮਨੁ ਤਨੁ ਖੋਜਿ ਢੰਢੋਲਿਆ, ਕਿਉ ਪਾਈਐ ਅਕਥ ਕਹਾਣੀ ॥ ਸੰਤ ਜਨਾ ਮਿਲਿ ਪਾਇਆ, ਸੁਣਿ ਅਕਥ ਕਥਾ ਮਨਿ ਭਾਣੀ ॥ ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ, ਮੈ ਮੇਲੇ ਪੁਰਖੁ ਸੁਜਾਣੀ ॥੨॥ ਗੁਰ ਪੁਰਖੈ ਪੁਰਖੁ ਮਿਲਾਇ ਪ੍ਰਭ, ਮਿਲਿ ਸੁਰਤੀ ਸੁਰਤਿ ਸਮਾਣੀ ॥ ਵਡਭਾਗੀ ਗੁਰੁ ਸੇਵਿਆ, ਹਰਿ ਪਾਇਆ ਸੁਘੜ ਸੁਜਾਣੀ ॥ ਮਨਮੁਖ ਭਾਗ ਵਿਹੂਣਿਆ, ਤਿਨ ਦੁਖੀ ਰੈਣਿ ਵਿਹਾਣੀ ॥੩॥ ਹਮ ਜਾਚਿਕ ਦੀਨ ਪ੍ਰਭ ਤੇਰਿਆ, ਮੁਖਿ ਦੀਜੈ ਅੰਮ੍ਰਿਤ ਬਾਣੀ ॥ ਸਤਿਗੁਰੁ ਮੇਰਾ ਮਿਤ੍ਰੁ ਪ੍ਰਭ, ਹਰਿ ਮੇਲਹੁ ਸੁਘੜ ਸੁਜਾਣੀ ॥ ਜਨ ਨਾਨਕ ਸਰਣਾਗਤੀ, ਕਰਿ ਕਿਰਪਾ ਨਾਮਿ ਸਮਾਣੀ ॥੪॥੩॥੫॥ ਹੇ ਮੇਰੇ ਮਨ! ਮੇਰੇ ਮਨ ਵਿਚ ਹਰੀ ਦੀ ਕਥਾ ਪਿਆਰੀ ਲਗਦੀ ਹੈ।(ਹੇ ਮਨ! ਤੂੰ) ਹਰੀ ਦੀ ਕਥਾ ਹਰ ਰੋਜ ਸਦਾ ਕਰਿਆ ਕਰ, ਅਕੱਥ ਪ੍ਰਭੂ ਦੀ ਇਹ ਕਥਾ ਕਹਾਣੀ ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਾਪਤ ਹੁੰਦੀ ਹੈ।੧।ਰਹਾਉ।(ਹੇ ਭਾਈ!) ਮੈਂ ਮਨ ਤੇ ਤਨ ਨੂੰ ਖੋਜ ਕੇ ਢੂੰਢਿਆ ਹੈ ਕਿ ਅਕੱਥ ਪ੍ਰਭੂ ਦੀ ਕਥਾ ਕਹਾਣੀ ਕਿਵੇਂ ਪ੍ਰਾਪਤ ਹੋਵੇ? (ਪਤਾ ਲੱਗਾ ਹੈ ਕਿ) ਸੰਤ ਜਨਾਂ ਨਾਲ ਮਿਲ ਕੇ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ ਅਤੇ (ਸੰਤ ਜਨਾਂ

ਪਾਸੋਂ ਹੀ) ਅਕੱਥ ਪ੍ਰਭੂ ਦੀ ਕਥਾ ਸੁਣ ਕੇ ਮਨ ਵਿਚ ਪਿਆਰੀ ਲਗਦੀ ਹੈ। ਹਰੀ ਦਾ ਨਾਮ ਹੀ ਮੇਰੇ ਮਨ ਵਿਚ ਤੇ ਸਰੀਰ ਵਿਚ ਆਸਰਾ ਹੈ, (ਇਹ ਨਾਮ ਹੀ) ਮੈਨੂੰ ਜਾਣੀ ਜਾਣ ਹਰੀ ਪੁਰਖ ਨਾਲ ਮੇਲੇਗਾ।੨।(ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਪੁਰਖ ਨੇ ਪ੍ਰਭੂ ਪੁਰਖ ਨਾਲ ਮਿਲਾਇਆ ਹੈ, (ਪ੍ਰਭੂ ਨੂੰ) ਮਿਲ ਕੇ (ਉਸ ਮਨੁੱਖ ਦੀ) ਸੁਰਤ, ਉਸ ਸੁਰਤਾਂ ਦੇ ਮਾਲਕ ਪ੍ਰਭੂ ਵਿਚ ਸਮਾ ਗਈ ਹੈ। ਵੱਡੇ ਭਾਗਾਂ ਵਾਲੇ ਮਨੁੱਖਾਂ ਨੇ ਗੁਰੂ ਦੀ ਸੇਵਾ ਭਗਤੀ ਕੀਤੀ, (ਉਨ੍ਹਾਂ ਨੇ) ਅੰਤਰਜਾਮੀ ਸੁੱਘੜ ਪ੍ਰਭੂ ਨੂੰ ਪਾ ਲਿਆ ਹੈ। ਮਨਮੁਖ ਭਾਗਾਂ ਤੋਂ ਹੀਣੇ ਹਨ, ਉਨ੍ਹਾਂ ਦੀ ਜੀਵਨ ਰੂਪ ਰਾਤ ਦੁਖਾਂ ਵਿਚ ਬੀਤਦੀ ਹੈ।੩। ਹੇ ਪ੍ਰਭੂ! ਅਸੀਂ ਤੇਰੇ ਦਰ ਦੇ ਗਰੀਬ ਮੰਗਤੇ ਹਾਂ, ਸਾਡੇ ਮੂੰਹ ਵਿਚ ਬਾਣੀ ਦੀ ਅੰਮ੍ਰਿਤ ਬੂੰਦ ਪਾ ਦੇਹ। ਹੇ ਪ੍ਰਭੂ! ਸੁਤਗੁਰੂ ਮੇਰਾ ਮਿਤ੍ਰ ਹੈ, ਹੇ ਹਰੀ! (ਮੈਨੂੰ ਉਹ) ਸੁਘੜ ਸੁਜਾਣੀ ਸਤਿਗੁਰੂ ਮਿਲਾ ਦੇਹ। ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, (ਮੇਰੇ ਉਤੇ) ਕ੍ਰਿਪਾ ਕਰ, ਮੈਂ ਤੇਰੇ ਨਾਮ ਵਿਚ ਲੀਨ ਰਹਾਂ।੪।੩।੫।

ਪਦਾਰਥ = ਸੁਣਾਇ–ਸੁਣਿਆ ਕਰ; ਸੁਣਾ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਰਿਦੈ–ਹਿਰਦੇ ਵਿਚ। ਸਮਾਣੀ–ਟਿਕ ਜਾਂਦੀ ਹੈ। ਜਪਿ–ਜਪ ਕੇ। ਵਡਭਾਗੀਆ–ਵੱਡੇ ਭਾਗਾਂ ਵਾਲਿਆਂ ਨੇ। ਨਿਰਬਾਣੀ–ਅਬਿਨਾਸ਼ੀ ਪਦ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਪਰਤੀਤਿ–ਸ਼ਰਧਾ; ਭਰੋਸਾ। ਗੁਰਿ ਪੂਰੈ–ਪੂਰੇ ਗੁਰੂ ਦੁਆਰਾ। ਨਾਮਿ–ਨਾਮ ਵਿਚ। ਸਮਾਣੀ–(ਬਿਰਤੀ) ਲੀਨ ਰਹਿੰਦੀ ਹੈ।੧। ਮਨ–ਹੇ ਮਨ!। ਮਨਿ–ਮਨ ਵਿਚ। ਭਾਣੀ–ਪਿਆਰੀ ਲਗਦੀ ਹੈ। ਨਿਤ–ਹਰ ਰੋਜ। ਕਰਿ–ਕਰਿਆ ਕਰ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਅਕਥ ਕਹਾਣੀ–ਅਕੱਥ ਪ੍ਰਭੂ ਦੀ ਕਥਾ ਕਹਾਣੀ।੧। ਰਹਾਉ। ਤਨੁ–ਸਰੀਰ। ਖੋਜਿ–ਖੋਜ ਕੇ। ਢੰਢੋਲਿਆ–ਢੂੰਢਿਆ ਹੈ। ਕਿਉ–ਕਿਵੇਂ। ਮਿਲਿ–ਮਿਲ ਕੇ। ਸੁਣਿ–ਸੁਣ ਕੇ। ਅਧਾਰੁ–ਆਸਰਾ। ਪੁਰਖੁ ਸੁਜਾਣੀ–ਅੰਤਰਜਾਮੀ ਅਕਾਲ ਪੁਰਖ।੨। ਗੁਰ ਪੁਰਖੈ–ਗੁਰੂ ਪੁਰਖ ਨੇ। ਪੁਰਖੁ ਪ੍ਰਭ–ਪ੍ਰਭੂ ਪੁਰਖ। ਮਿਲਾਇ–ਮਿਲਾਇਆ ਹੈ। ਸੁਰਤੀ–ਸੁਰਤਾਂ ਦੇ ਮਾਲਕ ਪ੍ਰਭੂ ਵਿਚ। ਸੁਰਤਿ–ਚਿੱਤ ਬਿਰਤੀ। ਸਮਾਣੀ–ਲੀਨ ਹੋ ਗਈ। ਵਡਭਾਗੀ–ਵੱਡੇ ਭਾਗਾਂ ਵਾਲਿਆਂ ਨੇ। ਸੇਵਿਆ–ਸੇਵਾ ਭਗਤੀ ਕੀਤੀ। ਸੁਘੜ–ਚੰਗੀ ਤਰ੍ਹਾਂ ਘੜਿਆ ਹੋਇਆ; ਸਿਆਣਾ; ਬੱਧੀਮਾਨ। ਸੁਜਾਣੀ–ਸਭ ਦੇ ਦਿਲਾਂ ਦੀ ਜਾਨਣ ਵਾਲਾ। ਭਾਗ ਵਿਹੂਣਿਆ–ਭਾਗਾਂ ਤੋਂ ਹੀਣਾ। ਤਿਨ–ਉਨ੍ਹਾਂ ਦੀ। ਰੈਣਿ–ਜੀਵਨ ਰੂਪ ਰਾਤ। ਵਿਹਾਣੀ–ਬੀਤਦੀ ਹੈ।੩। ਹਮ–ਅਸੀਂ (ਸੰਸਾਰੀ ਜੀਵ)। ਜਾਚਿਕ ਦੀਨ–ਨਿਮਾਣੇ ਮੰਗਤੇ। ਪ੍ਰਭ–ਹੇ ਪ੍ਰਭੂ!। ਮੁਖਿ–ਮੂੰਹ ਵਿਚ। ਦੀਜੈ ਅੰਮ੍ਰਿਤ–ਅੰਮ੍ਰਿਤ ਪਾ ਦੇਹ। ਸਰਣਾਗਤੀ–ਸ਼ਰਣ ਵਿਚ ਆਇਆ ਹੈ। ਨਾਮਿ ਸਮਾਣੀ–ਨਾਮ ਵਿਚ ਲੀਨ ਰਹਾਂ।੪।੩।੫।

ਮਾਰੂ ਮਹਲਾ ੪ ॥ ਹਰਿ ਭਾਉ ਲਗਾ ਬੈਰਾਗੀਆ, ਵਡਭਾਗੀ ਹਰਿ ਮਨਿ ਰਾਖੁ ॥ ਮਿਲਿ ਸੰਗਤਿ ਸਰਧਾ ਊਪਜੈ, ਗੁਰ ਸਬਦੀ ਹਰਿ ਰਸੁ ਚਾਖੁ ॥ ਸਭੁ ਮਨੁ ਤਨੁ ਹਰਿਆ ਹੋਇਆ, ਗੁਰਬਾਣੀ ਹਰਿ ਗੁਣ ਭਾਖੁ ॥੧॥ ਮਨ ਪਿਆਰਿਆ ਮਿਤ੍ਰਾ, ਹਰਿ ਹਰਿ ਨਾਮ ਰਸੁ ਚਾਖੁ ॥ ਗੁਰਿ ਪੂਰੈ ਹਰਿ ਪਾਇਆ, ਹਲਤਿ ਪਲਤਿ ਪਤਿ ਰਾਖੁ ॥੧॥ਰਹਾਉ॥ ਹਰਿ ਹਰਿ ਨਾਮੁ ਧਿਆਈਐ, ਹਰਿ ਕੀਰਤਿ ਗੁਰਮੁਖਿ ਚਾਖੁ ॥ ਤਨੁ ਧਰਤੀ ਹਰਿ ਬੀਜੀਐ, ਵਿਚਿ ਸੰਗਤਿ ਹਰਿ ਪ੍ਰਭ ਰਾਖੁ ॥ ਅੰਮ੍ਰਿਤੁ ਹਰਿ ਹਰਿ ਨਾਮੁ ਹੈ, ਗੁਰਿ ਪੂਰੈ ਹਰਿ ਰਸੁ ਚਾਖੁ ॥੨॥ ਮਨਮੁਖ ਤ੍ਰਿਸਨਾ ਭਰਿ ਰਹੇ, ਮਨਿ ਆਸਾ ਦਹ ਦਿਸ ਬਹੁ ਲਾਖੁ ॥ ਬਿਨੁ ਨਾਵੈ ਧ੍ਰਿਗੁ ਜੀਵਦੇ, ਵਿਚਿ ਬਿਸਟਾ ਮਨਮੁਖ ਰਾਖੁ ॥ ਓਇ ਆਵੈ ਜਾਇ ਭਵਾਈਅਹਿ, ਬਹੁ ਜੋਨੀ ਦੁਰਗੰਧ ਭਾਖੁ ॥੩॥ ਤ੍ਰਾਹਿ ਤ੍ਰਾਹਿ ਸਰਣਾਗਤੀ, ਹਰਿ ਦਇਆ ਧਾਰਿ ਪ੍ਰਭ ਰਾਖੁ ॥ ਸੰਤ ਸੰਗਤਿ ਮੇਲਾਪੁ ਕਰਿ, ਹਰਿ ਨਾਮੁ ਮਿਲੈ ਪਤਿ ਸਾਖੁ ॥ ਹਰਿ ਹਰਿ ਨਾਮੁ ਧਨੁ ਪਾਇਆ, ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥ ਹੇ ਬੈਰਾਗੀ ਮਨੁੱਖ! ਵੱਡੇ ਭਾਗਾਂ ਨਾਲ (ਤੇਰੇ ਅੰਦਰ) ਹਰੀ ਦਾ ਪ੍ਰੇਮ ਲੱਗਾ ਹੈ, (ਹੁਣ ਤੂੰ) ਅਪਣੇ ਮਨ ਵਿਚ ਹਰੀ ਦੇ ਨਾਮ ਨੂੰ ਯਾਦ ਰੱਖ; (ਹੇ ਭਾਈ!) ਬੈਰਾਗੀ ਮਨੁੱਖਾਂ ਦੇ ਮਨ ਵਿਚ ਹਰੀ ਦਾ ਪ੍ਰਾਪਤੀ ਵਾਲਾ ਪ੍ਰੇਮ ਲੱਗਾ ਹੈ, ਹੇ ਵੱਡੇ ਭਾਗਾਂ ਵਾਲੇ ਮਨੁੱਖ! (ਤੂੰ ਵੀ) ਹਰੀ ਨੂੰ ਮਨ ਵਿਚ ਯਾਦ ਰੱਖ। (ਹੇ ਭਾਈ!) ਸਾਧ ਸੰਗਤ ਵਿਚ ਮਿਲ ਕੇ (ਨਾਮ ਸਿਮਰਨ ਦੀ) ਸ਼ਰਧਾ ਪੈਦਾ ਹੁੰਦੀ ਹੈ, ਤੂੰ ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਨਾਮ ਰਸ ਨੂੰ ਚੱਖਦਾ ਰਹੁ। (ਨਾਮ ਰਸ ਚੱਖਣ ਨਾਲ) ਮਨ, ਸਰੀਰ ਤੇ ਸਭ ਕੁਛ ਹਰਾ ਭਰਾ ਹੋਇਆ ਰਹਿੰਦਾ ਹੈ, (ਹੇ ਭਾਈ! ਤੂੰ ਵੀ) ਗੁਰੂ ਦੀ ਬਾਣੀ ਦੁਆਰਾ ਹਰੀ ਦੇ ਗੁਣ ਉਚਾਰਨ ਕਰ।੧। ਹੇ ਮੇਰੇ ਪਿਆਰੇ ਮਿਤ੍ਰ ਮਨ! ਸਦਾ ਹਰੀ ਦਾ ਨਾਮ ਦਾ ਰਸ ਚੱਖਦਾ ਰਹਿ। (ਜਿਸ ਮਨੁੱਖ ਨੇ) ਪੂਰੇ ਗੁਰੂ ਰਾਹੀਂ ਹਰੀ ਦਾ ਨਾਮ ਰਸ ਪ੍ਰਾਪਤ ਕੀਤਾ ਹੈ। (ਹਰੀ ਨੇ ਉਸ ਦੀ) ਲੋਕ ਪ੍ਰਲੋਕ ਵਿਚ ਇੱਜਤ ਰੱਖ ਲਈ ਹੈ।੧। ਰਹਾਉ। (ਹੇ ਭਾਈ! ਤੂੰ) ਹਰੀ ਦਾ ਨਾਮ ਸਿਮਰਿਆ ਕਰ, ਗੁਰੂ ਦੀ ਸ਼ਰਨ ਵਿਚ ਪੈ ਕੇ ਹਰੀ ਦੇ ਜਸ ਦਾ ਸੁਆਦ ਚੱਖ। ਸਰੀਰ ਰੂਪ ਧਰਤੀ ਵਿਚ ਹਰੀ ਦਾ ਨਾਮ ਰੂਪ ਬੀਜ ਬੀਜਏ ਅਤੇ (ਬੇਨਤੀ ਕਰੀਏ ਕਿ) ਹੇ ਹਰੀ ਪ੍ਰਭੂ! (ਸਾਨੂੰ) ਸਤਸੰਗਤ ਵਿਚ ਰੱਖ (ਤਾਂ ਕਿ ਸਾਡੀ ਸ਼ੁੱਭ ਗੁਣਾਂ ਦੀ ਖੇਤੀ ਬਚੀ ਰਹੇ। ਟਕਸਾਲ); ਪ੍ਰਭੂ ਆਪਣੇ ਆਪ ਨੂੰ ਸਤ ਸੰਗਤ ਵਿਚ ਰਖਦਾ ਹੈ (ਸ਼ਬਦਾਰਥ। ਹੇ ਭਾਈ!) ਹਰੀ ਦਾ ਨਾਮ ਅੰਮ੍ਰਿਤ ਹੈ, ਪੂਰੇ ਗੁਰੂ ਦੁਆਰਾ ਹਰੀ ਦੇ ਨਾਮ ਦਾ ਸੁਆਦ ਚੱਖ।੨

।(ਹੇ ਭਾਈ!) ਮਨਮੁਖ ਬੰਦੇ ਤ੍ਰਿਸ਼ਨਾ ਨਾਲ ਭਰੇ ਰਹਿੰਦੇ ਹਨ, (ਉਹ) ਮਨ ਵਿਚ ਦਸੇ ਦਿਸ਼ਾਵਾਂ ਵਿਚ (ਹਰ ਪਾਸੇ ਪਦਾਰਥਾਂ ਦੀ) ਬਹੁਤ ਆਸਾਂ ਬੰਨ੍ਹੀ ਬੈਠੇ ਹਨ; (ਉਹ ਇਹ) ਆਸਾਂ ਰਖਦੇ ਹਨ ਕਿ ਦਸੇ ਦਿਸ਼ਾਵਾਂ ਵਿਚ ਜਾ ਕੇ ਲੱਖਾਂ ਧਨ ਕਮਾ ਲਈਏ (ਸੰ.ਸ.; ਫ.ਸ.)।(ਜੋ ਮਨੁੱਖ ਪ੍ਰਭੂ ਦੇ) ਨਾਮ ਤੋਂ ਬਿਨਾ ਜਿਉਂਦੇ ਹਨ, (ਉਨ੍ਹਾਂ ਦਾ ਜਗਤ ਵਿਚ ਜਿਉਣਾ) ਧ੍ਰਿਗ ਹੈ, ਮਨਮੁਖਾਂ ਦਾ ਟਿਕਾਣਾ ਗੰਦਗੀ ਵਿਚ ਹੁੰਦਾ ਹੈ।ਉਹ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ ਅਤੇ ਬਹੁਤ (ਨੀਚ) ਜੋਨੀਆਂ ਵਿਚ ਭਵਾਏ ਜਾਂਦੇ ਹਨ, ਦੁਰਗੰਧ ਹੀ (ਮਨਮੁਖਾਂ ਦਾ) ਖਾਣਾ ਹੁੰਦਾ ਹੈ।੩।ਹੇ ਹਰੀ ਪ੍ਰਭੂ! ,ਦਇਆ ਕਰਕੇ (ਸਾਡੀ) ਰੱਖਿਆ ਕਰ (ਅਸੀਂ ਤੇਰੀ) ਸ਼ਰਣ ਵਿਚ ਆਏ ਹਾਂ, (ਤੂੰ ਸਾਨੂੰ) ਰੱਖ ਲੈ, ਬਚਾ ਲੈ।ਸੰਤਾਂ ਦੀ ਸੰਗ ਵਿਚ ਸਾਡਾ ਮਿਲਾਪ ਕਰ ਦੇਹ, (ਤਾਂ ਕਿ ਸਾਨੂੰ) ਨਾਮ ਮਿਲ ਜਾਵੇ, (ਜਿਸ ਨਾਲ ਲੋਕ ਪ੍ਰਲੋਕ ਵਿਚ) ਇੱਜਤ ਮਿਲੇ ਅਤੇ (ਸਾਡਾ) ਇਤਬਾਰ ਬਣਿਆ ਰਹੇ।ਦਾਸ ਨਾਨਕ ਆਖਦਾ ਹੈ ਕਿ (ਸੰਤਾਂ ਦੀ ਸੰਗਤ ਵਿਚ) ਨਾਮ ਧਨ ਪਾਇਆ ਜਾਂਦਾ ਹੈ, (ਹੇ ਭਾਈ! ਤੂੰ ਵੀ) ਗੁਰੂ ਦੀ ਸਿੱਖਿਆ ਲੈ ਕੇ ਨਾਮ ਉਚਾਰਨ ਕਰ।੪।੪।੬।

ਪਦਾਰਥ = ਭਾਉ–ਪ੍ਰੇਮ।ਬੈਰਾਗੀਆ–ਹੇ ਬੈਰਾਗਵਾਨ ਮਨੁੱਖ! (ਬੈਰਾਗੀਆ–ਸੰਸਾਰ ਦੇ ਪਦਾਰਥਾਂ ਦੇ ਮੋਹ ਤੋਂ ਰਹਿਤ ਮਨੁੱਖ)।ਮਨਿ–ਮਨ ਵਿਚ।ਵਡਭਾਗੀ–ਵੱਡੇ ਭਾਗਾਂ ਨਾਲ।ਮਿਲਿ–ਮਿਲ ਕੇ।ਉਪਜੈ–ਪੈਦਾ ਹੁੰਦੀ ਹੈ।ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ।ਰਸੁ ਚਾਖੁ–ਸੁਆਦ ਚੱਖ।ਤਨੁ–ਸਰੀਰ।ਹਰਿਆ–ਖਿੜਿਆ; ਬਹੁਤ ਪ੍ਰਸੰਨ।ਗੁਰਬਾਣੀ–ਗੁਰੂ ਦੀ ਬਾਣੀ ਰਾਹੀਂ।ਭਾਖੁ–ਉਚਾਰਨ ਕਰ।੧।ਮਨ ਮਿਤ੍ਰਾ–ਹੇ ਮਿਤ੍ਰ ਮਨ!।ਨਾਮ ਰਸ–ਨਾਮ ਦਾ ਸੁਆਦ।ਗੁਰਿ ਪੂਰੈ–ਪੂਰੇ ਗੁਰੂ ਰਾਹੀਂ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਪਤਿ ਰਾਖੁ–ਇਜਤ ਰਖ ਲਈ ਹੈ।੧।ਰਹਾਉ।ਧਿਆਈਐ–ਸਿਮਰਿਆ ਕਰ।ਕੀਰਤਿ–ਜਸ (ਸਿਫਤ ਸਲਾਹ)।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਰਾਖੁ–ਰਖਦਾ ਹੈ।੨।ਮਨਮੁਖ–ਮਨ ਮਰਜੀ ਕਰਨ ਵਾਲਾ ਮਨੁੱਖ।ਭਰਿ ਰਹੇ–ਭਰੇ ਰਹਿੰਦੇ ਹਨ।ਦਹ ਦਿਸ–ਦਸੇ ਦਿਸ਼ਾਵਾਂ ਵਿਚ (ਸਭ ਪਾਸੇ)।ਬਹੁ–ਬਹੁਤ।ਲਾਖੁ–ਲੱਖਾਂ ਹੀ (ਬਹੁਤ ਜਿਆਦਾ)।ਧ੍ਰਿਗੁ–ਲਾਹਣਤ ਹੈ।ਬਿਸਟਾ–ਗੰਦਗੀ।ਰਾਖੁ–ਟਿਕਾਣਾ।ਓਇ–ਉਹ (ਬਹੁ ਵਚਨ)।ਆਵਹਿ ਜਾਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਹਨ।ਭਵਾਈਅਹਿ–ਫਿਰਾਏ ਜਾਂਦੇ ਹਨ। ਦੁਰਗੰਧ–ਗੰਦ।ਭਾਖੁ–ਖੁਰਾਕ।੩।ਤ੍ਰਾਹਿ ਤ੍ਰਾਹਿ–ਬਚਾ ਲੈ, ਰੱਖਿਆ ਕਰ।ਸਰਣਾਗਤੀ–ਸ਼ਰਣ ਵਿਚ ਆਏ ਹਾਂ।ਧਾਰਿ–ਧਾਰ ਕੇ। ਰਾਖੁ–ਰੱਖਿਆ ਕਰ।ਸੰਤ ਸੰਗਤਿ–ਸੰਤਾਂ ਦੀ ਸੰਗਤ ਵਿਚ।ਪਤਿ–ਇੱਜਤ।ਸਾਖੁ–ਇਤਬਾਰ।੪।੪।੬।

ਮਾਰੂ ਮਹਲਾ ੪ ਘਰੁ ੫ ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਭਗਤਿ ਭਰੇ ਭੰਡਾਰਾ ॥ ਗੁਰਮੁਖਿ ਰਾਮੁ ਕਰੇ ਨਿਸਤਾਰਾ ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ, ਸੋ ਹਰਿ ਕੇ ਗੁਣ ਗਾਵੈ ਜੀਉ ॥੧॥ ਹਰਿ ਹਰਿ ਕ੍ਰਿਪਾ ਕਰੇ ਬਨਵਾਲੀ ॥ ਹਰਿ ਹਿਰਦੈ ਸਦਾ ਸਦਾ ਸਮਾਲੀ ॥ ਹਰਿ ਹਰਿ ਨਾਮੁ ਜਪਹੁ ਮੇਰੇ ਜੀਅੜੇ, ਜਪਿ ਹਰਿ ਹਰਿ ਨਾਮੁ ਛਡਾਵੈ ਜੀਉ ॥੧॥ਰਹਾਉ॥ (ਹੇ ਭਾਈ! ਗੁਰੂ ਦੇ ਪਾਸ) ਹਰੀ ਦੀ ਭਗਤੀ ਦੇ ਭੰਡਾਰ ਭਰੇ ਹੋਏ ਹਨ।ਗੁਰੂ ਦੁਆਰਾ ਪ੍ਰਮਾਤਮਾ (ਜੀਵਾਂ ਦਾ ਭਵਜਲ ਤੋਂ) ਪਾਰ ਉਤਾਰਾ ਕਰਦਾ ਹੈ।ਮੇਰਾ ਮਾਲਕ ਪ੍ਰਭੂ ਜਿਸ ਜੀਵ ਉਤੇ ਕ੍ਰਿਪਾ ਕਰਦਾ ਹੈ, ਉਹ ਹਰੀ ਦੇ ਗੁਣ ਗਾਉਂਦਾ ਹੈ।੧।ਸੰਸਾਰ ਰੂਪ ਬਨ ਦਾ ਮਾਲਕ (ਜਿਸ ਮਨੁੱਖ ਉਤੇ) ਕ੍ਰਿਪਾ ਕਰਦਾ ਹੈ।(ਉਹ ਅਪਣੇ) ਹਿਰਦੇ ਵਿਚ ਹਰੀ ਨੂੰ ਸਦਾ ਯਾਦ ਕਰਦਾ ਹੈ।ਹੇ ਮੇਰੇ ਮਨ! ਹਰੀ ਦਾ ਨਾਮ ਜਪਦਾ ਰਹੁ , (ਕਿਉਂਕਿ) ਹਰੀ ਦਾ ਨਾਮ ਜਪਣ ਕਰਕੇ ਹੀ ਹਰੀ (ਤੈਨੂੰ ਦੁੱਖਾਂ ਅਤੇ ਜਮਾਂ ਤੋਂ) ਛੁਡਾ ਲਵੇਗਾ।੧।ਰਹਾਉ।

ਅੰਗ ੯੯੮ = ਸਾਖ ਸਾਗਰੁ ਅੰਮ੍ਰਿਤੁ ਹਰਿ ਨਾਉ ॥ ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥ ਹਰਿ ਸਤਿ ਸਤਿ ਸਦਾ ਹਰਿ ਸਤਿ, ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥ ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥ ਜੇ ਹਰਿ ਸੁਪ੍ਰਸੰਨ ਹੋਵੈ ਮੇਰਾ ਸੁਆਮੀ, ਹਰਿ ਸਿਮਰਤ ਮਲੁ ਲਹਿ ਜਾਵੈ ਜੀਉ ॥੩॥ ਮਾਇਆ ਮੋਹੁ ਬਿਖਮੁ ਹੈ ਭਾਰੀ ॥ ਕਿਉ ਤਰੀਐ ਦੁਤਰੁ ਸੰਸਾਰੀ ॥ ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ, ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥੪॥ ਤੂ ਸਰਬਤ੍ਰ ਤੇਰਾ ਸਭੁ ਕੋਈ ॥ ਜੋ ਤੂ ਕਰਹਿ ਸੋਈ ਪ੍ਰਭ ਹੋਈ ॥ ਜਨੁ ਨਾਨਕੁ ਗੁਣ ਗਾਵੈ ਬੇਚਾਰਾ, ਹਰਿ ਭਾਵੈ ਹਰਿ ਥਾਇ ਪਾਵੈ ਜੀਉ ॥੫॥੧॥੭॥ (ਹੇ ਭਾਈ!) ਹਰੀ ਦਾ ਅੰਮ੍ਰਿਤ ਨਾਮ ਸੁੱਖਾਂ ਦਾ ਸਮੁੰਦਰ ਹੈ।ਦਾਸ ਮੰਗਤਾ (ਹਰੀ ਤੋਂ ਨਾਮ ਦੀ ਦਾਤ) ਮੰਗਦਾ ਹੈ, ਹੇ ਹਰੀ! (ਮੇਰੇ ਉਤੇ) ਕ੍ਰਿਪਾ ਦ੍ਰਿਸਟੀ ਕਰ, (ਮੈਨੂੰ ਅਪਣਾ ਨਾਮ) ਦੇਹ।ਹੇ ਹਰੀ! (ਤੇਰਾ ਨਾਮ) ਤਿੰਨਾਂ ਕਾਲਾਂ ਵਿਚ ਸਦਾ ਕਾਇਮ ਰਹਿਣ ਵਾਲਾ ਹੈ, (ਇਹ) ਸਦਾ ਕਾਇਮ ਰਹਿਣ ਵਾਲਾ ਨਾਮ ਮੇਰੇ ਮਨ ਵਿਚ ਪਿਆਰਾ ਲਗਦਾ ਹੈ।੨।(ਹੇ ਭਾਈ!) ਸਰੀਰ ਦੇ ਨੌਂ ਛੇਕ ਸਦਾ ਸਿੰਮਦੇ ਰਹਿੰਦੇ ਹਨ ਅਤੇ (ਵਿਕਾਰਾਂ ਕਰਕੇ) ਗੰਦੇ ਹਨ।(ਜੋ ਮਨੁੱਖ) ਹਰੀ ਦਾ ਨਾਮ ਉਚਾਰਦਾ ਹੈ, (ਉਸ ਨੇ ਸਾਰੇ ਛੇਕ) ਪਵਿਤ੍ਰ ਕਰ ਲਏ ਹਨ।ਮੇਰਾ ਪ੍ਰਭੂ

ਮਾਲਕ ਜੇ (ਕਿਸੇ ਜੀਵ ਉਤੇ) ਪ੍ਰਸੰਨ ਹੋ ਜਾਵੇ, ਤਾਂ ਹਰੀ ਦਾ ਨਾਮ ਸਿਮਰਦਿਆਂ (ਉਸ ਦੇ ਛੇਕਾਂ ਦੀ ਸਾਰੀ) ਮੈਲ ਲਹਿ ਜਾਂਦੀ ਹੈ।੩।(ਹੇ ਭਾਈ!) ਮਾਇਆ ਦਾ ਮੋਹ ਛੱਡਣਾ ਬੜਾ ਭਾਰੀ ਔਖਾ ਹੈ।(ਮੋਹ ਛੱਡੇ ਬਿਨਾ) ਔਖਾ ਤਰਿਆ ਜਾਣ ਵਾਲਾ ਸੰਸਾਰ ਸਮੁੰਦਰ ਕਿਵੇਂ ਤਰਿਆ ਜਾਏ? ਸਤਿਗੁਰੂ ਜਹਾਜ ਹੈ, ਸੱਚਾ ਪ੍ਰਭੂ (ਜਿਸ ਮਨੁੱਖ ਨੂੰ ਇਹ ਜਹਾਜ) ਦੇਂਦਾ ਹੈ, (ਉਹ) ਹਰੀ ਦਾ ਨਾਮ ਜਪਦਾ ਹੈ, (ਸਤਿਗੁਰੂ ਉਸ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ।੪।(ਅਰਦਾਸ) ਹੇ ਪ੍ਰਭੂ! ਜੋ ਕੁਛ ਤੂੰ ਕਰਦਾ ਹੈਂ, ਉਹ ਹੀ ਹੁੰਦਾ ਹੈ।ਤੂੰ ਸਭ ਜਗ੍ਹਾ ਵਸਦਾ ਹੈਂ ਅਤੇ ਸਭ ਕੋਈ (ਹਰੇਕ ਜੀਵ) ਤੇਰਾ ਪੈਦਾ ਕੀਤਾ ਹੋਇਆ ਹੈ।ਵਿਚਾਰਾ ਦਾਸ ਨਾਨਕ ਤੇਰੇ ਗੁਣ ਗਾਉਂਦਾ ਹੈ, ਜੇ ਹਰੀ ਨੂੰ (ਗੁਣ ਗਾਉਣਾ) ਚੰਗਾ ਲਗੇ, ਤਾਂ ਹਰੀ ਪ੍ਰਵਾਨ ਕਰ ਲੈਂਦਾ ਹੈ।੫।੧।੭।

ਪਦਾਰਥ = ਭੰਡਾਰਾ–ਖਜਾਨੇ।ਗੁਰਮੁਖਿ–ਗੁਰੂ ਦੁਆਰਾ।ਰਾਮੁ–ਪ੍ਰਮਾਤਮਾ।ਨਿਸਤਾਰਾ–ਪਾਰ ਉਤਾਰਾ।ਜਿਸ ਨੋ–ਜਿਸ (ਮਨੁੱਖ) ਉਤੇ।ਸੁਆਮੀ–ਮਾਲਕ ਪ੍ਰਭੂ।ਸੋ–ਉਹ।੧।ਬਨਮਾਲੀ–ਜੰਗਲ ਦੇ ਫੁੱਲ ਜਿਸ ਦੀ ਮਾਲਾ ਹੈ; ਸੰਸਾਰ ਰੂਪ ਜੰਗਲ ਦਾ ਮਾਲਕ।ਹਿਰਦੈ–ਹਿਰਦੇ ਵਿਚ।ਸਮਾਲੀ–ਯਾਦ ਕਰਦਾ ਹੈ।ਜੀਅੜੇ–ਹੇ ਮਨ!।੧।ਰਹਾਉ।ਸੁਖ ਸਾਗਰ–ਸੁੱਖਾਂ ਦਾ ਸਮੁੰਦਰ।ਮੰਗਤ ਜਨੁ–ਦਾਸ ਮੰਗਤਾ।ਜਾਚੈ–ਮੰਗਦਾ ਹੈ।ਹਰਿ–ਹੇ ਹਰੀ!।ਪਸਾਉ–ਕ੍ਰਿਪਾ; ਨਾਮ ਦਾ ਪ੍ਰਸ਼ਾਦ; ਖੁਸ਼ੀ।ਸਤਿ–ਸਦਾ ਕਾਇਮ ਰਹਿਣ ਵਾਲਾ।ਮਨਿ–ਮਨ ਵਿਚ।ਭਾਵੈ–ਪਿਆਰਾ ਲਗਦਾ ਹੈ।੨।ਨਵੇ ਛਿਦ੍ਰ–ਸਰੀਰ ਦੇ ਨੌਂ (ਮੂੰਹ, ਨੱਕ ਕੰਨ ਆਦਿ) ਛੇਕ।ਸ੍ਰਵਹਿ–ਸਿੰਮਦੇ (ਵਗਦੇ) ਹਨ।ਅਪਵਿਤ੍ਰਾ–ਗੰਦੇ।ਬੋਲਿ–ਬੋਲਦਾ ਹੈ।ਕਿਤਾ–ਕਰ ਲਏ ਹਨ।ਸਿਮਰਤ–ਸਿਮਰਦਿਆਂ।ਮਲੁ–ਮੈਲ।ਲਹਿ ਜਾਵੈ–ਲਹਿ ਜਾਂਦੀ ਹੈ।੩।ਬਿਖਮੁ ਭਾਰੀ–ਬਹੁਤ ਔਖਾ।ਕਿਉ ਤਰੀਐ–ਕਿਵੇਂ ਤਰਿਆ ਜਾਏ? ਦੁਤਰੁ–ਜਿਸ ਨੂੰ ਤਰਨਾ ਔਖਾ ਹੈ।ਸੰਸਾਰੀ–ਸੰਸਾਰ ਸਮੁੰਦਰ।ਬੋਹਿਥੁ–ਜਹਾਜ।ਦੇਇ–ਦੇਂਦਾ ਹੈ।ਪ੍ਰਭੁ ਸਾਚਾ–ਸੱਚਾ ਪ੍ਰਭੂ।ਜਪਿ–ਜਪਦਾ ਹੈ।੪।ਸਰਬਤ੍ਰ–ਸਭ ਜਗ੍ਹਾ।ਸਭੁ ਕੋਈ–ਹਰੇਕ ਜੀਵ।ਕਰਹਿ–ਕਰਦਾ ਹੈਂ।ਸੋਈ–ਉਹ ਹੀ।ਪ੍ਰਭ–ਹੇ ਪ੍ਰਭੂ!।ਜਨੁ ਨਾਨਕੁ–ਦਾਸ ਨਾਨਕ।ਬੇਚਾਰਾ–ਗਰੀਬ; ਨਿਮਾਣਾ।ਹਰਿ ਭਾਵੈ–ਹਰੀ ਨੂੰ ਚੰਗਾ ਲੱਗੇ; ਪਸੰਦ ਆ ਜਾਵੇ।ਥਾਇ ਪਾਵੈ–ਪਰਵਾਨ ਕਰਦਾ ਹੈ।੫।੧।੭।

ਮਾਰੂ ਮਹਲਾ ੪ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ॥ ਸਭਿ ਕਿਲਵਿਖ ਕਾਟੈ ਹਰਿ ਤੇਰੇ ॥ ਹਰਿ ਧਨੁ ਰਾਖਹੁ ਹਰਿ ਧਨੁ ਸੰਚਹੁ ,ਹਰਿ ਚਲਦਿਆ ਨਾਲਿ ਸਖਾਈ ਜੀਉ ॥੧॥ ਜਿਸ ਨੋ ਕ੍ਰਿਪਾ ਕਰੇ ਸੋ ਧਿਆਵੈ ॥ ਨਿਤ ਹਰਿ ਜਪੁ ਜਾਪੈ ਜਪਿ ਹਰਿ ਸੁਖੁ ਪਾਵੈ ॥ ਗੁਰ ਪਰਸਾਦੀ ਹਰਿ ਰਸੁ ਆਵੈ, ਜਪਿ ਹਰਿ ਹਰਿ ਪਾਰਿ ਲੰਘਾਈ ਜੀਉ ॥੧॥ਰਹਾਉ॥ ਨਿਰਭਉ ਨਿਰੰਕਾਰੁ ਸਤਿ ਨਾਮੁ ॥ ਜਗ ਮਹਿ ਸ੍ਰੇਸਟੁ ਊਤਮ ਕਾਮੁ ॥ ਦੁਸਮਨ ਦੂਤ ਜਮਕਾਲੁ ਠੇਹ ਮਾਰਉ ,ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥ ਜਿਸੁ ਊਪਰਿ ਹਰਿ ਕਾ ਮਨੁ ਮਾਨਿਆ ॥ ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥ ਜੇ ਉਸ ਕਾ ਬੁਰਾ ਕਹੈ ਕੋਈ ਪਾਪੀ, ਤਿਸੁ ਜਮ ਕੰਕਰੁ ਖਾਈ ਜੀਉ ॥੩॥ ਸਭਿ ਮਹਿ ਏਕੁ ਨਿਰੰਜਨ ਕਰਤਾ ॥ ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥ ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ, ਜਿਸੁ ਕਰਤਾ ਆਪਿ ਛਡਾਈ ਜੀਉ ॥੪॥ ਹਉ ਅਨਦਿਨੁ ਨਾਮੁ ਲਈ ਕਰਤਾਰੇ ॥ ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥ ਦਸ ਅਠ ਚਾਰਿ ਵੇਦ ਸਭਿ ਪੂਛਹੁ ,ਜਨ ਨਾਨਕ ਨਾਮੁ ਛਡਾਈ ਜੀਉ ॥੫॥੨॥੮॥ ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਜਪਦਾ ਰਹੁ।ਹਰੀ ਨਾਮ ਦਾ ਸਿਮਰਨ ਤੇਰੇ ਸਾਰੇ ਪਾਪ ਕੱਟ ਦੇਵੇਗਾ।ਹਰੀ ਦੇ ਨਾਮ ਧਨ ਨੂੰ ਹਿਰਦੇ ਵਿਚ ਸੰਭਾਲ ਕੇ ਰੱਖ ਅਤੇ ਹਰੀ ਦਾ ਨਾਮ ਧਨ ਇਕੱਠਾ ਕਰ, (ਪ੍ਰਲੋਕ ਦੇ ਰਸਤੇ ਵਿਚ) ਚਲਦਿਆਂ ਹਰੀ ਦਾ ਨਾਮ ਜੀਵਾਤਮਾ ਦਾ ਸਹਾਈ ਹੋਵੇਗਾ।੧।(ਹੇ ਭਾਈ!) ਜਿਸ ਮਨੁੱਖ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ, ਉਹ ਮਨੁੱਖ ਪ੍ਰਭੂ ਦਾ ਨਾਮ ਧਿਆਉਂਦਾ ਹੈ।ਉਹ ਹਰ ਰੋਜ ਹਰੀ ਦੇ ਨਾਮ ਦਾ ਜਾਪ ਜਪਦਾ ਹੈ ਅਤੇ ਨਾਮ ਜਪ ਕੇ ਸੁਖ ਪਾਉਂਦਾ ਹੈ।ਗੁਰੂ ਦੀ ਕ੍ਰਿਪਾ ਨਾਲ (ਉਸ ਨੂੰ ਨਾਮ ਜਪਣ ਦਾ) ਸੁਆਦ ਆਉਂਦਾ ਹੈ, ਹਰੀ ਦਾ ਨਾਮ ਜਪ ਕੇ (ਉਹ ਅਪਣੇ ਜੀਵਨ ਦੀ ਬੇੜੀ ਨੂੰ ਭਵਜਲ ਤੋਂ) ਪਾਰ ਲੰਘਾ ਲੈਂਦਾ ਹੈ।੧।ਰਹਾਉ।(ਹੇ ਭਾਈ!) ਹਰੀ ਭੈ ਰਹਿਤ ਹੈ, ਅਕਾਰ ਰਹਿਤ ਹੈ ਅਤੇ (ਉਸ ਦਾ) ਨਾਮ ਸਦਾ ਕਾਇਮ ਰਹਿਣ ਵਾਲਾ ਹੈ।(ਹਰੀ ਨਾਮ ਦਾ ਜਾਪ) ਜਗਤ ਵਿਚ ਸਭ ਤੋਂ ਚੰਗਾ ਅਤੇ ਉਤਮ ਕੰਮ ਹੈ।(ਹਰੀ ਦਾ ਨਾਮ ਜਪਣ ਵਾਲਾ ਮਨੁੱਖ) ਦੁਸ਼ਮਨ, ਜਮਦੂਤ ਅਤੇ ਮੌਤ ਨੂੰ ਥਾਂ ਤੇ ਹੀ ਮਾਰ ਦੇਂਦਾ ਹੈ, (ਜਮਦੂਤ) ਹਰੀ ਦੇ ਸੇਵਕ ਦੇ ਨੇੜੇ ਨਹੀਂ ਜਾ ਸਕਦਾ।੨।ਜਿਸ ਮਨੁੱਖ ਉਪਰ ਹਰੀ ਦਾ ਮਨ ਮੰਨ (ਪਤੀਜ) ਗਿਆ ਹੈ (ਕਿ ਇਹ ਮੇਰਾ ਪੂਰਨ ਭਗਤ ਹੈ)।ਉਹ ਸੇਵਕ ਚਾਰੇ ਜੁਗਾਂ ਅਤੇ ਚਹੁੰ ਕੁੰਟਾਂ ਵਿਚ ਜਾਣਿਆ (ਪ੍ਰਸਿੱਧ ਹੋ) ਜਾਂਦਾ ਹੈ।ਜੇ ਕੋਈ ਪਾਪੀ ਬੰਦਾ ਉਸ (ਸੇਵਕ) ਦਾ ਬੁਰਾ ਕਰਨਾ ਆਖੇ (ਨਿੰਦਿਆ ਕਰੇ), ਉਸ (ਪਾਪੀ) ਨੂੰ ਜਮ ਦੂਤ ਖਾ ਜਾਂਦਾ ਹੈ।੩।(ਹੇ ਭਾਈ!) ਸਾਰੇ ਜੀਵਾਂ ਵਿਚ ਮਾਇਆ ਰਹਿਤ ਇਕ ਕਰਤਾਰ ਵਸ ਰਿਹਾ ਹੈ।(ਉਹ) ਆਪ ਹੀ ਸਾਰੇ ਕੌਤਕ ਕਰ ਕਰ ਕੇ ਦੇਖ ਰਿਹਾ ਹੈ।ਹਰੀ ਜਿਸ ਜੀਵ ਦੀ ਰੱਖਿਆ ਕਰਦਾ ਹੈ ਅਤੇ ਜਿਸ ਨੂੰ

ਕਰਤਾਰ ਆਪ ਛੁਡਾਉਣ ਵਾਲਾ ਹੈ, ਉਸ ਨੂੰ ਕੌਣ ਮਾਰ ਸਕਦਾ ਹੈ? (ਕੋਈ ਨਹੀਂ ਮਾਰ ਸਕਦਾ)।੪।(ਹੇ ਭਾਈ!) ਮੈਂ ਹਰ ਰੋਜ ਕਰਤਾਰ ਦਾ ਨਾਮ ਹੀ ਲੈਂਦਾ (ਜਪਦਾ) ਹਾਂ।ਜਿਸ ਨੇ ਕਰਤਾਰ ਨੇ ਸਾਰੇ ਸੇਵਕ ਅਤੇ ਭਗਤ (ਸੰਸਾਰ ਸਮੁੰਦਰ ਤੋਂ) ਤਾਰ ਦਿਤੇ ਹਨ। ਦਾਸ ਨਾਨਕ ਆਖਦਾ ਹੈ ਕਿ (ਹੇ ਭਾਈ!) ਅਠਾਰਾਂ ਪੁਰਾਣਾਂ ਅਤੇ ਚਾਰੇ ਵੇਦਾਂ ਨੂੰ ਪੁੱਛ ਲਵੋ, (ਉਹ ਇਹੋ ਕਹਿਣਗੇ ਕਿ ਬੰਧਨਾਂ ਤੋਂ) ਛਡਾਉਣ ਵਾਲਾ ਹਰੀ ਦਾ ਨਾਮ ਹੀ ਹੈ।੫।੨।੮।

ਪਦਾਰਥ = ਮਨ–ਹੇ ਮਨ!।ਕਿਲਵਿਖ–ਪਾਪ।ਕਾਟੈ–ਕੱਟ ਦੇਵੇਗਾ।ਰਾਖਹੁ–(ਸਾਂਭ ਕੇ) ਰੱਖ।ਸੰਚਹੁ–ਇਕੱਠਾ ਕਰ।ਚਲਦਿਆ–(ਪ੍ਰਲੋਕ ਦੇ ਰਸਤੇ ਵਿਚ) ਚਲਦਿਆਂ।ਸਖਾਈ–ਸਹਾਈ।੧।ਜਿਸ ਨੋ–ਜਿਸ ਉਤੇ।ਸੋ–ਉਹ।ਧਿਆਵੈ–ਧਿਆਉਂਦਾ ਹੈ।ਨਿਤ–ਹਰ ਰੋਜ।ਹਰਿ ਜਪੁ–ਹਰੀ ਦੇ ਨਾਮ ਦਾ ਜਾਪ।ਜਾਪੈ–ਜਪਦਾ ਹੈ।ਜਪਿ–ਜਪ ਕੇ।ਪਾਵੈ–ਪਾਉਂਦਾ ਹੈ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਪਾਰਿ ਲੰਘਾਈ–ਭਵਜਲ ਤੋਂ ਪਾਰ ਲੰਘਾ ਲੈਂਦਾ ਹੈ।੧।ਰਹਾਉ।ਨਿਰਭਉ–ਭੈ ਰਹਿਤ।ਨਿਰੰਕਾਰੁ–ਅਕਾਰ ਰਹਿਤ ਪ੍ਰਭੂ।ਸਤਿ ਨਾਮੁ–ਜਿਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ।ਜਗ ਮਹਿ–ਜਗਤ ਵਿਚ।ਕਾਮ–ਕੰਮ।ਦੂਤ–ਜਮ ਦੂਤ।ਜਮਕਾਲੁ–ਮੌਤ; ਦੋ ਸਮੇਂ ਜਨਮ ਤੇ ਮਰਨ (ਮ.ਕੋ.; ਸੰ.ਸ.)।ਠੇਹ–ਥਾਂ ਤੇ ਹੀ।ਮਾਰਉ–ਮਾਰ ਦੇਂਦਾ ਹੈ।ਨ ਜਾਈ–ਨਹੀਂ ਜਾ ਸਕਦਾ।੨।ਮਨੁ ਮਾਨਿਆ–ਮਨ ਮੰਨ (ਪ੍ਰਸੰਨ ਹੋ) ਗਿਆ।ਚਹੁ ਜੁਗ–ਚਾਰੇ ਜੁਗਾਂ ਵਿਚ।ਚਹੁ ਕੁੰਟ–ਚਾਰੇ ਪਾਸੇ (ਸਾਰੇ ਸੰਸਾਰ ਵਿਚ)।ਜਾਨਿਆ–ਜਾਣਿਆ (ਪ੍ਰਸਿੱਧ ਹੋ) ਜਾਂਦਾ ਹੈ।ਤਿਸੁ–ਉਸ ਨੂੰ।ਜਮ ਕੰਕਰੁ–ਜਮ ਦੂਤ।ਖਾਈ–ਖਾ ਜਾਂਦਾ ਹੈ।੩।ਨਿਰੰਜਨ–ਮਾਇਆ ਰਹਿਤ; ਨਿਰਲੇਪ। ਕਰਤਾ–ਕਰਤਾਰ।ਕਰਿ ਕਰਿ–ਕਰ ਕਰ ਕੇ।ਚਲਤਾ–ਚਲਿਤ੍ਰ (ਕੌਤਕ)।ਮਾਰੈ–ਮਾਰ ਸਕਦਾ ਹੈ।ਛਡਾਈ–ਛਡਾਉਣ ਵਾਲਾ।੪।ਹਉ –ਮੈਂ।ਅਨਦਿਨੁ–ਹਰ ਰੋਜ।ਲਈ–ਲੈਂਦਾ (ਜਪਦਾ) ਹਾਂ।ਜਿਨਿ–ਜਿਸ (ਕਰਤਾਰ) ਨੇ।ਸਭੇ ਨਿਸਤਾਰੇ–ਸਾਰੇ ਤਾਰ ਦਿਤੇ।ਦਸ ਅਠ–(੧੦+੮) ਅਠਾਰਾਂ ਪੁਰਾਣ।ਪੂਛਹੁ–ਪੁਛ ਲਵੋ।ਜਨ ਨਾਨਕ–ਦਾਸ ਨਾਨਕ।੫।੨।੮।

ਮਾਰੂ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਡਰਪੈ ਧਰਤਿ ਅਕਾਸੁ ਨਖ੍ਯਤ੍ਰਾ ,ਸਿਰ ਊਪਰਿ ਅਮਰੁ ਕਰਾਰਾ ॥ ਪਉਣੁ ਪਾਣੀ ਬੈਸੰਤਰੁ ਡਰਪੈ, ਡਰਪੈ ਇੰਦ੍ਰੁ ਬਿਚਾਰਾ ॥੧॥ ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲਾ, ਜੋ ਗੁਰ ਮਿਲਿ ਗਾਇ ਗੁਨੀ ॥੧॥ਰਹਾਉ॥ ਦੇਹ ਧਾਰ ਅਰੁ ਦੇਵਾ ਡਰਪਹਿ, ਸਿਧ ਸਾਧਿਕ ਡਰਿ ਮੁਇਆ ॥ ਲਖ ਚਉਰਾਸੀਹ ਮਰਿ ਮਰਿ ਜਨਮੇ, ਫਿਰਿ ਫਿਰਿ ਜੋਨੀ ਜੋਇਆ ॥੨॥ (ਹੇ ਭਾਈ!) ਧਰਤੀ, ਅਕਾਸ਼ ਤੇ ਤਾਰੇ ਸਭ ਪ੍ਰਭ ਤੋਂ ਡਰਦੇ ਹਨ, (ਪ੍ਰਭੂ ਦਾ ਇਨ੍ਹਾਂ ਦੇ) ਸਿਰ ਉਤੇ ਤਕੜਾ ਹੁਕਮ ਚੱਲਦਾ ਹੈ।ਪੌਣ, ਪਾਣੀ ਤੇ ਅੱਗ (ਆਦਿ ਤੱਤ ਵੀ ਪ੍ਰਭੂ ਤੋਂ) ਡਰਦੇ ਹਨ, ਵਿਚਾਰਾ ਇੰਦ੍ਰ ਤੋਂ (ਵੀ ਪ੍ਰਭੂ ਤੋਂ) ਡਰਦਾ ਹੈ।੧।(ਹੇ ਭਾਈ! ਅਸੀਂ ਗੁਰੂ ਪਾਸੋਂ) ਇਕ ਗੱਲ ਸੁਣੀ ਹੈ ਕਿ ਪ੍ਰਭੂ ਹੀ ਭੈ ਰਹਿਤ ਹੈ।ਜੋ ਮਨੁੱਖ ਗੁਰੂ ਨੂੰ ਮਿਲ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ (ਮਨ ਕਰਕੇ) ਸੁਖੀ ਹੈ ਅਤੇ ਤਨ ਕਰਕੇ ਵੀ ਸੁਖੀ ਹੈ।੧।ਰਹਾਉ।ਦੇਹ ਧਾਰੀ ਜੀਵ ਅਤੇ ਦੇਵਤੇ ਵੀ (ਪ੍ਰਭੂ ਤੋਂ) ਡਰਦੇ ਹਨ, ਚੁਰਾਸੀ ਸਿੱਧ ਅਤੇ ਸਾਧਨਾ ਕਰਨ ਵਾਲੇ ਸਾਧੂ ਵੀ ਡਰ ਡਰ ਕੇ ਮਰਦੇ (ਥਰ ਥਰ ਕੰਬਦੇ) ਹਨ।ਚੁਰਾਸੀ ਲੱਖ ਜੂਨਾਂ ਦੇ ਜੀਵਾਂ (ਵਿਚੋਂ ਜਿਹੜੇ ਨਾਮ ਨਹੀਂ ਜਪਦੇ ਅਤੇ ਪ੍ਰਭੂ ਤੋਂ ਨਹੀਂ ਡਰਦੇ, ਉਹ) ਮਰ ਮਰ ਕੇ ਜੰਮਦੇ ਰਹਿੰਦੇ ਹਨ, (ਉਨ੍ਹਾਂ ਨੂੰ) ਮੁੜ ਮੁੜ ਕੇ ਜੂਨਾਂ ਵਿਚ ਜੋੜਿਆ (ਜੂਨਾਂ ਵਿਚ ਪਾਇਆ) ਜਾਂਦਾ ਹੈ।੨।

ਅੰਗ ੯੯੯ = ਰਾਜਸੁ ਸਾਤਕੁ ਤਾਮਸੁ ਡਰਮਹਿ, ਕੇਤੇ ਰੂਪ ਉਪਾਇਆ ॥ ਛਲ ਬਪੁਰੀ ਇਹ ਕਉਲਾ ਡਰਪੈ, ਅਤਿ ਡਰਪੈ ਧਰਮ ਰਾਇਆ ॥੩॥ ਸਗਲ ਸਮਗ੍ਰੀ ਡਰਹਿ ਬਿਆਪੀ, ਬਿਨੁ ਡਰ ਕਰਣੈਹਾਰਾ ॥ ਕਹੁ ਨਾਨਕ ਭਗਤਨ ਕਾ ਸੰਗੀ, ਭਗਤ ਸੋਹਹਿ ਦਰਬਾਰਾ ॥੪॥੧॥ (ਹੇ ਭਾਈ!) ਰਾਜਸ, ਸਾਤਕ ਅਤੇ ਤਾਮਸ ਤਿੰਨੇ ਗੁਣ ਪ੍ਰਭੂ ਤੋਂ ਡਰਦੇ ਹਨ, (ਇਨ੍ਹਾਂ ਗੁਣਾਂ ਵਿਚ ਪ੍ਰਭੂ ਨੇ) ਕਿਤਨੇ ਹੀ ਰੂਪਾਂ (ਵਾਲੇ ਜੀਵਾਂ ਤੇ ਜਿਣਸਾਂ ਨੂੰ) ਪੈਦਾ ਕੀਤਾ ਹੋਇਆ ਹੈ।ਛਲ ਰੂਪ ਵਿਚਾਰੀ ਇਹ ਮਾਇਆ ਵੀ (ਪ੍ਰਭੂ ਤੋਂ) ਡਰਦੀ ਹੈ ਅਤੇ ਧਰਮਰਾਜਾ ਵੀ (ਪ੍ਰਭੂ ਤੋਂ) ਬਹੁਤ ਡਰਦਾ ਹੈ।੩।(ਹੇ ਭਾਈ! ਸੰਸਾਰ ਦੀ) ਸਾਰੀ ਰਚਨਾ ਪ੍ਰਭੂ ਦੇ ਡਰ ਵਿਚ ਫਸੀ ਹੋਈ ਹੈ, ਸ੍ਰਿਸ਼ਟੀ ਪੈਦਾ ਕਰਨ ਵਾਲਾ ਪ੍ਰਭੂ ਹੀ ਡਰ ਤੋਂ ਬਿਨਾ ਹੈ (ਜਿਸ ਨੂੰ ਕਿਸੇ ਦਾ ਡਰ ਨਹੀਂ)।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਭਗਤਾਂ ਦਾ ਸੰਗੀ ਹੈ ਅਤੇ ਭਗਤ (ਉਸ ਦੇ) ਦਰਬਾਰ ਵਿਚ ਸੋਭਾ ਪਾਉਂਦੇ ਹਨ।੪।੧।ਅੰਗ ੪੬੪ ਤੇ ਪਉੜੀ ੪ ਦਾ ਪਹਿਲਾ ਸਲੋਕ ਪੜ੍ਹੋ।

ਪਦਾਰਥ = ਡਰਪੈ–ਡਰਦਾ ਹੈ।ਨਖ੍ਯਤ੍ਰਾ–ਤਾਰੇ।ਅਮਰੁ–ਹੁਕਮ।ਕਰਾਰਾ–ਕਰੜਾ।ਪਉਣੁ–ਹਵਾ।ਬੈਸੰਤਰੁ–ਅੱਗ।ਬਿਚਾਰਾ–ਨਿਮਾਣਾ ।੧।ਏਕਾ ਬਾਤ–ਇਕੋ ਗੱਲ।ਸੁਨੀ–ਸੁਣੀ ਹੈ।ਨਿਰਭਉ–ਭੈ ਰਹਿਤ।ਸੋ–ਉਹ (ਮਨੁੱਖ)।ਸੁਹੇਲਾ–ਸੁਖੀ; ਖੁਸ਼।ਮਿਲਿ–ਮਿਲ ਕੇ।

ਗਾਇ ਗੁਨੀ-(ਪ੍ਰਭੂ ਦੇ) ਗੁਣ ਗਾਉਂਦਾ ਹੈ।੧।ਰਹਾਉ।ਦੇਹ ਧਾਰ-ਦੇਹ ਧਾਰੀ ਜੀਵ।ਅਰੁ-ਅਤੇ।ਦੇਵਾ-ਦੇਵਤੇ।ਡਰਪਹਿ-ਡਰਦੇ ਹਨ।ਸਿਧ-ਕਰਾਮਾਤੀ ਜੋਗੀ।ਸਾਧਿਕ-ਸਾਧਨਾ ਕਰਨ ਵਾਲਾ ਸਾਧੂ।ਮੁਇਆ-ਮਰਦੇ ਹਨ।ਮਰਿ-ਮਰ ਕੇ।ਫਿਰਿ ਫਿਰਿ-ਮੁੜ ਮੁੜ ਕੇ।ਜੋਇਆ-ਜੋੜਿਆ ਜਾਂਦਾ ਹੈ।੨।ਰਾਜਸੁ-ਰਜੋ-ਗੁਣ।ਸਾਤਕੁ-ਸਤੋ-ਗੁਣ।ਤਾਮਸੁ-ਤਮੋ ਗੁਣ।ਕੇਤੇ-ਕਿਤਨੇ ਹੀ; ਬੇਅੰਤ। ਉਪਾਇਆ-ਪੈਦਾ ਕੀਤਾ ਹੈ।ਛਲ-ਧੋਖਾ ਦੇਣ ਵਾਲੀ।ਬਪੁਰੀ ਕਉਲਾ-ਵਿਚਾਰੀ ਮਾਇਆ।ਅਤਿ-ਬਹੁਤ।੩।ਸਗਲ ਸਮਗ੍ਰੀ-ਸਾਰੀ।ਸੰਸਾਰ ਰਚਨਾ।ਡਰਹਿ-ਡਰ ਵਿਚ।ਬਿਆਪੀ-ਫਸੀ ਹੋਈ ਹੈ।ਕਰਣੈਹਾਰਾ-ਸ੍ਰਿਸਟੀ ਦਾ ਰਚਨਹਾਰ ਪ੍ਰਭੂ।ਭਗਤਨ ਕਾ-ਭਗਤਾਂ ਦਾ।ਸੰਗੀ-ਸਾਥੀ।ਸੋਹਹਿ-ਸੋਭਾ ਪਾਉਂਦੇ ਹਨ।ਦਰਬਾਰਾ-ਦਰਬਾਰ ਵਿਚ।੪।੧।

ਮਾਰੂ ਮਹਲਾ ੫ ॥ ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ,ਹਰਿ ਸਿਮਰਤ ਅਮਰ ਅਟਾਰੇ ॥ ਪੁਤ੍ਰ ਹੇਤਿ ਨਾਰਾਇਣੁ ਕਹਿਓ, ਜਮ ਕੰਕਰ ਮਾਰਿ ਬਿਦਾਰੇ ॥੧॥ ਮੇਰੇ ਠਾਕੁਰ, ਕੇਤੇ ਅਗਨਤ ਉਧਾਰੇ ॥ ਮੋਹਿ ਦੀਨ ਅਲਪ ਮਤਿ ਨਿਰਗੁਣ, ਪਰਿਓ ਸਰਣਿ ਦੁਆਰੇ ॥੧॥ਰਹਾਉ॥ ਬਾਲਮੀਕੁ ਸੁਪਚਾਰੋ ਤਰਿਓ, ਬਧਿਕ ਤਰੇ ਬਿਚਾਰੇ ॥ ਏਕ ਨਿਮਖ ਮਨ ਮਾਹਿ ਅਰਾਧਿਓ, ਗਜਪਤਿ ਪਾਰਿ ਉਤਾਰੇ ॥੨॥ ਕੀਨੀ ਰਖਿਆ ਭਗਤ ਪ੍ਰਹਿਲਾਦੈ, ਹਰਨਾਖਸ ਨਖਹਿ ਬਿਦਾਰੇ ॥ ਬਿਦਰੁ ਦਾਸੀ ਸੁਤੁ ਭਇਓ ਪੁਨੀਤਾ, ਸਗਲੇ ਕੁਲ ਉਜਾਰੇ ॥੩॥ ਕਵਨ ਪਰਾਧ ਬਤਾਵਉ ਅਪੁਨੇ, ਮਿਥਿਆ ਮੋਹ ਮਗਨਾਰੇ ॥ ਆਇਓ ਸਾਮ ਨਾਨਕ ਓਟ ਹਰਿ ਕੀ, ਲੀਜੈ ਭੁਜਾ ਪਸਾਰੇ ॥੪॥੨॥ (ਹੇ ਭਾਈ!) ਪੰਜ ਵਰਸਾਂ ਦਾ ਧਰੂ ਅਨਾਥ ਬੱਚਾ ਸੀ, ਜੋ ਹਰੀ ਦਾ ਨਾਮ ਸਿਮਰਦਿਆਂ ਅਮਰ ਤੇ ਅਟੱਲ ਤੇ ਪਦਵੀ ਪਹੁੰਚ ਗਿਆ ਸੀ।(ਪਾਪੀ ਅਜਾਮਲ ਨੇ ਅਪਣੇ) ਪੁਤ੍ਰ (ਨੂੰ ਅਵਾਜ ਮਾਰਨ) ਦੇ ਵਾਸਤੇ ਨਾਰਾਇਣ ਨਾਮ ਉਚਾਰਿਆ, (ਹਰੀ ਨੇ ਉਸ ਨੂੰ ਲੈਣ ਆਏ) ਜਮਦੂਤ ਮਾਰ ਭਜਾਏ।੧।ਹੇ ਮੇਰੇ ਮਾਲਕ ਪ੍ਰਭੂ! ਤੈਂ ਕਿਤਨੇ ਹੀ ਅਣਗਿਣਤ ਜੀਵ ਮੁਕਤ ਕਰ ਦਿਤੇ ਹਨ।ਮੈਂ ਗਰੀਬ ਥੋੜੀ ਅਕਲ ਵਾਲਾ ਤੇ ਗੁਣ ਹੀਣ ਹਾਂ, ਤੇਰੇ ਦੁਆਰੇ ਉਤੇ ਤੇਰੀ ਸ਼ਰਣ ਵਿਚ ਆ ਪਿਆ ਹਾਂ।੧।ਰਹਾਉ।(ਹੇ ਭਾਈ! ਨਾਮ ਜਪ ਕੇ) ਨੀਚ ਜਾਤੀ ਦਾ ਬਾਲਮੀਕ ਸੰਸਾਰ ਸਮੁੰਦਰ ਤੋਂ ਤਰ ਗਿਆ ਸੀ, ਵਿਚਾਰੇ ਸ਼ਿਕਾਰੀ ਜਿਹੇ ਵੀ ਤਰ ਗਏ ਸਨ (ਕ੍ਰਿਸ਼ਨ ਜੀ ਨੇ ਸ਼ਿਕਾਰੀ ਨੂੰ ਮੁਕਤ ਕਰ ਦਿਤਾ ਸੀ)।ਇਕ ਨਿਮਖ ਮਾਤ੍ਰ ਸਮੇਂ ਲਈ ਸ਼੍ਰੋਮਣੀ ਹਾਥੀ ਨੇ ਮਨ ਵਿਚ ਹਰੀ ਦਾ ਨਾਮ ਸਿਮਰਿਆ, (ਪ੍ਰਭੂ ਨੇ ਉਸ ਨੂੰ ਤੰਦੂਏ ਤੋਂ ਛੁਡਾ ਕੇ ਨਦੀ ਤੋਂ) ਪਾਰ ਉਤਾਰ ਦਿਤਾ ਸੀ।੨।(ਹੇ ਭਾਈ!) ਪ੍ਰਭੂ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ, (ਨਰ ਸਿੰਘ ਰੂਪ ਧਾਰ ਕੇ ਉਸ ਦੇ ਪਿਤਾ) ਹਰਨਾਖਸ਼ ਨੂੰ ਨਹੁੰਆਂ ਨਾਲ ਪਾੜ ਦਿਤਾ।ਦਾਸੀ ਦਾ ਪੁਤ੍ਰ ਬਿਦਰ (ਪ੍ਰਭੂ ਦਾ ਨਾਮ ਜਪ ਕੇ) ਪਵਿਤ੍ਰ ਹੋ ਗਿਆ ਸੀ ਅਤੇ (ਉਸ ਨੇ ਅਪਣੇ) ਸਾਰੇ ਖਾਨਦਾਨ ਉਜਲੇ ਕਰ ਲਏ; (ਅਪਣੇ) ਖਾਨਦਾਨ ਵਿਚ ਪ੍ਰਸਿੱਧ ਹੋ ਗਿਆ। ੩।(ਅੰਨਵੇ ਅੱਖਰ) ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਮੈਂ ਤੇਰੀ ਸ਼ਰਣ ਆਇਆ ਹੈ ਅਤੇ ਤੇਰੀ ਓਟ ਲਈ ਹੈ, ਮੈਂ ਅਪਣੇ ਕਿਹੜੇ ਕਿਹੜੇ ਪਾਪ ਦੱਸਾਂ, ਮੈਂ ਸੰਸਾਰ ਦੇ ਝੂਠੇ ਮੋਹ ਵਿਚ ਮਗਨ ਰਹਿੰਦਾ ਹਾਂ, ਅਪਣੀਆਂ ਬਾਹਾਂ ਪਸਾਰ ਕੇ ਮੈਨੂੰ ਫੜ ਲੈ।੪।੨।

ਪਦਾਰਥ = ਪਾਂਚ ਬਰਖ ਕੋ-ਪੰਜ ਸਾਲਾ ਦੀ ਉਮਰ ਦਾ।ਅਨਾਥ ਬਾਰਿਕ-ਯਤੀਮ ਬੱਚਾ।ਸਿਮਰਤ-ਸਿਮਰਦਿਆਂ।ਅਮਰ-ਮੌਤ ਰਹਿਤ ਪਦਵੀ।ਅਟਾਰੇ-ਅਟੱਲ (ਸਦਾ ਕਾਇਮ ਰਹਿਣ ਵਾਲੀ ਪਦਵੀ)।ਹੇਤਿ-ਦੇ ਵਾਸਤੇ; ਮੋਹ ਵਿਚ।ਜਮਕੰਕਰ-ਜਮ ਦੂਤ।ਮਾਰਿ ਬਿਦਾਰੇ-ਮਾਰ ਭਜਾਏ।੧।ਠਾਕੁਰ-ਹੇ ਮਾਲਕ ਪ੍ਰਭੂ!।ਕੇਤੇ-ਕਿਤਨੇ ਹੀ (ਬੇਅੰਤ)।ਅਗਨਤ-ਅਣਗਿਣਤ।ਉਧਾਰੇ-ਮੁਕਤ ਕੀਤੇ; (ਭਵਜਲ ਤੋਂ) ਤਾਰ ਦਿਤੇ।ਮੋਹਿ-ਮੈਂ।ਦੀਨ-ਨਿਮਾਣਾ; ਗਰੀਬ।ਅਲਪ ਮਤਿ-ਥੋੜੀ ਅਕਲ ਵਾਲਾ।ਪਰਿਓ-ਪਿਆ ਹਾਂ।ਨਿਰਗੁਣ-ਗੁਣ ਹੀਣ।ਦੁਆਰੇ-ਤੇਰੇ ਬੂਹੇ ਉਤੇ।੧।ਰਹਾਉ।ਸੁਪਚਾਰੋ-ਕੁੱਤਾ ਮਾਰ ਕੇ ਖਾਣ ਵਾਲਾ ਚੰਡਾਲ; ਨੀਚ।ਤਰਿਓ-ਤਰ ਗਿਆ। ਬਧਿਕ-ਸ਼ਿਕਾਰੀ (ਕ੍ਰਿਸ਼ਨ ਜੀ ਦੇ ਪੈਰ ਵਿਚਲੇ ਪਦਮ ਨੂੰ ਹਿਰਨ ਦੀ ਅੱਖ ਸਮਝ ਕੇ ਤੀਰ ਮਾਰਨ ਵਾਲਾ)।ਤਰੇ ਬਿਚਾਰੇ-ਨਿਮਾਣੇ ਤਰ ਗਏ।ਏਕੁ ਨਿਮਖ-ਅੱਖ ਝਮਕਣ ਜਿੰਨਾ ਸਮਾਂ।ਮਨ ਮਾਹਿ-ਮਨ ਵਿਚ।ਅਰਾਧਿਓ-ਸਿਮਰਿਆ।ਗਜ ਪਤਿ-ਐਰਾਵਤ ਹਾਥੀ (ਜਿਸ ਨੂੰ ਤੰਦੂਏ ਨੇ ਫੜ ਲਿਆ ਸੀ)।ਪਾਰਿ ਉਤਾਰੇ-ਪਾਰ ਉਤਾਰ ਦਿਤਾ।੨।ਪ੍ਰਹਿਲਾਦੈ-ਪ੍ਰਹਿਲਾਦ ਦੀ।ਨਖਹਿ-ਨਹੁੰਆਂ ਨਾਲ। ਬਿਦਾਰੇ-ਪਾੜ ਦਿਤਾ।ਦਾਸੀ ਸੁਤੁ-ਵਿਚਿਤ੍ਰਵੀਰਯ ਦੀ ਗੋਲੀ ਸੁਦੇਸ਼ਨਾ ਦੇ ਉਦਰ ਤੋਂ ਵਯਾਸ ਦਾ ਪੁਤ੍ਰ।ਭਇਓ ਪੁਨੀਤਾ-ਪਵਿਤ੍ਰ ਹੋ ਗਿਆ।ਉਜਾਰੇ-ਰੋਸ਼ਨ ਕਰ ਲਏ।੩।ਕਵਨ-ਕਿਹੜੇ।ਪਰਾਧ-ਪਾਪ।ਬਤਾਵਉ-ਮੈਂ ਦੱਸਾਂ।ਮਿਥਿਆ ਮੋਹ-ਨਾਸ਼ਵੰਤ ਪਦਾਰਥਾਂ ਦੇ ਮੋਹ ਵਿਚ।ਮਗਨਾਰੇ-ਮਗਨ; ਮਸਤ।ਸਾਮ-ਸ਼ਰਣ।ਲੀਜੈ-(ਫੜ) ਲੈ।ਭੁਜਾ ਪਸਾਰੇ-ਬਾਹਾਂ ਖਿਲਾਰ ਕੇ।੪।੨।

ਮਾਰੂ ਮਹਲਾ ੫ ॥ ਵਿਤ ਨਵਿਤ ਭ੍ਰਮਿਓ ਬਹੁ ਭਾਤੀ, ਅਨਿਕ ਜਤਨ ਕਰਿ ਧਾਏ ॥ ਜੋ ਜੋ ਕਰਮ ਕੀਏ ਹਉ ਹਉਮੈ, ਤੇ ਤੇ ਭਏ ਅਜਾਏ ॥੧॥ ਅਵਰ ਦਿਨ ਕਾਹੂ ਕਾਜ ਨ ਲਾਏ ॥ ਸੋ ਦਿਨੁ ਮੋ ਕਉ ਦੀਜੈ ਪ੍ਰਭ ਜੀਉ ,ਜਾ ਦਿਨ ਹਰਿ ਜਸੁ ਗਾਏ ॥੧॥ਰਹਾਉ॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ, ਇਸ ਹੀ ਮਹਿ ਉਰਝਾਏ ॥ ਮਾਇਆ ਮਦ ਚਾਖਿ ਭਏ ਉਦਮਾਤੇ, ਹਰਿ ਹਰਿ ਕਬਹੁ ਨ ਗਾਏ ॥੨ ॥ ਇਹ ਬਿਧਿ ਖੋਜੀ ਬਹੁ ਪਰਕਾਰਾ, ਬਿਨੁ ਸੰਤਨ ਨਹੀ ਪਾਏ ॥ ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ, ਮਾਗਨ ਕਉ ਦਾਨੁ ਆਏ ॥੩॥ ਤਿਆਗਿਓ ਸਗਲਾ ਮਾਨੁ ਮਹਤਾ, ਦਾਸ ਰੇਣ ਸਰਣਾਏ ॥ ਕਹੁ ਨਾਨਕ ਹਰਿ ਮਿਲਿ ਭਏ ਏਕੈ, ਮਹਾ ਅਨੰਦ ਸੁਖ ਪਾਏ ॥੪॥੩॥

(ਹੇ ਭਾਈ! ਬਹੁਤੇ ਲੋਕ) ਧਨ ਦੇ ਵਾਸਤੇ ਕਈ ਤਰੀਕਿਆਂ ਨਾਲ ਭਟਕਦੇ ਰਹਿੰਦੇ ਹਨ, (ਉਹ ਧਨ ਵਾਸਤੇ) ਅਨੇਕਾਂ ਤਰ੍ਹਾਂ ਦੇ ਜਤਨ ਕਰਕੇ ਦੌੜ ਭੱਜ ਕਰਦੇ ਹਨ। (ਉਨ੍ਹਾਂ ਨੇ) ਜੋ ਜੋ ਕੰਮ ਹਉਮੈ ਤੇ ਹੰਕਾਰ ਵਿਚ ਕੀਤੇ ਹਨ, ਉਹ ਸਾਰੇ ਬਿਅਰਥ ਹੋ ਗਏ ਹਨ ।੧। ਹੇ ਪ੍ਰਭੂ! ਤੂੰ ਮੈਨੂੰ (ਜੀਵਨ ਦੇ ਬਾਕੀ ਰਹਿੰਦੇ) ਦਿਨਾਂ ਵਿਚ ਹੋਰ ਕੰਮਾਂ ਵਿਚ ਨਾ ਲਾ। ਹੇ ਪ੍ਰਭੂ ਜੀ! ਤੂੰ ਮੈਨੂੰ ਉਹ ਦਿਨ ਦੇਹ, ਜਿਸ ਦਿਨ ਤੋਂ ਮੈਂ ਤੇਰਾ ਜਸ ਗਾਉਂਦਾ ਰਹਾਂ।੧। ਰਹਾਉ। (ਹੇ ਪ੍ਰਭੂ! ਬਹੁਤੇ ਲੋਕ) ਪੁਤ੍ਰ, ਇਸਤ੍ਰੀ ਅਤੇ ਘਰ ਦਾ ਪਸਾਰਾ ਦੇਖ ਕੇ ਇਸੇ ਵਿਚ ਹੀ ਫਸੇ ਰਹਿੰਦੇ ਹਨ। (ਉਹ) ਮਾਇਆ ਦੀ ਸ਼ਰਾਬ ਪੀ ਕੇ ਮਸਤ ਹੋਏ ਰਹਿੰਦੇ ਹਨ, (ਉਨ੍ਹਾਂ ਨੇ) ਕਦੇ ਹਰੀ ਦੇ ਗੁਣ ਨਹੀਂ ਗਾਏ।੨। ਇਸ ਤਰ੍ਹਾਂ (ਮੈਂ ਦੁਨੀਆਂ ਵਿਚ) ਬਹੁਤ ਪ੍ਰਕਾਰ ਦੀ ਖੋਜ ਕੀਤੀ ਹੈ (ਸਾਰੇ ਲੋਕ ਦੁਨੀਆਂਦਾਰੀ ਵਿਚ ਫਸੇ ਹੋਏ ਹਨ) ,ਸੰਤਾਂ ਤੋਂ ਬਿਨਾ (ਕਿਸੇ ਹੋਰ ਥਾਂ ਤੋਂ) ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਹੇ ਪ੍ਰਭੂ! ਤੂੰ ਵੱਡਾ ਦਾਤਾਰ ਅਤੇ ਸਰਬ ਸ਼ਕਤੀਮਾਨ ਹੈਂ, ਅਸੀ ਤੇਰੇ ਪਾਸੋਂ ਨਾਮ ਦਾਨ ਮੰਗਣ ਵਾਸਤੇ ਆਏ ਹਾਂ।੩। (ਹੇ ਪ੍ਰਭੂ!) ਮੈਂ ਅਪਣੀ ਵਡਿਆਈ ਦਾ ਮਾਣ ਛਡ ਦਿਤਾ ਹੈ, ਤੇਰੇ ਦਾਸਾਂ ਦੀ ਸ਼ਰਣ ਆਇਆ ਹਾਂ ਅਤੇ (ਉਨ੍ਹਾਂ ਦੀ) ਚਰਨ ਧੂੜ ਮੰਗਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨਾਲ ਮਿਲ ਕੇ ਅਸੀਂ ਇਕ ਰੂਪ ਹੋ ਗਏ ਹਾਂ, (ਜਿਸ ਦੇ ਮਿਲਾਪ ਤੋਂ) ਮਹਾਂ ਅਨੰਦ ਤੇ ਸੁਖ ਪ੍ਰਾਪਤ ਹੋਇਆ ਹੈ।੪।੩।

ਪਦਾਰਥ = ਵਿਤ–ਧਨ। ਨਵਿਤ–ਨਮਿੱਤ; ਦੇ ਵਾਸਤੇ। ਭਰਮਿਓ–ਭਟਕਦੇ ਫਿਰਦੇ ਹਨ। ਬਹੁ ਭਾਤੀ–ਬਹੁਤ ਤਰੀਕਿਆਂ ਨਾਲ। ਧਾਏ–ਦੌੜਦੇ ਹਨ। ਕਰਮ ਕੀਏ–ਕੰਮ ਕੀਤੇ। ਹਉ–ਮੈਂ। ਤੇ ਤੇ–ਉਹ ਸਾਰੇ। ਭਏ ਅਜਾਏ–ਬਿਅਰਥ ਹੋ ਗਏ।੧। ਅਵਰ–ਹੋਰ। ਕਾਹੂ ਕਾਜ–ਕਿਸੇ ਕੰਮਾਂ ਵਿਚ। ਨ ਲਾਏ–ਨਾ ਲਾ। ਸੋ–ਉਹ। ਮੋ ਕਉ–ਮੈਨੂੰ। ਦੀਜੈ–ਦੇਹ। ਪ੍ਰਭ ਜੀਉ–ਹੇ ਪ੍ਰਭੂ ਜੀ!। ਜਾ ਦਿਨ–ਜਿਸ ਦਿਨ ਤੋਂ। ਜਸੁ ਗਾਏ–ਸਿਫਤ ਸਲਾਹ ਗਾਉਂਦਾ ਰਹਾਂ।੧। ਰਹਾਉ। ਕਲਤ੍ਰ–ਇਸਤ੍ਰੀ। ਗ੍ਰਿਹ–ਘਰ। ਦੇਖਿ–ਦੇਖ ਕੇ। ਪਸਾਰਾ–ਖਿਲਾਰਾ। ਇਸ ਹੀ ਮਹਿ –ਇਸੇ ਵਿਚ ਹੀ। ਉਰਝਾਏ–ਫਸੇ ਹੋਏ ਹਨ। ਮਦ–ਨਸ਼ਾ। ਚਾਖਿ–ਚੱਖ ਕੇ; ਪੀ ਕੇ। ਉਦਮਾਤੇ–ਮਸਤ।੨। ਇਹ ਬਿਧਿ–ਇਸ ਤਰ੍ਹਾਂ। ਖੋਜ–ਖੋਜ ਕੀਤੀ। ਬਹੁ–ਬਹੁਤ। ਦਾਤਾਰ–ਦਾਤਾਂ ਦੇਣ ਵਾਲਾ। ਸੰਮ੍ਰਥ–ਸਰਬ ਸ਼ਕਤੀਮਾਨ। ਮਾਗਨ ਕਉ–ਮੰਗਣ ਵਾਸਤੇ।੩। ਸਗਲਾ–ਸਾਰਾ। ਮਾਨੁ ਮਹਤਾ–ਵਡਿਆਈ ਦਾ ਮਾਣ। ਰੇਣ–ਚਰਨ ਧੂੜ। ਭਏ ਏਕੈ–ਇਕ ਰੂਪ ਹੋ ਗਏ ਹਾਂ।੪।੩।

ਉਥਾਨਕਾ = ਦੋ ਬੰਦੇ ਆਪਸ ਵਿਚ ਲੜਦੇ ਹੋਏ ਇਕ ਦੂਜੇ ਦਾ ਨਾਮ ਲੈ ਕੇ ਗਾਲ੍ਹਾਂ ਕੱਢ ਰਹੇ ਸਨ। ਸੁਣ ਕੇ ਗੁਰੂ ਜੀ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਮਨੁੱਖ ਪੰਜਾਂ ਤੱਤਾਂ ਤੋਂ ਬਣੇ ਹੋਏ ਹਨ, ਜੋ ਸਹਨਸ਼ੀਲ ਤੇ ਸੀਤਲ ਸੁਭਾਵ ਵਾਲੇ ਹੋਣੇ ਚਾਹੀਦੇ ਹਨ। ਹੰਕਾਰ, ਮਾਣ ਵਡਿਆਈ ਤੇ ਕ੍ਰੋਧ ਵਿਚ ਆ ਕੇ ਮਨੁੱਖੀ ਸੁਭਾਵ ਬਦਲ ਜਾਂਦੇ ਹਨ। ਗੁਰੂ ਜੀ ਲੜਦੇ ਮਨੁੱਖਾਂ ਨੂੰ ਪੁਛਦੇ ਹਨ ਕਿ ਤੁਹਾਡੇ ਵਿਚ ਹੰਕਾਰ ਤੇ ਗੁੱਸਾ ਕਿਧਰੋਂ ਆ ਗਿਆ? ਹੰਕਾਰ ਕਰਕੇ ਹੀ ਝਗੜੇ ਪੈਦਾ ਹੁੰਦੇ ਹਨ ਤੇ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ। ਉਹ ਇਕ ਦੂਜੇ ਬਾਰੇ ਗੁਰੂ ਜੀ ਨੂੰ ਕਹਿੰਦੇ ਹਨ ਕਿ ਇਹ ਮੇਰਾ ਨਾਮ ਲੈ ਕੇ ਗਾਲ੍ਹਾਂ ਕਢਦਾ ਹੈ। ਗੁਰ ਜੀ ਉਨ੍ਹਾਂ ਨੂੰ ਉਪਦੇਸ਼ ਦੇਂਦੇ ਹਨ =

ਮਾਰੂ ਮਹਲਾ ੫ ॥ ਕਵਨ ਥਾਨ ਧੀਰਿਓ ਹੈ ਨਾਮਾ, ਕਵਨ ਬਸਤੁ ਅਹੰਕਾਰਾ ॥ ਕਵਨ ਚਿਹਨ ਸੁਨਿ ਊਪਰਿ ਛੋਹਿਓ, ਮੁਖ ਤੇ ਸੁਨਿ ਕਰਿ ਗਾਰਾ ॥੧॥ ਸੁਨਹੁ ਰੇ, ਤੂ ਕਉਨੁ ਕਹਾ ਤੇ ਆਇਓ ॥ ਏਤੀ ਨ ਜਾਨਉ ਕੇਤੀਕ ਮੁਦਤਿ, ਚਲਤੇ ਖਬਰਿ ਨ ਪਾਇਓ ॥੧॥ ਰਹਾਉ॥ ਸਹਨ ਸੀਲ ਪਵਨ ਅਰੁ ਪਾਣੀ, ਬਸੁਧਾ ਖਿਮਾ ਨਿਭਰਾਤੇ ॥ ਪੰਚ ਤਤ ਮਿਲਿ ਭਇਓ ਸੰਜੋਗਾ, ਇਨ ਮਹਿ ਕਵਨ ਦੁਰਾਤੇ ॥੨॥ ਜਿਨਿ ਰਚਿ ਰਚਿਆ ਪੁਰਖਿ ਬਿਧਾਤੈ, ਨਾਲੇ ਹਉਮੈ ਪਾਈ ॥ ਜਨਮ ਮਰਣੁ ਉਸ ਹੀ ਕਉ ਹੈ ਰੇ, ਓਹਾ ਆਵੈ ਜਾਈ ॥੩॥ ਬਰਨੁ ਚਿਹਨੁ ਨਾਹੀ ਕਿਛੁ ਰਚਨਾ, ਮਿਥਿਆ ਸਗਲ ਪਸਾਰਾ ॥ ਭਣਤਿ ਨਾਨਕੁ ਜਬ ਖੇਲੁ ਉਝਾਰੈ, ਤਬ ਏਕੈ ਏਕੰਕਾਰਾ ॥੪॥੪॥

(ਹੇ ਭਾਈ! ਸਰੀਰ ਦੇ ਅੰਦਰ ਤੇਰਾ) ਨਾਮ ਕਿਹੜੀ ਥਾਂ (ਕਿਸ ਅੰਗ ਉਤੇ) ਟਿਕਿਆ ਹੋਇਆ ਹੈ ਅਤੇ ਹੰਕਾਰ ਕਿਹੜੀ ਥਾਂ ਵਸਦਾ ਹੈ?; ਹੰਕਾਰ ਕੀ ਵਸਤੂ ਹੈ? (ਜਿਸ ਨਾਲ ਤੂੰ ਫੁੱਲਿਆ ਫਿਰਦਾ ਹੈਂ)। ਹੇ ਭਾਈ! ਤੂੰ ਸੁਣ, ਤੇਰੇ ਉਪਰ (ਸੱਟ; ਜਖਮ ਦਾ) ਕਿਹੜਾ ਨਿਸ਼ਾਨ ਪੈ ਗਿਆ ਹੈ, ਜੋ (ਕਿਸੇ ਦੇ) ਮੂੰਹ ਤੋਂ ਗਾਲ੍ਹਾਂ ਸੁਣ ਕਰਕੇ (ਤੂੰ ਉਸ) ਉਪਰ ਇਤਨਾ ਗੁੱਸੇ ਹੋ ਰਿਹਾ ਹੈਂ।੧। ਹੇ ਭਾਈ! ਸੁਣ ,ਤੂੰ ਕੌਣ ਹੈਂ ਅਤੇ ਕਿਸ ਥਾਂ ਤੋਂ ਚਲ ਕੇ (ਸੰਸਾਰ ਵਿਚ) ਆਇਆ ਹੈਂ? ਤੂੰ ਤਾਂ ਇਤਨੀ ਕੁ ਗੱਲ ਵੀ ਨਹੀਂ ਜਾਣਦਾ ਕਿ ਤੂੰ (ਇਸ ਸੰਸਾਰ ਵਿਚ) ਕਿਤਨਾ ਚਿਰ ਠਹਿਰਨਾ ਹੈ? ਅਤੇ (ਸੰਸਾਰ ਤੋਂ) ਚਲੇ ਜਾਣ ਦੀ ਵੀ ਤੈਂ ਖਬਰ ਨਹੀਂ ਪਾਈ (ਫਿਰ ਹੰਕਾਰ ਕਾਹਦਾ?)।੧

।ਰਹਾਉ।(ਲੜਨ ਵਾਲਾ ਬੰਦਾ ਕਹਿੰਦਾ, ਮਹਾਰਾਜ! ਗੁੱਸਾ ਆ ਹੀ ਜਾਂਦਾ ਹੈ।(ਗੁਰੂ ਜੀ ਦਾ ਉਪਦੇਸ਼ = ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ) ਹਵਾ ਦਾ ਸੁਭਾਉ ਸ਼ਹਨਸੀਲਤਾ ਵਾਲਾ ਅਤੇ ਪਾਣੀ ਦਾ ਸੁਭਾਉ ਸੀਤਲਤਾ ਵਾਲਾ ਹੈ, ਧਰਤੀ ਨਿਰਸੰਦੇਹ ਖਿਮਾ ਰੂਪ ਹੈ।ਪੰਜ ਤੱਤ ਮਿਲ ਕੇ (ਜੀਵਾਂ ਦੇ ਸਰੀਰਾਂ ਦਾ) ਸੰਜੋਗ ਹੋਇਆ ਹੈ, ਇਨ੍ਹਾਂ ਪੰਜਾਂ ਤੱਤਾਂ ਵਿਚ ਕਿਹੜੀ ਬੁਰਿਆਈ ਹੈ? (ਤੂੰ ਤਮੋ ਗੁਣੀ ਹੋ ਕੇ ਗੁੱਸੇ ਕਿਉਂ ਹੁੰਦਾ ਹੈਂ?)।੨।ਜਿਸ ਸਿਰਜਨ ਹਾਰ ਅਕਾਲ ਪੁਰਖ ਨੇ ਪੰਜ ਤੱਤ ਰਚ ਕੇ ਜੀਵਾਂ ਦੇ ਸਰੀਰਾਂ ਨੂੰ ਰਚਿਆ, (ਉਸ ਨੇ ਸਰੀਰਾਂ ਦੀ ਰਚਨਾ ਕਰਨ ਵੇਲੇ ਜੀਵਾਂ ਦੇ ਅੰਦਰ) ਹਉਮੈ ਵੀ ਨਾਲ ਹੀ ਪਾ ਦਿਤੀ।ਹੇ ਭਾਈ! ਉਸੇ (ਹਉਮੈ) ਨੂੰ ਹੀ ਜਨਮ ਮਰਣ ਹੈ ਅਤੇ ਉਹ (ਹਉਮੈ) ਹੀ (ਸੰਸਾਰ ਵਿਚ) ਆਉਂਦੀ ਜਾਂਦੀ ਹੈ (ਹਉਮੈ ਹੀ ਜੀਵਾਂ ਦੇ ਜਨਮ ਮਰਣ ਦਾ ਮੂਲ ਕਾਰਣ ਹੈ)।੩।(ਹੇ ਭਾਈ) ਸੰਸਾਰ ਰਚਨਾ ਦਾ ਰੰਗ ਤੇ ਚਿੰਨ੍ਹ ਕੁਛ ਵੀ ਸਥਿਰ ਰਹਿਣ ਵਾਲਾ ਨਹੀਂ ਹੈ, ਸਾਰਾ ਸੰਸਾਰ ਪਸਾਰਾ ਨਾਸ਼ਵੰਤ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ ਪ੍ਰਭੂ ਜਗਤ ਰਚਨਾ ਦੀ ਖੇਲ ਨੂੰ ਉਜਾੜਦਾ ਹੈ, ਤਦੋਂ ਇਕੋ ਇਕ ਪ੍ਰਭੂ ਹੀ ਹੁੰਦਾ ਹੈ।੪।੪।

ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਇ ਜੀਉ।(੧੩੧)।

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ।(੧੩੧੦)

ਪਦਾਰਥ = ਕਵਨ–ਕਿਹੜੀ।ਥਾਨ–ਥਾਂ।ਧੀਰਿਓ–ਟਿਕਿਆ ਹੋਇਆ ਹੈ।ਬਸਤੁ–ਵਸਦਾ ਹੈ; ਵਸਤੂ (ਚੀਜ) ਹੈ।ਚਿਹਨ–(ਜਖਮ ਦਾ) ਨਿਸ਼ਾਨ।ਸੁਨਿ–ਸੁਣ ਕੇ।ਊਪਰਿ ਛੋਹਿਓ–ਉਸ ਉਤੇ ਗੁੱਸੇ ਹੋ ਰਿਹਾ ਹੈਂ।ਮੁਖ ਤੇ–ਮੂੰਹ ਤੋਂ।ਗਾਰਾ–ਗਾਲ੍ਹਾਂ।੧।ਸੁਨਹੁ ਰੇ–ਹੇ ਭਾਈ! ਸੁਣ।ਕਹਾ ਤੇ–ਕਿਸ ਥਾਂ ਤੋਂ।ਏਤੀ–ਇਤਨੀ ਗੱਲ ਵੀ।ਨ ਜਾਨਉ–ਨਹੀਂ ਜਣਦਾ।ਕੇਤੀਕ–ਇਤਨੀ ਕੁ।ਮੁਦਤਿ (ਮੁੱਦਤ ਪੜ੍ਹੋ)–ਸਮਾਂ; ਚਿਰ।ਚਲਤੇ–ਚਲੇ ਜਾਣ (ਮਰਨ) ਦੀ।੧।ਰਹਾਉ।ਸਹਨ ਸੀਲ–ਸਹਾਰ ਸਕਣ ਦਾ ਸੁਭਾਉ।ਪਵਨ–ਹਵਾ।ਅਰੁ–ਅਤੇ।ਬਸੁਧਾ–ਧਰਤੀ।ਨਿਭਰਾਤੇ–ਨਿਰਸੰਦੇਹ (ਬਿਨਾ ਸ਼ੱਕ; ਬਿਨਾ ਭਰਮ ਦੇ)।ਮਿਲਿ–ਮਿਲ ਕੇ।ਭਇਓ ਸੰਜੋਗਾ–ਸਬੰਧ ਹੋਇਆ ਹੈ।ਇਨ ਮਹਿ–ਇਨ੍ਹਾਂ ਵਿਚ।ਦੁਰਾਤੇ–ਭੈੜ; ਪਾਪ; ਲੁਕਾਉ।੨।ਜਿਨਿ–ਜਿਸ ਨੇ।ਰਚਿ–ਬਣਾ ਕੇ।ਰਚਿਆ–ਬਣਾਇਆ।ਪੁਰਖਿ ਬਿਧਾਤੈ–ਸਿਰਜਨਹਾਰ ਅਕਾਲ ਪੁਰਖ ਨੇ।ਨਾਲੇ–ਨਾਲ ਹੀ।ਪਾਈ–ਪਾ ਦਿਤੀ।ਉਸ ਹੀ ਕਉ–ਉਸੇ ਨੂੰ ਹੀ।ਰੇ–ਹੇ ਭਾਈ!।ਓਹਾ–ਉਹ ਹੀ।ਆਵੈ ਜਾਈ–ਆਉਂਦਾ ਜਾਂਦੀ ਹੈ।੩।ਬਰਨੁ–ਰੰਗ।ਚਿਹਨੁ–ਨਿਸ਼ਾਨ; ਚਿੰਨ੍ਹ।ਮਿਥਿਆ–ਝੂਠਾ; ਨਾਸ਼ਵੰਤ।ਸਗਲ ਪਸਾਰਾ–ਸਾਰਾ ਖਿਲਾਰਾ।ਭਣਤਿ–ਆਖਦਾ ਹੈ।ਜਬ–ਜਦੋਂ।ਉਝਾਰੈ–ਉਜਾੜਦਾ (ਸਮੇਟਦਾ) ਹੈ।ਏਕੈ ਏਕੰਕਾਰਾ–ਇਕ ਪ੍ਰਭੂ ਹੀ।੪।੪।

ਅੰਗ ੧੦੦੦ = ਮਾਰੂ ਮਹਲਾ ੫ ॥ ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ ॥੧॥ ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ, ਉਠਿ ਉਆਹੂ ਕਉ ਦਉਰਿਓ ॥੨॥ ਅਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੈ ਲੇ ਮਾਨਿਓ ॥੩॥ ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ,ਸਵਰੇ ਹਲਤ ਪਲਾਤਾ ॥ ਧਨੁ ਸੇਵਕੁ ਸਫਲੁ ਓਹੁ ਆਇਆ, ਜਿਨਿ ਨਾਨਕ ਖਸਮੁ ਪਛਾਤਾ ॥੪॥੫॥ (ਹੇ ਭਾਈ! ਪ੍ਰਭੂ ਦੇ ਸੇਵਕ ਨੇ ਵਿਦਿਆ ਜਾਂ ਜਾਤੀ) ਦਾ ਮਾਣ, ਪ੍ਰਵਾਰ ਦਾ ਮੋਹ, ਪਦਾਰਥਾਂ ਦਾ ਲੋਭ ਅਤੇ ਦੂਜੇ ਵਿਕਾਰਾਂ ਨੂੰ ਅਪਣੇ ਚਿਤ ਵਿਚ ਨਹੀਂ ਲਿਆਂਦਾ।(ਉਸ ਨੇ) ਪ੍ਰਭੂ ਦਾ ਨਾਮ ਰਤਨ ਅਤੇ ਪ੍ਰਭੂ ਦੇ ਗੁਣਾਂ ਦਾ ਵਪਾਰ ਕੀਤਾ ਹੈ, (ਉਹ ਹਿਰਦੇ ਵਿਚ) ਨਾਮ ਰੂਪ ਸੌਦਾ ਲੱਦ ਕੇ (ਪ੍ਰਲੋਕ ਨੂੰ) ਲੈ ਚੱਲਿਆ ਹੈ।੧।(ਹੇ ਭਾਈ!) ਸੇਵਕ ਦੀ ਪ੍ਰੀਤ ਅੰਤ ਤਕ ਨਿਭ (ਸਿਰੇ ਚੜ੍ਹ) ਗਈ ਹੈ।(ਉਹ) ਜਿਉਂਦਿਆਂ ਸਮੇਂ ਅਪਣੇ ਮਾਲਕ ਪ੍ਰਭੂ ਦੀ ਸਿਮਰਦਾ ਰਿਹਾ ਹੈ ਅਤੇ (ਸੰਸਾਰ ਤੋਂ) ਚੱਲਣ ਸਮੇਂ ਵੀ (ਉਸ ਨੇ ਮਾਲਕ ਨੂੰ ਅਪਣੇ) ਚਿਤ ਵਿਚ ਵਸਾਈ ਰੱਖਿਆ ਹੈ।੧।ਰਹਾਉ।(ਹੇ ਭਾਈ! ਸੇਵਕ ਨੂੰ) ਜਿਹੋ ਜਿਹੀ ਮਾਲਕ ਨੇ ਆਗਿਆ ਕੀਤੀ, (ਉਸ ਨੇ) ਉਸ ਆਗਿਆ ਮੰਨਣ ਤੋਂ ਕਦੇ ਮੂੰਹ ਨਹੀਂ ਮੋੜਿਆ।ਘਰ ਬਾਰ ਦੇ ਅੰਦਰ ਰਹਿੰਦਿਆਂ ਵੀ (ਸੇਵਕ ਨੇ ਉਸ ਦੇ ਹੁਕਮ ਵਿਚ) ਕੁਦਰਤੀ ਅਨੰਦ ਬਣਾਈ ਰੱਖਿਆ (ਜੇ ਹਰੀ ਨੇ ਗ੍ਰਿਸਤ ਵਿਚ ਰੱਖਿਆ ਤਾਂ ਵੀ ਆਤਮ ਅਨੰਦ ਮਾਣਿਆ, ਜਿਸ ਹਾਲਤ ਵਿਚ ਪ੍ਰਭੂ ਰੱਖੇ, ਸੇਵਕ ਲਈ ਉਸੇ ਹਾਲਤ ਵਿਚ ਅਨੰਦ ਹੈ, ਹਰੀ ਨੇ ਜਿਸ ਪਾਸੇ ਜਾਣ ਦਾ ਹੁਕਮ ਕੀਤਾ), ਉਸੇ ਪਾਸੇ ਨੂੰ ਉਠ ਕੇ ਦੌੜ ਪਿਆ (ਮਾਲਕ ਦੇ ਹੁਕਮ ਦੀ ਪਾਲਣਾ ਕੀਤੀ)।੨।ਪ੍ਰਭੂ ਦੇ ਹੁਕਮ ਵਿਚ (ਜੇ ਸੇਵਕ ਨੂੰ) ਭੁੱਖ ਤੇ ਤੰਗੀ ਕੱਟਣੀ ਪਈ, (ਤਾਂ ਸੇਵਕ ਨੇ) ਉਸ ਨੂੰ ਸੁਖ ਕਰਕੇ ਮੰਨਿਆ ਹੈ ਅਤੇ ਨਾ ਹੀ ਗਮੀ ਤੇ ਖੁਸ਼ੀ ਨੂੰ ਜਾਣਿਆ ਹੈ (ਖੁਸ਼ੀ ਗਮੀ ਨੂੰ ਇਕੋ ਜਿਹਾ

ਮੰਨਿਆ ਹੈ)। ਜੋ ਜੋ ਵੀ ਮਾਲਕ ਦਾ ਹੁਕਮ ਹੋਇਆ ਹੈ, ਉਹ (ਹੁਕਮ ਸੇਵਕ ਨੇ) ਸਿਰ ਮੱਥੇ ਉਤੇ ਮੰਨਿਆ ਹੈ।੩।(ਜਦੋਂ ਅਜੇਹੇ) ਸੇਵਕ ਉਤੇ ਮਾਲਕ ਪ੍ਰਭੂ ਮੇਹਰਵਾਨ ਹੋਇਆ, (ਉਸ ਸਮੇਂ ਸੇਵਕ ਦੇ) ਲੋਕ ਪ੍ਰਲੋਕ ਸਵਰ ਗਏ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਸੇਵਕ ਨੇ ਮਾਲਕ ਨੂੰ ਪਛਾਣਿਆ ਹੈ, ਉਹ ਸੇਵਕ ਧੰਨ ਹੈ, (ਉਸ ਦਾ ਸੰਸਾਰ ਵਿਚ) ਆਇਆ ਸਫਲ ਹੈ।੪।੫।

ਪਦਾਰਥ = ਮਾਨ–ਮਾਣ; ਹੰਕਾਰ; ਆਦਰ। ਅਰੁ–ਅਤੇ। ਬੀਓ–ਦੂਜਾ। ਚੀਤਿ–ਚਿਤ ਵਿਚ। ਨ ਘਾਲਿਓ–ਨਹੀਂ ਪਾਇਆ; ਨਹੀਂ ਲਿਆਂਦਾ। ਬਣਜੇ–ਵਪਾਰ ਕੀਤਾ; ਖ੍ਰੀਦਿਆ। ਲਾਦਿ–ਲੱਦ ਕੇ। ਵਖਰੁ–ਸੌਦਾ।੧। ਓੜਕਿ–ਅਖੀਰ ਤੱਕ। ਨਿਬਹੀ–ਸਿਰੇ ਚੜ੍ਹ ਗਈ। ਜੀਵਤ–ਜਿਉਂਦੇ ਸਮੇਂ। ਸੇਵਿਓ–ਸਿਮਰਦਾ ਰਿਹਾ। ਚਲਤੇ–ਸੰਸਾਰ ਤੋਂ ਪ੍ਰਲੋਕ ਨੂੰ ਚਲਦੇ ਸਮੇਂ।੧। ਰਹਾਉ। ਆਗਿਆ–ਹੁਕਮ। ਠਾਕੁਰਿ–ਮਾਲਕ ਪ੍ਰਭੂ ਨੇ। ਤਿਸ ਤੇ–ਉਸ ਤੋਂ। ਮੋਰਿਓ–ਮੋੜਿਆ। ਸਹਜੁ ਅਨੰਦੁ–ਕੁਦਰਤੀ ਅਨੰਦ; ਗਿਆਨ ਅਨੰਦ; ਆਤਮ ਅਨੰਦ। ਗ੍ਰਿਹ ਭੀਤਰਿ–ਘਰ ਦੇ ਅੰਦਰ। ਉਆਹੂ ਕਉ–ਉਸੇ ਪਾਸੇ ਨੂੰ। ਦਉਰਿਓ–ਦੌੜ ਪਿਆ।੨। ਮਹਿ–ਵਿਚ। ਭੂਖ–ਭੁੱਖ (ਤੰਗੀ) ਦੇ ਦਿਨ। ਸੋਈ–ਉਸ ਨੂੰ। ਕਰਿ ਸੂਖਾ–ਸੁੱਖ ਕਰਕੇ। ਸੋਗ–ਗਮੀ। ਹਰਖ–ਖੁਸ਼ੀ। ਭਇਓ–ਹੋਇਆ। ਸੋ–ਉਹ (ਹੁਕਮ)। ਮਾਥੈ ਲੇ–ਮੱਥੇ ਉਤੇ ਲੈ ਕੇ। ਮਾਨਿਓ–ਮੰਨਿਆ; ਪ੍ਰਵਾਨ ਕਰ ਲਿਆ।੩। ਸੇਵਕ ਕਉ–ਸੇਵਕ ਉਤੇ। ਸਵਰੇ–ਸੁਧਰ ਗਏ। ਹਲਤ–ਮਾਤ ਲੋਕ। ਪਲਾਤਾ–ਪ੍ਰਲੋਕ। ਧੰਨੁ–ਭਾਗਾਂ ਵਾਲਾ। ਜਿਨਿ–ਜਿਸ ਨੇ। ਖਸਮੁ–ਮਾਲਕ ਪ੍ਰਭੂ ਨੂੰ। ਪਛਾਤਾ–ਪਛਾਣਿਆ।੪।੫।

ਮਾਰੂ ਮਹਲਾ ੫ ॥ ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ, ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ, ਮਿਟਿ ਗਈ ਸਗਲੀ ਧਾਈ ॥੧॥ ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ, ਸੰਤਨ ਕੀ ਸਰਣਾਈ ॥੧॥ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ, ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ,ਕਤਹਿ ਨ ਭਇਓ ਦੂਰਾਈ ॥੨॥ ਸੁਖ ਸੀਤਲ ਸਰਧਾ ਸਭ ਪੂਰੀ, ਹੋਏ ਸੰਤ ਸਹਾਈ ॥ ਪਾਵਨ ਪਤਿਤ ਕੀਏ ਖਿਨ ਭੀਤਰਿ, ਮਹਿਮਾ ਕਥਨੁ ਨ ਜਾਈ ॥੩॥ ਨਿਰਭਉ ਭਏ ਸਗਲ ਭੈ ਖੋਏ, ਗੋਬਿੰਦ ਚਰਣ ਓਟਾਈ ॥ ਨਾਨਕੁ ਜਸੁ ਗਾਵੈ ਠਾਕੁਰ ਕਾ, ਰੈਣਿ ਦਿਨਸੁ ਲਿਵ ਲਾਈ ॥੪॥੬॥ (ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਭਾਈ! ਮੇਰਾ) ਭਾਗ ਖੁਲ੍ਹ (ਜਾਗ) ਪਿਆ ਹੈ, (ਮੇਰੇ ਤੇ) ਮਾਲਕ ਦੀ ਕ੍ਰਿਪਾ ਹੋਈ ਹੈ, ਮੈਂ ਹਰੀ ਦਾ ਕੀਰਤਨ ਗਾਉਂਦਾ ਹਾਂ। (ਹੁਣ ਮੇਰੀ) ਦੌੜ ਭੱਜ ਮੁੱਕ ਗਈ ਹੈ ਅਤੇ ਮੇਰੀ ਸਾਰੀ ਭਟਕਣਾ ਵੀ ਮਿਟ ਗਈ ਹੈ, (ਹੁਣ) ਮੈਂ ਮਾਨਸਕ ਟਿਕਾਉ ਪਾ ਲਿਆ ਹੈ; ਮੇਰਾ ਜਨਮ ਮਰਨ ਦਾ ਕਸ਼ਟ ਥੱਕ (ਰਹਿ) ਗਿਆ ਹੈ, ਮੈਂ ਮਾਨਸਕ ਟਿਕਾਉ ਪਾ ਲਿਆ ਹੈ ਅਤੇ ਮੇਰੀ ਚੁਰਾਸੀ ਲੱਖ ਜੂਨਾਂ ਦੀ ਦੌੜ ਮਿਟ ਗਈ ਹੈ (ਫ.ਸ.; ਸੰ.ਸ.)।੧। (ਹੇ ਭਾਈ!) ਸੰਤਾਂ ਦੀ ਸ਼ਰਣ ਵਿਚ ਪੈਣ ਕਰਕੇ ਮੇਰੇ ਮਨ ਵਿਚ ਤੇ ਚਿੱਤ ਵਿਚ ਰਚਨਹਾਰ ਪ੍ਰਭੂ ਆ ਵਸਿਆ ਹੈ। ਹੁਣ ਮੈਂ ਜੀਵਨ ਦੀ ਸਭ ਤੋਂ ਉਚੀ ਪਦਵੀ ਪਾ ਲਈ ਹੈ।੧। ਰਹਾਉ। (ਪ੍ਰਭੂ ਨੇ ਮੇਰੇ ਅੰਦਰੋਂ) ਕਾਮ ਕ੍ਰੋਧ ਲੋਭ ਤੇ ਮੋਹ ਆਦਿ ਵਿਕਾਰ ਦੂਰ ਕਰ ਦਿਤੇ ਹਨ ਅਤੇ ਮੇਰੇ ਸਾਰੇ ਵੈਰੀ ਵੀ ਦੂਰ ਹੋ ਗਏ ਹਨ। ਜੋ ਪ੍ਰਭੂ ਸਦਾ ਪ੍ਰਤੱਖ ਹੈ, ਹਾਜਰ ਅਤੇ (ਸਭ ਨੂੰ ਅਪਣੀ) ਨਜਰ ਵਿਚ ਰੱਖਣ ਵਾਲਾ ਹੈ, (ਉਹ ਮੇਰੇ ਤੋਂ) ਕਦੇ ਦੂਰ ਨਹੀਂ ਹੋਇਆ।੨। (ਹੇ ਭਾਈ! ਜਦੋਂ) ਸੰਤ (ਗੁਰੂ ਰਾਮਦਾਸ ਜੀ) ਸਹਾਈ ਹੋਏ, ਤਾਂ ਮੈਨੂੰ ਸੁਖ ਪ੍ਰਾਪਤ ਹੋ ਗਏ, (ਮਨ) ਸੀਤਲ ਹੋ ਗਿਆ ਅਤੇ ਮੇਰੀ ਸਾਰੀ ਸ਼ਰਧਾ ਪੂਰੀ ਹੋ ਗਈ। (ਗੁਰੂ ਰਾਮਦਾਸ ਜੀ ਨੇ ਸ਼ਰਣ ਵਿਚ ਆਏ) ਪਾਪੀ ਇਕ ਖਿਨ ਵਿਚ ਪਵਿਤ੍ਰ ਕਰ ਦਿਤੇ ਹਨ, (ਗੁਰੂ ਦੀ) ਮਹਿਮਾ ਕਹੀ ਨਹੀਂ ਜਾ ਸਕਦੀ।੩। (ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ) ਗੋਬਿੰਦ ਦੇ ਚਰਣਾਂ ਦੀ ਓਟ ਲਈ ਹੈ, (ਉਨ੍ਹਾਂ ਦੇ) ਸਾਰੇ ਡਰ ਦੂਰ ਹੋ ਗਏ ਹਨ ਅਤੇ ਉਹ ਨਿਰਭਉ ਹੋ ਗਏ ਹਨ। (ਹੁਣ) ਨਾਨਕ ਵੀ ਸੁਰਤ ਜੋੜ ਕੇ ਦਿਨ ਰਾਤ ਮਾਲਕ ਪ੍ਰਭੂ ਦਾ ਜਸ ਗਾਉਂਦਾ ਹੈ।੪।੬।

ਨੋਟ = ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਤੂਬਰ ੧੭੦੮ ਈ. ਵਿਚ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਅਰਪਣ ਕੀਤੀ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਵਿਚੋਂ 'ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ' ਮੁਖ ਵਾਕ ਆਇਆ ਸੀ।

ਪਦਾਰਥ = ਕਰਮੁ–ਭਾਗ; ਕਿਸਮਤ। ਭਈ–ਹੋਈ। ਠਾਕੁਰ–ਮਾਲਕ ਦੀ। ਗਾਈ–ਗਾਉਂਦਾ ਹਾਂ। ਸ੍ਰਮੁ–ਥਕੇਵਾਂ; ਦੌੜ ਭੱਜ; ਕਸ਼ਟ। ਥਾਕਾ–ਥੱਕ ਗਿਆ (ਮੁੱਕ ਗਿਆ)। ਪਾਏ ਬਿਸ੍ਰਾਮਾ–ਟਿਕਾਉ ਪਾ ਲਿਆ। ਸਗਲੀ–ਸਾਰੀ। ਧਾਈ–ਧਾਵਨਾ; ਭਟਕਣਾ।੧। ਅਬ–ਹੁਣ। ਮੋਹਿ–ਮੈਂ। ਜੀਵਨ ਪਦਵੀ–ਜੀਵਨ ਦੀ ਸਭ ਤੋਂ ਉਚੀ ਪਦਵੀ; ਨਿਰਵਾਣ ਪਦਵੀ; ਜੀਵਨ ਮੁਕਤੀ। ਚੀਤਿ–ਚਿੱਤ ਵਿਚ। ਮਨਿ–ਮਨ ਵਿਚ। ਪੁਰਖੁ–ਸਰਬ ਵਿਆਪਕ ਪ੍ਰਭੂ। ਬਿਧਾਤਾ–ਸਿਰਜਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ।੧। ਰਹਾਉ। ਨਿਵਾਰੇ–ਦੂਰ ਕਰ ਦਿਤੇ। ਨਿਵਰੇ–ਦੂਰ ਹੋ ਗਏ। ਸਗਲ ਬੈਰਾਈ–ਸਾਰੇ ਵੈਰੀ। ਸਦ–ਸਦਾ। ਹਜੂਰਿ–ਪ੍ਰਤੱਖ ਸਾਮ੍ਹਣੇ; ਅੰਗ ਸੰਗ। ਨਾਜਰ–ਨਜਰ ਕਰਨ ਵਾਲਾ; ਨਿਗਰਾਨੀ ਕਰਨ ਵਾਲਾ (ਮ.ਕੋ.); ਦੇਖਣ ਵਾਲਾ (ਸ਼ਬਦਾਰਥ)। ਕਤਹਿ–ਕਦੇ ਵੀ। ਨ ਭਇਓ ਦੂਰਾਈ–ਦੂਰ ਨਹੀਂ

ਹੋਇਆ।੨।ਸਹਾਈ–ਮਦਤਗਾਰ।ਪਾਵਨ–ਪਵਿਤ੍ਰ।ਪਤਿਤ–ਪਾਪੀ।ਕੀਏ–ਕਰ ਦਿਤੇ।ਖਿਨ ਭੀਤਰਿ–ਇਕ ਖਿਨ ਵਿਚ।੩।ਭਏ –ਹੋ ਗਏ।ਨਿਰਭਉ–ਡਰ ਰਹਿਤ।ਖੋਏ–ਦੂਰ ਹੋ ਗਏ।ਓਟਾਈ–ਓਟ ਲਈ ਹੈ।ਰੈਣਿ–ਰਾਤ।ਲਿਵ ਲਾਈ–ਲਿਵ ਲਾ ਕੇ।੪।੬।

ਮਾਰੂ ਮਹਲਾ ੫ ॥ ਜੋ ਸਮਰਥੁ ਸਰਬ ਗੁਣ ਨਾਇਕੁ , ਤਿਸ ਕਉ ਕਬਹੁ ਨ ਗਾਵਸਿ ਰੇ ॥ ਛੋਡਿ ਜਾਇ ਖਿਨ ਭੀਤਰਿ ਤਾ ਕਉ , ਉਆ ਕਉ ਫਿਰਿ ਫਿਰਿ ਧਾਵਸਿ ਰੇ ॥੧॥ ਅਪੁਨੇ ਪ੍ਰਭ ਕਉ ,ਕਿਉ ਨ ਸਮਾਰਸਿ ਰੇ ॥ ਬੈਰੀ ਸੰਗਿ ਰੰਗ ਰਸਿ ਰਚਿਆ, ਤਿਸੁ ਸਿਉ ਜੀਅਰਾ ਜਾਰਸਿ ਰੇ ॥੧॥ਰਹਾਉ॥ ਜਾ ਕੈ ਨਾਮਿ ਸੁਨਿਐ ਜਮੁ ਛੋਡੈ, ਤਾ ਕੀ ਸਰਣਿ ਨ ਪਾਵਸਿ ਰੇ ॥ ਕਾਢਿ ਦੇਇ ਸਿਆਲ ਬਪੁਰੇ ਕਉ ,ਤਾ ਕੀ ਓਟ ਟਿਕਾਵਸਿ ਰੇ ॥੨॥ ਜਿਸ ਕਾ ਜਾਸੁ ਸੁਨਤ ਭਵ ਤਰੀਐ, ਤਾ ਸਿਉ ਰੰਗੁ ਨ ਲਾਵਸਿ ਰੇ ॥ ਥੋਰੀ ਬਾਤ ਅਲਪ ਸੁਪਨੇ ਕੀ, ਬਹੁਰਿ ਬਹੁਰਿ ਅਟਕਾਵਸਿ ਰੇ ॥੩॥ ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ, ਸੰਤ ਸੰਗਿ ਪਤਿ ਪਾਈ ॥ ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ, ਜਉ ਪ੍ਰਭ ਪਏ ਸਹਾਈ ॥੪॥੭॥ ਹੇ ਭਾਈ! ਜੋ ਪ੍ਰਭੂ ਸਰਬ ਸ਼ਕਤੀਮਾਨ ਹੈ ਤੇ ਸਾਰੇ ਗੁਣਾਂ ਦਾ ਮਾਲਕ ਹੈ, ਤੂੰ ਉਸ ਨੂੰ ਕਦੇ ਨਹੀਂ ਗਾਉਂਦਾ।ਹੇ ਭਾਈ! ਉਸ (ਮਾਇਆ) ਨੂੰ ਤੈਂ ਇਕ ਖਿਨ ਵਿਚ ਛਡ ਜਾਣਾ ਹੈ, ਉਸ ਵੱਲ ਤੂੰ ਮੁੜ ਮੁੜ ਦੌੜਦਾ ਹੈਂ।੧।ਹੇ ਭਾਈ! ਤੂੰ ਅਪਣੇ ਪ੍ਰਭੂ ਨੂੰ ਕਿਉਂ ਨਹੀਂ ਯਾਦ ਕਰਦਾ? ਹੇ ਭਾਈ! ਤੂੰ ਅਪਣੇ ਵੈਰੀ (ਮਾਇਆ ਮੋਹ) ਦੇ ਰੰਗ ਰਸ ਵਿਚ ਰਚਿਆ ਪਿਆ ਹੈਂ, ਉਸ (ਮੋਹ ਮਾਇਆ) ਨਾਲ ਤੂੰ ਅਪਣੀ ਜਿੰਦ ਨੂੰ ਸਾੜ ਰਿਹਾ ਹੈ (ਕਈ ਬੀੜਾਂ ਵਿਚ ਪਾਠ 'ਜਾਗਸਿ' ਵੀ ਹੈ)।੧।ਰਹਾਉ।ਹੇ ਭਾਈ! ਜਿਸ ਪ੍ਰਭੂ ਦੇ ਨਾਮ ਦੇ ਸੁਣਦਿਆਂ ਹੀ ਜਮ ਛਡ ਜਾਂਦਾ ਹੈ, ਤੂੰ ਉਸ ਪ੍ਰਭੂ ਦੀ ਸ਼ਰਣ ਨਹੀਂ ਪੈਂਦਾ। ਹੇ ਭਾਈ! (ਤੂੰ ਅਪਣੇ ਅੰਦਰੋਂ) ਨਿਮਾਣੇ ਆਲਸ ਰੂਪ ਗਿੱਦੜ ਨੂੰ ਕੱਢ ਦੇਹ (ਇਹ ਦੁੱਖਦਾਈ ਹੈ ਅਤੇ ਅਪਣੇ ਮਨ ਵਿਚ) ਉਸ ਪ੍ਰਭੂ ਦੀ ਓਟ ਟਿਕਾ ਲੈ।੨।ਹੇ ਭਾਈ! ਜਿਸ ਪ੍ਰਭੂ ਦਾ ਜਸ ਸੁਣਨ ਨਾਲ ਭਵ ਸਾਗਰ ਤੋਂ ਤਰ ਜਾਈਦਾ ਹੈ, ਤੂੰ ਉਸ ਨਾਲ ਪ੍ਰੇਮ ਨਹੀਂ ਲਾਉਂਦਾ।ਹੇ ਭਾਈ! ਥੋੜੀ ਜਿਹੀ ਗੱਲ, ਜੋ ਥੋੜੇ ਜਿਹੇ ਸੁਪਨੇ ਦੀ ਹੈ (ਸੰਸਾਰ ਦਾ ਥੋੜੇ ਚਿਰ ਵਾਲਾ ਰੰਗ ਰੂਪ ਹੈ), ਤੂੰ ਉਸ ਵਿਚ ਮੁੜ ਮੁੜ ਅਪਣੇ ਮਨ ਨੂੰ ਠਹਰਾਉਂਦਾ ਹੈਂ।੩।(ਜਿਸ ਮਨੁੱਖ ਉਤੇ) ਕ੍ਰਿਪਾ ਦੇ ਭੰਡਾਰ ਮਾਲਕ ਦੀ ਮੇਹਰ ਹੋਈ ਹੈ, (ਉਸ ਨੇ) ਸੰਤਾਂ ਦੀ ਸੰਗਤ ਕਰਕੇ (ਲੋਕ ਪ੍ਰਲੋਕ ਵਿਚ) ਇੱਜਤ ਪਾ ਲਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਉਪਰ) ਜਦੋਂ ਪ੍ਰਭੂ ਜੀ ਸਹਾਈ ਹੋਏ, ਤਾਂ (ਉਸ ਦੇ ਅੰਦਰੋਂ) ਤਿੰਨ ਗੁਣਾਂ ਵਾਲੀ ਮਾਇਆ ਦਾ ਭਰਮ ਛੁਟ ਗਿਆ।੪।੭।

ਪਦਾਰਥ = ਸਮਰਥੁ–ਸਭ ਸ਼ਕਤੀਆਂ ਦਾ ਮਾਲਕ।ਸਰਬ ਗੁਣ–ਸਾਰੇ ਗੁਣਾਂ ਦਾ।ਨਾਇਕੁ–ਮਾਲਕ।ਤਿਸ ਕਉ–ਉਸ ਨੂੰ।ਕਬਹੁ– ਕਦੇ ਵੀ।ਨ ਗਾਵਸਿ–ਨਹੀਂ ਗਾਉਂਦਾ।ਰੇ–ਹੇ ਭਾਈ!।ਖਿਨ ਭੀਤਰਿ–ਇਕ ਖਿਨ ਵਿਚ।ਤਾ ਕਉ–ਉਸ (ਮਾਇਆ) ਨੂੰ।ਉਆ ਕਉ–ਉਸ (ਮਾਇਆ) ਵੱਲ।ਫਿਰਿ ਫਿਰਿ–ਮੁੜ ਮੁੜ।ਧਾਵਸਿ–ਦੌੜਦਾ ਹੈਂ।੧।ਪ੍ਰਭ ਕਉ–ਪ੍ਰਭੂ ਨੂੰ।ਨ ਸਮਾਰਸਿ–ਯਾਦ ਨਹੀਂ ਕਰਦਾ।ਬੈਰੀ ਸੰਗਿ–ਵੈਰੀ ਨਾਲ।ਰੰਗ ਰਸਿ–(ਮੋਹ ਮਾਇਆ ਦੇ) ਪਿਆਰ ਦੇ ਸੁਆਦ ਵਿਚ।ਰਚਿਆ–ਫਸਿਆ ਪਿਆ ਹੈਂ।ਤਿਸੁ ਸਿਉ–ਉਸ ਨਾਲ।ਜੀਅਰਾ–ਜਿੰਦ ਨੂੰ।ਜਾਰਸਿ–ਸਾੜ ਰਿਹਾ ਹੈਂ।੧।ਰਹਾਉ।ਜਾ ਕੈ–ਜਿਸ ਦੇ।ਨਾਮਿ ਸੁਨਿਐ–ਨਾਮ ਦੇ ਸੁਣਦਿਆਂ ਹੀ।ਤਾ ਕੀ–ਉਸ ਦੀ।ਨ ਪਾਵਸਿ–ਨਹੀਂ ਪੈਂਦਾ।ਕਾਢਿ ਦੇਇ–ਕੱਢ ਦੇਹ।ਸਿਆਪ ਬਪੁਰੇ ਕਉ–ਆਲਸ ਰੂਪ ਨਿਮਾਣੇ ਗਿੱਦੜ ਨੂੰ। ਟਿਕਾਵਸਿ–(ਅਪਣੇ ਮਨ ਵਿਚ) ਟਿਕਾ ਲੈ।੨।ਜਾਸੁ–ਜਸ।ਸੁਨਤ–ਸੁਣਨ ਨਾਲ।ਭਵ–ਸੰਸਾਰ ਸਮੁੰਦਰ।ਤਰੀਐ–ਤਰ ਜਾਈਦਾ ਹੈ ।ਤਾ ਸਿਉ–ਉਸ ਨਾਲ।ਰੰਗੁ–ਪ੍ਰੇਮ।ਨ ਲਾਵਸਿ–ਨਹੀਂ ਲਾਉਂਦਾ।ਥੋਰੀ ਬਾਤ–ਥੋੜੀ ਗੱਲ।ਅਲਪ–ਥੋੜੇ ਜਿਹੇ; ਤੁੱਛ।ਬਹੁਰਿ ਬਹੁਰਿ –ਮੁੜ ਮੁੜ।ਅਟਕਾਵਸਿ–ਠਹਰਾਉਂਦਾ ਹੈਂ।੩।ਭਇਓ ਪ੍ਰਸਾਦੁ–ਕ੍ਰਿਪਾ ਹੋਈ।ਕ੍ਰਿਪਾ ਨਿਧਿ–ਕ੍ਰਿਪਾ ਦੇ ਭੰਡਾਰ।ਠਾਕੁਰ–ਮਾਲਕ ਦੀ ।ਸੰਤ ਸੰਗਿ–ਸੰਤਾਂ ਦੀ ਸੰਗਤ ਕਰਕੇ।ਪਤਿ–ਇੱਜਤ।ਤ੍ਰੈ ਗੁਣ–ਤਿੰਨ ਗੁਣਾਂ ਵਾਲੀ ਮਾਇਆ।ਭਏ–ਹੋਏ।ਜਉ–ਜਦੋਂ।੪।੭।

ਮਾਰੂ ਮਹਲਾ ੫ ॥ ਅੰਤਰਜਾਮੀ ਸਭ ਬਿਧਿ ਜਾਨੈ, ਤਿਸ ਤੇ ਕਹਾ ਦੁਲਾਰਿਓ ॥ ਹਸਤ ਪਾਵ ਝਰੇ ਖਿਨ ਭੀਤਰਿ, ਅਗਨਿ ਸੰਗਿ ਲੈ ਜਾਰਿਓ ॥੧॥ (ਹੇ ਭਾਈ!) ਅੰਤਰਜਾਮੀ ਪ੍ਰਭੂ (ਮਨੁੱਖ ਦੇ ਅੰਦਰ ਦੀ) ਸਭ ਤਰ੍ਹਾਂ ਦੀ ਗੱਲ ਜਾਣਦਾ ਹੈ, ਉਸ ਤੋਂ ਕੀ ਲੁਕਾਇਆ ਜਾ ਸਕਦਾ ਹੈ? (ਕੁਛ ਨਹੀਂ ਲੁਕਾਇਆ ਜਾ ਸਕਦਾ।ਅੰਤ ਵੇਲੇ ਜਦੋਂ ਤੇਰਾ ਸਰੀਰ) ਲੈ ਕੇ ਅੱਗ ਨਾਲ ਸਾੜਿਆ ਜਾਵੇਗਾ, (ਤਾਂ ਤੇਰੇ) ਹੱਥ ਪੈਰ ਇਕ ਖਿਨ ਵਿਚ ਝੜ (ਸੜ) ਜਾਣਗੇ (ਰੱਬ ਨੂੰ ਭੁੱਲ ਕੇ ਜਿਸ ਸਰੀਰ ਦੇ ਪਾਲਣ ਪੋਸਣ ਵਿਚ ਲੱਗਾ ਰਹਿੰਦਾ ਹੈਂ, ਉਸ ਸਰੀਰ ਦੀ ਇਹ ਹਾਲਤ ਹੋਵੇਗੀ)।੧।

ਅੰਗ ੧੦੦੧ = ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥ ਲੂਣ ਖਾਇ ਕਰਹਿ ਹਰਾਮਖੋਰੀ, ਪੇਖਤ ਨੈਨ ਬਿਦਾਰਿਓ ॥੧॥ਰਹਾਉ॥

ਅਸਾਧ ਰੋਗੁ ਉਪਜਿਓ ਤਨ ਭੀਤਰਿ, ਟਰਤ ਨ ਕਾਹੂ ਟਾਰਿਓ ॥ ਪ੍ਰਭ ਬਿਸਰਤ ਮਹਾ ਦੁਖੁ ਪਾਇਓ, ਇਹੁ ਨਾਨਕ ਤਤੁ ਬੀਚਾਰਿਓ ॥੨॥੮॥ ਹੇ ਮੂਰਖ ਬੰਦੇ! ਤੈਂ ਮਨ ਤੋਂ ਰਾਮ ਨੂੰ ਭੁਲਾ ਦਿਤਾ ਹੈ। (ਪ੍ਰਭੂ ਦਾ) ਲੂਣ ਖਾ ਕੇ ਤੂੰ ਹਰਾਮਖੋਰੀ ਕਰਦਾ ਹੈਂ (ਪ੍ਰਭੂ ਦੇ ਦਿਤੇ ਪਦਾਰਥ ਖਾ ਕੇ ਕ੍ਰਿਤਘਣਤਾ ਕਰਦਾ ਹੈਂ, ਉਸ ਦਾ ਸ਼ੁਕਰਾਨਾ ਨਹੀਂ ਕਰਦਾ, ਤੂੰ ਅਪਣੀਆਂ) ਅੱਖਾਂ ਦੇ ਵੇਖਦਿਆਂ ਹੀ (ਜਮਦੂਤਾਂ ਵੱਲੋਂ) ਮਾਰ ਦਿਤਾ ਜਾਏਂਗਾ (ਤੇਰੀ ਰੱਖਿਆ ਕਿਸੇ ਨੇ ਨਹੀਂ ਕਰਨੀ)।੧।ਰਹਾਉ।(ਇਸ ਹਰਾਮਖੋਰੀ ਦੇ ਕਾਰਣ ਤੇਰੇ) ਸਰੀਰ ਅੰਦਰ ਲਾ ਇਲਾਜ (ਅਗਿਆਨ ਦਾ) ਰੋਗ ਪੈਦਾ ਹੋ ਗਿਆ ਹੈ, ਜੋ ਕਿਸੇ ਜਤਨ ਨਾਲ ਵੀ ਟਾਲਿਆ ਨਹੀਂ ਟਲ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਇਹੀ ਤੱਤ ਵਿਚਾਰਿਆ ਹੈ ਕਿ ਪ੍ਰਭੂ ਨੂੰ ਭੁੱਲ ਜਾਣ ਕਰਕੇ ਤੈਂ ਭਾਰੀ ਦੁਖ ਪਾਇਆ ਹੈ।੨।੮।

ਪਦਾਰਥ = ਅੰਤਰਜਾਮੀ–ਦਿਲਾਂ ਅੰਦਰ ਦੀ ਜਾਨਣ ਵਾਲਾ। ਸਭ ਬਿਧਿ–ਸਭ ਤਰ੍ਹਾਂ ਦੀ ਗੱਲ। ਤਿਸ ਤੇ–ਉਸ ਤੋਂ। ਕਹਾ–ਕਿੱਥੇ; ਕੀ। ਦੁਲਾਰਿਓ–ਲੁਕਾਇਆ ਜਾ ਸਕਦਾ ਹੈ। ਹਸਤ–ਹੱਥ। ਪਾਵ–ਪੈਰ। ਝਰੇ–ਝੜ (ਸੜ) ਜਾਣਗੇ। ਖਿਨ ਭੀਤਰਿ–ਇਕ ਖਿਨ ਵਿਚ। ਅਗਨਿ ਸੰਗਿ–ਅੱਗ ਨਾਲ। ਲੈ ਜਾਰਿਓ–ਲੈ ਕੇ ਜਾਲਿਆ ਜਾਵੇਂਗਾ।੧। ਮੂੜੇ–ਹੇ ਮੂਰਖ!। ਤੈ–ਤੂੰ। ਮਨ ਤੇ–ਮਨ ਤੋਂ। ਰਾਮੁ–ਵਾਹਿਗੁਰੂ। ਬਿਸਾਰਿਓ–ਭੁਲਾ ਦਿਤਾ ਹੈ। ਖਾਇ–ਖਾ ਕੇ। ਹਰਾਮਖੋਰੀ–ਕ੍ਰਿਤਘਣਤਾ; ਸ਼ੁਕਰਾਨਾ ਨਾ ਕਰਨ ਵਾਲਾ। ਪੇਖਤ–ਦੇਖਦਿਆਂ ਹੀ। ਨੈਨ–ਅੱਖਾਂ। ਬਿਦਾਰਿਓ–ਮਾਰ ਦਿਤਾ ਜਾਵੇਂਗਾ।੧। ਰਹਾਉ। ਅਸਾਧ ਰੋਗੁ–ਉਹ ਰੋਗ, ਜਿਸ ਦਾ ਇਲਾਜ ਨਾ ਹੋ ਸਕੇ। ਉਪਜਿਓ–ਪੈਦਾ ਹੋ ਗਿਆ। ਤਨ–ਸਰੀਰ। ਟਰਤ ਨ–ਟਲਦਾ (ਹਟਦਾ) ਨਹੀਂ। ਕਾਹੂ–ਕਿਸੇ ਜਤਨ ਨਾਲ। ਟਾਰਿਓ–ਹਟ ਸਕਦਾ। ਬਿਸਰਤ–ਭੁੱਲ ਜਾਣ ਕਰਕੇ। ਮਹਾ–ਵੱਡਾ; ਭਾਈ। ਤਤੁ–ਸਾਰ (ਸਾਰੰਸ਼); ਅਸਲੀਅਤ।੨।੮।

ਮਾਰੂ ਮਹਲਾ ੫ ॥ ਚਰਨ ਕਮਲ ਪ੍ਰਭ ਰਾਖੇ ਚੀਤਿ ॥ ਹਰਿ ਗੁਣ ਗਾਵਹ ਨੀਤਾ ਨੀਤ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥ ਆਦਿ ਮਧਿ ਅੰਤਿ ਹੈ ਸੋਊ ॥੧॥ ਸੰਤਨ ਕੀ ਓਟ ਆਪੇ ਆਪਿ ॥੧॥ਰਹਾਉ॥ ਜਾ ਕੈ ਵਸਿ ਹੈ ਸਗਲ ਸੰਸਾਰੁ ॥ ਆਪੇ ਆਪਿ ਆਪਿ ਨਿਰੰਕਾਰੁ ॥ ਨਾਨਕ ਗਹਿਓ ਸਾਚਾ ਸੋਇ ॥ ਸੁਖੁ ਪਾਇਆ ਫਿਰਿ ਦੂਖੁ ਨ ਹੋਇ ॥੨॥੯॥ (ਹੇ ਭਾਈ! ਸੰਤਾਂ ਨੇ) ਪ੍ਰਭੂ ਦੇ ਚਰਨ ਕਮਲ ਅਪਣੇ ਚਿਤ ਵਿਚ ਵਸਾ ਰੱਖੇ ਹਨ। ਅਤੇ (ਉਹ) ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ। (ਸੰਤਾਂ ਨੇ ਨਿਸ਼ਚਾ ਕੀਤਾ ਹੈ ਕਿ) ਤਿਸ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ (ਸਹਾਈ) ਨਹੀਂ ਹੈ। ਸ੍ਰਿਸਟੀ ਦੇ ਅਰੰਭ ਵਿਚ ਉਹ ਹੀ ਪ੍ਰਭੂ ਸੀ, ਵਿਚਕਾਰਲੇ (ਵਰਤਮਾਨ) ਸਮੇਂ ਵਿਚ ਉਹ ਹੀ ਹੈ ਅਤੇ ਅੰਤ ਸਮੇਂ ਵਿਚ ਉਹ ਪ੍ਰਭੂ ਹੀ ਹੋਵੇਗਾ (ਸਦਾ ਕਾਇਮ ਰਹਿਣ ਵਾਲਾ ਹੈ)।੧। (ਹੇ ਭਾਈ!) ਸੰਤਾਂ ਦਾ ਆਸਰਾ ਪ੍ਰਭੂ ਆਪ ਹੀ ਆਪ ਹੈ।੧। ਰਹਾਉ। (ਹੇ ਭਾਈ) ਜਿਸ ਪ੍ਰਭੂ ਦੇ ਵਸ ਵਿਚ ਸਾਰਾ ਸੰਸਾਰ ਹੈ। (ਉਹ) ਨਿਰੰਕਾਰ ਤਿੰਨਾਂ ਸਮਿਆਂ ਵਿਚ ਆਪ ਹੀ ਆਪ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਸੰਤਾਂ ਨੇ) ਉਸ ਸੱਚੇ ਪ੍ਰਭੂ ਦਾ ਲੜ ਫੜਿਆ ਹੈ। (ਇਸੇ ਕਰਕੇ ਉਨ੍ਹਾਂ ਨੂੰ ਆਤਮਕ) ਸੁਖ ਪ੍ਰਾਪਤ ਹੋਇਆ ਹੈ ਅਤੇ ਮੁੜ ਕੇ (ਉਨ੍ਹਾਂ ਨੂੰ ਕੋਈ) ਦੁਖ ਨਹੀਂ ਹੋਵੇਗਾ।੨।੯।

ਪਦਾਰਥ = ਚਰਨ ਕਮਲ–ਕਮਲ ਫੁੱਲ ਵਰਗੇ ਸੁੰਦਰ ਚਰਨ। ਚੀਤਿ–ਚਿਤ ਵਿਚ। ਗਾਵਹ–ਗਾਉਂਦੇ ਹਨ। ਨੀਤਾ ਨੀਤ–ਹਰ ਰੋਜ। ਕੋਊ–ਕੋਈ ਵੀ। ਅਵਰੁ–ਹੋਰ। ਆਦਿ–ਸ੍ਰਿਸ਼ਟੀ ਦੇ ਅਰੰਭ ਵਿਚ। ਮਧਿ–ਵਿਚਕਾਰਲੇ (ਵਰਤਮਾਨ) ਸਮੇਂ ਵਿਚ। ਅੰਤਿ–ਸ੍ਰਿਸਟੀ ਦੇ ਅੰਤ ਵਿਚ। ਸੋਊ–ਉਹ ਹੀ। ਸੰਤਨ ਕੀ–ਸੰਤਾਂ ਦੀ। ਓਟ–ਆਸਰਾ। ਆਪੇ–ਆਪ ਹੀ।੧। ਰਹਾਉ। ਜਾ ਕੈ–ਜਿਸ ਦੇ। ਵਸਿ–ਵਸ ਵਿਚ। ਸਗਲ–ਸਾਰਾ। ਨਿਰੰਕਾਰੁ–ਅਕਾਰ ਰਹਿਤ ਪ੍ਰਭੂ। ਗਹਿਓ–ਫੜਿਆ ਹੈ। ਸਾਚਾ ਸੋਇ–ਉਸ ਸੱਚੇ ਪ੍ਰਭੂ ਦਾ। ਫਿਰਿ–ਮੁੜ ਕੇ।੨।੯।

ਮਾਰੂ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਪ੍ਰਾਨ ਸੁਖ ਦਾਤਾ ਜੀਅ ਸੁਖ ਦਾਤਾ, ਤੁਮ ਕਾਹੇ ਬਿਸਾਰਿਓ ਅਗਿਆਨਥ ॥ ਹੋਛਾ ਮਦੁ ਚਾਖਿ ਹੋਏ ਤੁਮ ਬਾਵਰ, ਦੁਲਭ ਜਨਮੁ ਅਕਾਰਥ ॥੧॥ ਰੇ ਨਰ, ਐਸੀ ਕਰਹਿ ਇਆਨਥ ॥ ਤਜਿ ਸਾਰੰਗਧਰ ਭ੍ਰਮਿ ਤੂ ਭੂਲਾ, ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥੧॥ਰਹਾਉ॥ ਧਰਣੀਧਰੁ ਤਿਆਗਿ ਨੀਚ ਕੁਲ ਸੇਵਹ, ਹਉ ਹਉ ਕਰਤ ਬਿਹਾਵਥ ॥ ਫੋਕਟ ਕਰਮ ਕਰਹਿ ਅਗਿਆਨੀ, ਮਨਮੁਖਿ ਅੰਧ ਕਹਾਵਥ ॥੨॥ ਸਤਿ ਹੋਤਾ ਅਸਤਿ ਕਰਿ ਮਾਨਿਆ, ਜੋ ਬਿਨਸਤ ਸੋ ਨਿਹਚਲੁ ਜਾਨਥ ॥ ਪਰ ਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਥ ॥੩॥ ਖਤ੍ਰੀ ਬ੍ਰਾਹਮਣ ਸੂਦ ਵੈਸ, ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ, ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥ ਹੇ ਅਗਿਆਨੀ ਬੰਦੇ! ਜਿਹੜਾ ਪ੍ਰਭੂ ਪ੍ਰਾਣ ਦੇਣ ਵਾਲਾ ਹੈ, ਸਾਰੇ ਸੁਖ ਦੇਣ ਵਾਲਾ ਹੈ ਅਤੇ ਸਾਰੇ ਜੀਵਾਂ ਨੂੰ ਸੁਖ ਦੇਣ ਵਾਲਾ ਹੈ, ਤੂੰ ਉਸ ਨੂੰ ਕਿਉਂ ਭੁਲਾ ਦਿਤਾ ਹੈ? (ਮੋਹ ਮਾਇਆ ਦਾ) ਨਿਕੰਮਾ ਨਸ਼ਾ ਚੱਖ ਕੇ ਤੂੰ ਪਾਗਲ ਹੋ ਰਿਹਾ ਹੈ ਅਤੇ ਦੁਰਲੱਭ ਮਨੁੱਖਾ ਜਨਮ ਨੂੰ ਤੂੰ ਬਿਅਰਥ ਗੁਆ ਰਿਹਾ ਹੈਂ।੧। ਹੇ ਮਨੁੱਖ! ਤੂੰ ਇਹੋ ਜਿਹੀ ਅਣਜਾਣਪੁਣੇ ਵਾਲੀ ਗੱਲ ਕਰਦਾ ਹੈਂ। ਕਿ ਤੂੰ ਧਨੁੱਖਧਾਰੀ ਪ੍ਰਭੂ ਨੂੰ ਛਡ ਕੇ ਭਰਮ ਵਿਚ ਭੁੱਲਿਆ ਫਿਰਦਾ ਹੈਂ ਅਤੇ

ਮਾਇਆ ਦੇ ਮੋਹ ਨਾਲ ਚਿੰਬੜਿਆ ਹੋਇਆ ਹੈਂ ਅਤੇ (ਉਸ ਮਾਇਆ ਨੂੰ ਅਪਣਾ) ਸਾਥੀ ਜਾਣਦਾ ਹੈਂ।੧।ਰਹਾਉ।(ਹੇ ਪਾਗਲ ਬੰਦੇ!) ਧਰਤੀ ਨੂੰ ਆਸਰਾ ਦੇਣ ਵਾਲੇ ਪ੍ਰਭੂ ਨੂੰ ਛਡ ਕੇ ਤੂੰ ਨੀਚ ਕੁਲ ਦੇ ਕਾਮਾਦਿਕਾਂ ਦੀ ਸੇਵਾ ਕਰਦਾ ਹੈਂ ਅਤੇ (ਤੇਰੀ) ਸਾਰੀ ਉਮਰ ਮੈਂ ਮੈਂ ਕਰਦਿਆਂ ਬੀਤ ਰਹੀ ਹੈ।ਹੇ ਬੇਸਮਝ ਬੰਦੇ! ਤੂੰ ਸਾਰੇ ਨਿਕੰਮੇ ਕੰਮ ਕਰਦਾ ਹੈਂ ਅਤੇ (ਅਪਣੇ ਆਪ ਨੂੰ) ਅੰਨ੍ਹਾਂ ਤੇ ਮਨਮੁਖ ਕਹਾ ਰਿਹਾ ਹੈਂ।੨।(ਹੇ ਭਾਈ! ਜੋ) ਤਿੰਨਾਂ ਕਾਲਾਂ ਵਿਚ ਸਦਾ ਹੋਂਦ ਵਾਲਾ ਪ੍ਰਭੂ ਹੈ, (ਉਸ ਨੂੰ) ਤੂੰ ਅਸੱਤ ਕਰਕੇ ਮੰਨ ਲਿਆ ਹੈ, (ਜਗਤ ਜੋ) ਨਾਸ਼ਵੰਤ ਹੈ, ਉਸ ਨੂੰ ਸਥਿਰ ਰਹਿਣ ਵਾਲਾ ਜਾਣਦਾ ਹੈਂ; ਜਿਹੜੀ ਸੱਚ ਹੋਣ ਵਾਲੀ ਮੌਤ ਹੈ, ਉਸ ਨੂੰ ਝੂਠ ਮੰਨਿਆ ਹੈ, ਜੋ ਸਰੀਰ (ਜਾਂ ਪਦਾਰਥ) ਨਾਸ਼ ਹੋਣ ਵਾਲਾ ਹੈ, ਉਹ ਤੈਂ ਨਿਹਚਲ ਜਾਨਿਆ ਹੈ।ਪਰਾਈ ਵਸਤੂ (ਮਾਇਆ) ਨੂੰ ਤੂੰ ਅਪਣੀ ਸਮਝ ਕਰਕੇ ਫੜੀ ਬੈਠਾ ਹੈਂ, ਇਹੋ ਜਿਹੀ ਭੁੱਲ ਵਿਚ ਤੂੰ ਭੁਲਿਆ ਪਿਆ ਹੈਂ।੩।(ਹੇ ਭਾਈ!) ਖਤ੍ਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼ ਸਾਰੇ ਇਕ ਪ੍ਰਭੂ ਦੇ ਨਾਮ ਦੁਆਰਾ ਹੀ (ਸੰਸਾਰ ਸਮੁੰਦਰ ਤੋਂ) ਤਰਦੇ ਹਨ।ਗੁਰੂ ਨਾਨਕ ਦੇਵ ਜੀ ਉਪਦੇਸ਼ ਉਚਾਰਦੇ ਹਨ ਕਿ ਜੋ ਮਨੁੱਖ (ਇਸ ਉਪਦੇਸ਼ ਨੂੰ) ਸੁਣਦਾ ਹੈ, ਉਹ (ਸੰਸਾਰ ਸਮੁੰਦਰ ਤੋਂ) ਪਾਰ ਪੈ ਜਾਂਦਾ ਹੈ।੪।੧।੧੦।

ਪਦਾਰਥ = ਪ੍ਰਾਨ ਦਾਤਾ–ਪ੍ਰਾਣ ਦੇਣ ਵਾਲਾ।ਜੀਅ ਸੁਖ ਦਾਤਾ–ਜੀਵਾਂ ਨੂੰ ਸੁਖ ਦੇਣ ਵਾਲਾ ਹੈ।ਤੁਮ–ਤੂੰ।ਕਾਹੇ–ਕਿਉਂ।ਬਿਸਾਰਿਓ–ਭੁਲਾ ਦਿਤਾ ਹੈ।ਅਗਿਆਨਥ–ਹੇ ਅਗਿਆਨੀ ਬੰਦੇ!।ਹੋਛਾ–ਨਿਕੰਮਾ; ਤੁੱਛ।ਮਦੁ–ਨਸ਼ਾ।ਚਾਖਿ–ਚੱਖ (ਪੀ) ਕੇ।ਬਾਵਰ–ਪਾਗਲ। ਦੁਲਭ (ਦੁਲੱਭ ਪੜ੍ਹੋ)–ਔਖਾ ਲੱਭਣ ਵਾਲਾ।ਅਕਾਰਥ–ਬਿਅਰਥ।੧।ਰੇ ਨਰ–ਹੇ ਮਨੁੱਖ!।ਕਰਹਿ–ਕਰਦਾ ਹੈਂ।ਇਆਨਥ–ਬੇ ਅਕਲੀ; ਅਣਜਾਣਪੁਣਾ।ਤਜਿ–ਛਡ ਕੇ।ਸਾਰੰਗਧਰ–ਧਨੁੱਖ ਧਾਰੀ ਪ੍ਰਭੂ।ਭ੍ਰਮਿ ਭੂਲਾ–ਭਰਮ ਵਿਚ ਭੁੱਲਿਆ ਹੈਂ।ਮੋਹਿ–ਮੋਹ ਵਿਚ। ਲਪਟਿਓ–ਚਿੰਬੜਿਆ ਹੈਂ।ਦਾਸੀ–ਮਾਇਆ।ਸੰਗਿ–ਨਾਲ।ਸਾਨਥ–ਸਹਾਇਕ; ਸਾਥੀ।੧।ਰਹਾਉ।ਧਰਣੀਧਰ–ਧਰਤੀ ਦਾ ਆਸਰਾ ਪ੍ਰਭੂ।ਤਿਆਗਿ–ਛਡ ਕੇ।ਸੇਵਹਿ–ਸੇਵਾ ਕਰਦਾ ਹੈਂ।ਹਉ ਹਉ ਕਰਤ–ਮੈਂ ਮੈਂ ਕਰਦਿਆਂ; ਹੰਕਾਰ ਕਰਦਿਆਂ।ਬਿਹਾਵਥ–ਉਮਰ ਬੀਤ ਰਹੀ ਹੈ।ਫੋਕਟ ਕਰਮ–ਫੋਕੇ (ਨਿਕੰਮੇ) ਕੰਮ।ਅਗਿਆਨੀ–ਹੇ ਬੇਸਮਝ ਮਨੁੱਖ!।ਅੰਧ–ਅੰਨ੍ਹਾ।ਕਹਾਵਥ–ਕਹਾ ਰਿਹਾ ਹੈਂ।੨।ਸਤਿ ਹੋਤਾ–ਤਿੰਨਾਂ ਸਮਿਆਂ ਆਦਿ ਮਧ ਤੇ ਅੰਤ ਸਦਾ ਹੋਂਦ ਵਾਲਾ ਪ੍ਰਭੂ।ਅਸਤਿ–ਜੋ ਸਦਾ ਰਹਿਣ ਵਾਲਾ ਨਹੀਂ।ਬਿਨਸਤ–ਨਾਸ਼ਵੰਤ।ਸੋ–ਉਸ ਨੂੰ; ਉਹ।ਨਿਹਚਲੁ–ਅਚੱਲ।ਜਾਨਥ–ਜਾਣਦਾ ਹੈਂ।ਪਰ ਕੀ–ਪਰਾਈ।ਕਉ–ਨੂੰ।ਪਕਰੀ–ਫੜੀ ਹੈ।ਭੂਲ ਭੁਲਾਨਥ–ਭੁੱਲ ਵਿਚ ਭੁੱਲਿਆ ਹੈਂ।੩।ਸਭ–ਸਾਰੇ ਜੀਵ।ਏਕੈ ਨਾਮਿ–ਇਕ ਪ੍ਰਭੂ ਦੇ ਨਾਮ ਦੁਆਰਾ ਹੀ।ਤਰਾਨਥ–ਤਰਦੇ ਹਨ।ਪਾਰਿ ਪਰਾਨਥ–ਪਾਰ ਪੈ (ਲੰਘ) ਜਾਂਦਾ ਹੈ।੪।੧।੧੦।

ਨੀਚ ਕੁਲ = ਨੀਵੀਂ ਕੁਲ ਦੇ ਕਾਮਾਦਿਕ; ਨੀਚ ਕੁਲ ਵਾਲੀ ਮਾਇਆ; ਨੀਚ ਕੁਲ ਦੇ ਸੁਲਤਾਨ ਸਰਵਰ ਦੇ ਰੋਟ ਚੜ੍ਹਉਣੇ; ਗੁੱਗੇ ਦੇ ਮੱਥਾ ਟੇਕਣਾ; ਪੀਰਾਂ ਤੋਂ ਹੱਥ ਹਉਲੇ ਤੇ ਧਾਗੇ ਤਵੀਤ ਕਰਾਉਣੇ; ਮੜ੍ਹੀਆਂ ਤੇ ਕਬਰਾਂ ਨੂੰ ਪੂਜਣਾ।

ਮਾਰੂ ਮਹਲਾ ੫ ॥ ਗੁਪਤੁ ਕਰਤਾ ਸੰਗਿ ਸੋ ਪ੍ਰਭੁ ,ਡਹਕਾਵਏ ਮਨੁਖਾਇ ॥ ਬਿਸਾਰਿ ਹਰਿ ਜੀਉ ਬਿਖੈ ਭੋਗਹਿ, ਤਪਤ ਥੰਮ ਗਲਿ ਲਾਇ ॥੧॥ ਰੇ ਨਰ, ਕਾਇ ਪਰਗ੍ਰਿਹਿ ਜਾਇ ॥ ਕੁਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥ ਬਿਕਾਰ ਪਾਥਰ ਗਲਹਿ ਬਾਧੇ, ਨਿੰਦ ਪੋਟ ਸਿਰਾਇ ॥ ਮਹ ਸਾਗਰੁ ਸਮੁਦੁ ਲੰਘਨਾ, ਪਾਰਿ ਨ ਪਰਨਾ ਜਾਇ ॥੨॥ ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ, ਨੇਤ੍ਰ ਰਖੇ ਫਿਰਾਇ ॥ ਸੀਸੁ ਉਠਾਵਨ ਨ ਕਬਹੂ ਮਿਲਈ, ਮਹਾ ਦੁਤਰ ਮਾਇ ॥੩॥ ਸੂਰੁ ਮੁਕਤਾ ਸਸੀ ਮੁਕਤਾ, ਬ੍ਰਹਮ ਗਿਆਨੀ ਅਲਿਪਾਇ ॥ ਸੁਭਾਵਤ ਜੈਸੇ ਬੈਸੰਤਰ, ਅਲਿਪਤ ਸਦਾ ਨਿਰਮਲਾਇ ॥੪॥ (ਹੇ ਭਾਈ! ਜੋ ਪਾਪ ਕਰਮ) ਤੂੰ ਗੁਪਤ ਹੋ (ਲੁਕ) ਕੇ ਕਰਦਾ ਹੈਂ, (ਇਹ ਕੇਵਲ) ਤੂੰ ਮਨੁੱਖਾਂ ਨੂੰ ਧੋਖਾ ਦੇ ਸਕਦਾ ਹੈਂ, ਉਹ ਪ੍ਰਭੂ (ਹਰ ਵੇਲੇ) ਤੇਰੇ ਨਾਲ ਹੈ, (ਉਹ ਸਭ ਕੁਛ ਦੇਖਦਾ ਹੈ)।ਹਰਿ ਜੀਉ ਨੂੰ ਭੁਲਾ ਕੇ ਵਿਸ਼ੇ ਭੋਗਦਾ ਹੈਂ, (ਪਰ ਯਾਦ ਰੱਖ, ਪ੍ਰਲੋਕ ਵਿਚ) ਤੇਰੇ ਗਲ ਨਾਲ ਤਪਦੇ ਥੰਮ ਲਾਏ ਜਾਣਗੇ।੧।ਹੇ ਮਨੁੱਖ! ਤੂੰ ਕਿਸ ਵਾਸਤੇ ਪਰਾਏ ਘਰ ਵਿਚ ਜਾਂਦਾ ਹੈਂ (ਪਰਾਈ ਇਸਤ੍ਰੀ ਦਾ ਪਿੱਛਾ ਕਰਦਾ ਹੈਂ)।ਹੇ ਖੋਟੀ ਚਾਲ ਵਾਲੇ! ਹੇ ਕਠੋਰ ਕਾਮੀ ਗਧੇ! ਤੈਂ ਧਰਮਰਾਜੇ ਦਾ ਨਾਂ ਨਹੀਂ ਸੁਣਿਆ? (ਜੋ ਪਾਪ ਕਰਮਾਂ ਦੀ ਸਜਾ ਦੇਂਦਾ ਹੈ)।੧।ਰਹਾਉ।(ਹੇ ਮਨੁੱਖ) ਤੂੰ ਵਿਕਾਰਾਂ ਦੇ ਪੱਥਰ ਅਪਣੇ ਗਲ ਨਾਲ ਬੰਨ੍ਹੇ ਹੋਏ ਹਨ ਅਤੇ ਨਿੰਦਿਆ ਦੀ ਪੋਟਲੀ ਸਿਰ ਤੇ ਚੁੱਕੀ ਹੋਈ ਹੈ।ਜਿਵੇਂ ਸਮੁੰਦਰ ਹੈ, (ਇਵੇਂ) ਵੱਡਾ ਸੰਸਾਰ ਸਮੁੰਦਰ ਹੈ (ਜਿਸ ਤੋਂ) ਤੂੰ ਪਾਰ ਲੰਘਣਾ ਹੈ, (ਪਾਪ ਕਰਮਾਂ ਦਾ ਭਾਰ ਚੁੱਕ ਕੇ ਤੈਥੋਂ ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਲੰਘਿਆ ਜਾ ਸਕੇਗਾ।੨।(ਹੇ ਭਾਈ!) ਤੂੰ ਕਾਮ ਵਾਸ਼ਨਾ ਵਿਚ, ਕ੍ਰੋਧ ਵਿਚ, ਲੋਭ ਵਿਚ ਅਤੇ ਮੋਹ ਵਿਚ ਫਸਿਆ ਪਿਆ ਹੈਂ, (ਪਰ ਪ੍ਰਭੂ ਵੱਲੋਂ) ਤੂੰ ਅੱਖਾਂ ਮੋੜ ਰੱਖੀਆਂ ਹਨ (ਪ੍ਰਭੂ ਤੋਂ ਬੇਮੁਖ ਹੋਇਆ ਹੈਂ); ਅੱਖਾਂ ਅਸਲੀਅਤ ਵੱਲੋਂ ਮੋੜ ਰੱਖੀਆਂ ਹਨ। (ਤੈਨੂੰ

ਪਾਪ ਕਰਮਾਂ ਵਿਚੋਂ) ਕਦੇ ਸਿਰ ਉਠਾਉਣਾ ਵੀ ਨਹੀਂ ਮਿਲਦਾ, (ਅਜੇਹੀ ਹਾਲਤ ਵਿਚ) ਮਾਇਆ ਦੇ ਵੱਡੇ ਸਮੁੰਦਰ ਵਿਚੋਂ ਤੈਨੂੰ ਤਰਨਾ ਔਖਾ ਹੋਵੇਗਾ।੩।(ਹੇ ਭਾਈ! ਜਿਵੇਂ) ਸੂਰਜ ਗੰਦੀ ਤੋਂ ਗੰਦੀ ਚੀਜ ਤੇ ਕਿਰਨਾਂ ਸੁਟਦਾ ਭੀ ਗੰਦਗੀ ਤੋਂ ਮੁਕਤ ਹੈ, (ਇਸੇ ਤਰ੍ਹਾਂ) ਚੰਦ ਦੀਆਂ ਕਿਰਨਾਂ ਭੀ ਸਭ ਜਗ੍ਹਾ ਪੈਂਦੀਆਂ ਹਨ, (ਉਹ ਭੀ) ਗੰਦਗੀ ਤੋਂ ਮੁਕਤ ਹੈ (ਸੂਰਜ ਚੰਦ ਆਪ ਗੰਦੇ ਨਹੀਂ ਹੁੰਦੇ), ਤਿਵੇਂ ਬ੍ਰਹਮ ਗਿਆਨੀ ਬੁਰੇ ਬੰਦਿਆਂ ਦਾ ਸੁਧਾਰ ਕਰਨ ਲਈ ਉਨ੍ਹਾਂ ਦੀ ਸੰਗਤ ਕਰਦਾ ਆਪ ਲਿਰਲੇਪ (ਨਿਰਦੋਸ਼) ਰਹਿੰਦਾ ਹੈ। ਜਿਵੇਂ ਸੁਭਾਵਕ ਹੀ ਅੱਗ ਮੈਲ ਤੋਂ ਨਿਰਮਲ ਤੇ ਨਿਰਲੇਪ ਰਹਿੰਦੀ ਹੈ, (ਇਸੇ ਤਰ੍ਹਾਂ) ਬ੍ਰਹਮ ਗਿਆਨੀ ਸਦਾ ਨਿਰਮਲ ਰਹਿੰਦਾ ਹੈ।੪।

ਅੰਗ ੧੦੦੨ = ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ, ਜਿਨਿ ਗੁਰ ਪਹਿ ਮੰਨਿਆ ਸੁਭਾਇ ॥ ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ, ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥ ਰੇ ਨਰ, ਇਨ ਬਿਧਿ ਪਾਰਿ ਪਰਾਇ ॥ ਧਿਆਇ ਹਰਿ ਜੀਉ ਹੋਇ ਮਿਰਤਕੁ ,ਤਿਆਗਿ ਦੂਜਾ ਭਾਉ ॥ਰਹਾਉ ਦੂਜਾ॥੨॥੧੧॥ (ਹੇ ਭਾਈ! ਜਿਸ ਮਨੁੱਖ ਦਾ) ਪੂਰਬਲਾ ਭਾਗ ਖੁਲ੍ਹ (ਜਾਗ) ਪਿਆ ਹੈ, ਜਿਸ ਨੇ ਗੁਰੂ ਪਾਸ ਰਹਿ ਕੇ ਪ੍ਰੇਮ ਸਹਿਤ (ਗੁਰੂ ਦਾ) ਹੁਕਮ ਮੰਨਿਆ ਹੈ, ਉਸ ਦਾ ਭਰਮ ਵਾਲਾ ਪੜਦਾ ਲਹਿ ਗਿਆ ਹੈ।(ਉਸ ਮਨੁੱਖ ਨੂੰ) ਗੁਰੂ ਨੇ ਨਾਮ ਮੰਤ੍ਰ ਰੂਪ ਦਵਾਈ ਦਿਤੀ ਹੈ, ਦਾਸ ਨਾਨਕ ਆਖਦਾ ਹੈ ਕਿ (ਉਸ ਮਨੁੱਖ ਨੂੰ ਫਿਰ) ਜੋਨੀਆਂ ਦੇ ਸੰਕਟ ਵਿਚ ਨਹੀਂ ਪਾਇਆ ਜਾਂਦਾ।੫।੨। ਹੇ ਮਨੁੱਖ! ਇਸ ਵਿਧੀ ਨਾਲ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਈਦਾ ਹੈ। ਤੂੰ ਹਰਿ ਜੀ ਨੂੰ ਧਿਆਇਆ ਕਰ ਤੇ ਜੀਵਤ ਭਾਵ ਤੋਂ ਮੁਰਦਾ ਹੋ ਜਾਹ ਅਤੇ ਦ੍ਵੈਤ ਭਾਵ ਵੀ ਛਡ ਦੇਹ। ਰਹਾਉ ਦੂਜਾ।੨।੧੧।

ਪਦਾਰਥ = ॥ ਗੁਪਤੁ–ਲੁਕ ਕੇ। ਕਰਤਾ–ਕਰਦਾ ਹੈਂ। ਸੋ–ਉਹ। ਡਹਕਾਵਏ–ਧੋਖਾ ਦੇਂਦਾ ਹੈ; ਠਗਦਾ ਹੈਂ। ਮਨੁਖਾਇ–ਮਨੁੱਖਾਂ ਨੂੰ। ਬਿਸਾਰਿ–ਭੁਲਾ ਕੇ। ਬਿਖੈ–ਵਿਸ਼ੇ ਭੋਗ। ਭੋਗਹਿ–ਭੋਗਦਾ ਹੈਂ। ਤਪਤ ਥੰਮ–ਤਪਦੇ ਥੰਮ। ਗਲਿ–ਗਲ ਨਾਲ। ਲਾਇ–ਲਾਏ ਜਾਣਗੇ।੧। ਰੇ ਨਰ–ਹੇ ਮਨੁੱਖ!। ਕਾਇ–ਕਿਉਂ; ਕਿਸ ਲਈ। ਪਰ ਗ੍ਰਿਹਿ–ਪਰਾਏ ਘਰ ਵਿਚ। ਕੁਚਲ–ਹੇ ਖੋਟੀ ਚਾਲ ਵਾਲੇ (ਗੰਦੇ) ਮਨੁੱਖ!। ਕਠੋਰ–ਹੇ ਨਿਰਦਈ (ਪੱਥਰ ਦਿਲ)!। ਕਾਮਿ ਗਰਧਭ–ਹੇ ਕਾਮੀ ਗਧੇ (ਮੂਰਖ)!।੧। ਰਹਾਉ। ਬਿਕਾਰ–ਵਿਕਾਰਾਂ (ਪਾਪਾਂ) ਦੇ। ਗਲਹਿ–ਗਲ ਨਾਲ। ਬਾਧੇ–ਬੰਨ੍ਹੇ ਹੋਏ ਹਨ। ਨਿੰਦ ਪੋਟ–ਨਿੰਦਿਆ ਦੀ ਪੋਟਲੀ (ਪੰਡ)। ਸਿਰਾਇ–ਸਿਰ ਉਤੇ। ਮਹਾ ਸਾਗਰੁ ਸਮੁਦ–ਵੱਡਾ ਸੰਸਾਰ ਸਮੁੰਦਰ। ਨ ਪਰਨਾ ਜਾਇ–ਲੰਘਿਆ ਨਹੀ ਜਾ ਸਕਦਾ।੨। ਕਾਮਿ–ਕਾਮ ਵਾਸ਼ਨਾ ਵਿਚ। ਬਿਆਪਿਓ–ਫਸਿਆ ਪਿਆ ਹੈਂ। ਨੇਤ੍ਰ–ਅੱਖਾਂ। ਰਖੇ ਫਿਰਾਇ–ਫੇਰ (ਮੋੜ) ਰੱਖੇ ਹਨ। ਸੀਸੁ–ਸਿਰ। ਉਠਾਵਨ–ਉਠਾਉਣਾ (ਚੁੱਕਣਾ)। ਕਬਹੂ–ਕਦੇ ਵੀ। ਨ ਮਿਲਈ –ਨਹੀਂ ਮਿਲਦਾ। ਮਾਇ–ਮਾਇਆ। ਦੁਤਰ–ਜਿਸ ਤੋਂ ਪਾਰ ਹੋਣਾ ਕਠਨ ਹੈ।੩। ਸੂਰ–ਸੂਰਜ। ਸਸੀ–ਚੰਦ। ਮੁਕਤਾ–(ਮੈਲ ਆਦਿਕ ਤੋਂ) ਰਹਿਤ। ਬ੍ਰਹਮ ਗਿਆਨੀ–ਬ੍ਰਹਮ ਨੂੰ ਜਾਨਣ ਵਾਲਾ ਪੁਰਖ। ਅਲਿਪਾਇ–ਨਿਰਲੇਪ। ਸੁਭਾਵਤ–ਸੁਭਾਵਕ ਹੀ; ਸੁਭਾਵ ਕਰਕੇ। ਬੈਸੰਤਰ–ਅੱਗ। ਅਲਿਪਤ–ਅਲੇਪ (ਨਿਰਲੇਪ)। ਨਿਰਮਲਾਇ–ਮੈਲ ਰਹਿਤ।੪। ਜਿਸੁ–ਜਿਸ ਦਾ। ਕਰਮੁ ਖੁਲਿਆ–ਕਿਸਮਤ ਖੁਲ੍ਹ ਗਈ। ਤਿਸੁ–ਉਸ ਦਾ। ਲਹਿਆ ਪੜਦਾ–ਭਰਮ (ਜਾਂ ਅਗਿਆਨਤਾ) ਦਾ ਪੜਦਾ ਲਹਿ ਗਿਆ। ਜਿਨਿ–ਜਿਸ ਨੇ। ਗੁਰ ਪਹਿ–ਗੁਰੂ ਪਾਸ (ਰਹਿ ਕੇ)। ਸੁਭਾਇ–ਪ੍ਰੇਮ ਨਾਲ। ਗੁਰਿ–ਗੁਰੂ ਨੇ। ਅਵਖਧੁ–ਦਵਾਈ। ਦੀਨਾ–ਦਿਤਾ। ਜਨ–ਦਾਸ। ਸੰਕਟ ਜੋਨਿ–ਜੂਨਾਂ ਦੇ ਦੁਖ ਵਿਚ। ਨ ਪਾਇ–ਨਹੀਂ ਪਾਇਆ ਜਾਂਦਾ।੫।੨। ਇਨ ਬਿਧਿ–ਇਸ ਤਰੀਕੇ ਨਾਲ। ਪਾਰਿ ਪਰਾਇ–(ਸੰਸਾਰ ਸਮੁੰਦਰ ਤੋਂ) ਪਾਰ ਲੰਘੀਦਾ ਹੈ। ਮਿਰਤਕੁ–ਜੀਵਤ ਭਾਵ (ਜਾਂ ਸੰਸਾਰ) ਵਲੋਂ ਮੁਰਦਾ। ਦੂਜਾ ਭਾਉ–ਪ੍ਰਭੂ ਤੋਂ ਬਿਨਾ ਹੋਰ ਪਿਆਰ। ਰਹਾਉ ਦੂਜਾ।੨।੧੧।

ਸਾਰੰਸ਼ = ਦੂਜੇ ਭਾਵ ਵਿਚ ਲੱਗੇ ਹੋਣ ਕਰਕੇ ਮਨੁੱਖ ਪਾਪਾਂ ਵਿਚ ਫਸਿਆ ਰਹਿੰਦਾ ਹੈ। ਪਰ ਹਰੀ ਦੀ ਮੇਹਰ ਹੋਣ ਤੇ ਨਾਮ ਦੀ ਪ੍ਰਾਪਤੀ ਦੁਆਰਾ ਭਰਮ ਦਾ ਪੜਦਾ ਖੁਲ੍ਹਦਾ ਹੈ ਅਤੇ ਮਨੁੱਖ ਬ੍ਰਹਮ ਗਿਆਨੀ ਹੋ ਕੇ ਪਾਪੀਆਂ ਵਿਚ ਰਹਿ ਕੇ ਵੀ ਅਲੇਪ ਰਹਿੰਦਾ ਹੈ।

ਇਸ ਸ਼ਬਦ ਦੇ ਦੋ ਹਿੱਸੇ ਹਨ, ਪਹਿਲੇ ਵਿਚ ਦੂਜੇ ਭਾਵ ਦੀ ਬਿਮਾਰੀ ਦਾ ਜਿਕਰ ਹੈ ਅਤੇ ਦੂਜੇ ਵਿਚ ਉਸ ਦਾ ਇਲਾਜ ਦਸਿਆ ਹੈ। ਇਸ ਲਈ ਦੋ 'ਰਹਾਉ' ਆਏ ਹਨ (ਸ਼ਬਦਾਰਥ)।

ਮਾਰੂ ਮਹਲਾ ੫ ॥ ਬਾਹਰਿ ਢੂਢਨ ਤੇ ਛੂਟਿ ਪਰੇ, ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ, ਮੇਰ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥ ਮਾਨਕੁ ਪਾਇਓ ਰੇ ਪਾਇਓ, ਹਰਿ ਪੂਰਾ ਪਾਇਆ ਥਾ ॥ ਮੋਲਿ ਅਮੋਲੁ ਨ ਪਾਇਆ ਜਾਈ, ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ਰਹਾਉ॥ ਅਦਿਸਟੁ ਅਗੋਚਰੁ ਪਾਰਬ੍ਰਹਮੁ ,ਮਿਲਿ ਸਾਧੂ ਅਕਥੁ ਕਥਾਇਆ ਥਾ ॥ ਅਨਹਦ ਸਬਦੁ ਦਸਮ ਦੁਆਰਿ ਵਜਿਓ, ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥ ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ, ਅਖੁਟ ਭੰਡਾਰ

ਸਮਾਇਆ ਥਾ ॥ ਚਰਣ ਚਰਣ ਚਰਣ ਗੁਰ ਸੇਵੇ, ਅਘੜੁ ਘੜਿਓ ਰਸੁ ਪਾਇਆ ਥਾ ॥੩॥ ਸਹਜੇ ਆਵਾ ਸਹਜੇ ਜਾਵਾ, ਸਹਜੇ ਮਨੁ ਖੇਲਾਇਆ ਥਾ ॥ ਕਹੁ ਨਾਨਕ ਭਰਮੁ ਗੁਰਿ ਖੋਇਆ, ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥ (ਹੇ ਭਾਈ! ਜਦੋਂ ਸਾਨੂੰ) ਗੁਰੂ ਨੇ ਹਿਰਦੇ ਘਰ ਵਿਚ ਹੀ ਪ੍ਰਭੂ ਦਿਖਾ ਦਿਤਾ ਹੈ, (ਤਾਂ ਅਸੀਂ) ਬਾਹਰ (ਜੰਗਲਾਂ, ਪਹਾੜਾਂ ਦੀਆਂ ਕੰਦਰਾਂ ਵਿਚ ਤੇ ਤੀਰਥਾਂ ਆਦਿ ਸਥਾਨਾਂ ਤੇ) ਲਭਣ ਤੋਂ ਛੁਟ ਪਏ ਹਾਂ।(ਜਦੋਂ) ਅਨੁਭਵੀ ਗਿਆਨ ਰਾਹੀਂ ਪ੍ਰਭੂ ਦਾ ਅਸਚਰਜ ਸਰੂਪ ਦੇਖਿਆ, (ਤਾਂ ਪ੍ਰਭੂ ਨੂੰ) ਛਡ ਕੇ ਮੇਰਾ ਮਨ ਹੋਰ ਕਿਸੇ ਪਾਸੇ ਨਹੀਂ ਜਾਂਦਾ।੧।ਹੇ ਭਾਈ! ਮੈਂ ਮਾਣਕ ਰੂਪ ਪ੍ਰਭੂ ਦਾ ਨਾਮ ਪਾ ਲਿਆ ਹੈ, (ਨਾਮ ਜਪ ਕੇ ਮੈਂ) ਪੂਰਨ ਪ੍ਰਭੂ ਨੂੰ ਪਾ ਲਿਆ ਹੈ।ਪ੍ਰਭੂ ਇਤਨਾ ਅਮੋਲਕ ਹੈ ਕਿ ਕਿਸੇ ਮੁੱਲ ਨਾਲ ਨਹੀਂ ਪਾਇਆ ਜਾ ਸਕਦਾ {ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ੯੨੧}, (ਪਰ) ਗੁਰੂ ਨੇ ਕ੍ਰਿਪਾ ਕਰਕੇ (ਮਾਣਕ) ਦਿਵਾ ਦਿਤਾ ਹੈ (ਪ੍ਰਭੂ ਮਿਲਾ ਦਿਤਾ)।੧।ਰਹਾਉ।(ਹੇ ਭਾਈ!) ਜੋ ਪ੍ਰਭੂ ਅੱਖਾਂ ਨਾਲ ਦਿਸਦਾ ਨਹੀਂ, ਜੋ ਮਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਗੁਰੂ ਸਾਧੂ ਨੂੰ ਮਿਲ ਕੇ ਅਕੱਥ ਪ੍ਰਭੂ ਨੂੰ ਆਪ ਜਪਿਆ ਅਤੇ ਸੰਗਤਾਂ ਕੋਲੋਂ ਜਪਾਇਆ।(ਹੁਣ) ਦਸਮ ਦੁਆਰ ਵਿਚ ਇਕ ਰਸ ਸ਼ਬਦ ਵੱਜਣ ਲਗ ਪਿਆ ਹੈ, ਉਥੇ (ਨਾਮ ਸਿਮਰਨ ਨੇ) ਅੰਮ੍ਰਿਤ ਰਸ ਚੋਣ ਲਗਾ ਦਿਤਾ ਹੈ (ਮਨ ਨਾਮ ਰਸ ਦਾ ਅਨੰਦ ਮਾਨਣ ਲਗ ਪਿਆ)।੨।(ਹੇ ਭਾਈ!) ਮੇਰੇ ਮਨ ਵਿਚ ਜੋ ਤ੍ਰਿਸ਼ਨਾ ਸੀ, ਉਹ ਬੁਝ ਗਈ ਹੈ, ਨਾ ਮੁੱਕਣ ਵਾਲੇ ਭੰਡਾਰ ਦਾ ਮਾਲਕ (ਮੇਰੇ ਅੰਦਰ) ਸਮਾ ਗਿਆ ਹੈ, (ਹੁਣ ਕਿਸੇ ਪਦਾਰਥ ਦੀ) ਕਮੀ ਨਹੀਂ ਰਹੀ।(ਜਦੋਂ ਮੈਂ) ਮਨ, ਬਾਣੀ ਅਤੇ ਸਰੀਰ ਕਰਕੇ ਗੁਰੂ ਦੇ ਚਰਨਾਂ ਦੀ ਸੇਵਾ ਕੀਤੀ, ਤਾਂ ਨਾ ਘੜੇ ਹੋਏ ਮਨ ਨੂੰ ਘੜ ਲਿਆ (ਬਿਗੜੇ ਮਨ ਨੂੰ ਸਵਾਰਲਆ, ਮਨ ਨੇ ਹੁਣ ਨਾਮ ਅੰਮ੍ਰਿਤ ਦਾ) ਰਸ ਪਾ ਲਿਆ ਹੈ।੩।(ਹੁਣ ਮੇਰਾ ਮਨ) ਸੁਤੇ ਸਿੱਧ ਹੀ ਆਉਂਦਾ ਹੈ, ਸੁਤੇ ਸਿੱਧ ਹੀ ਜਾਂਦਾ ਹੈ (ਮਨ ਦੀ ਦੌੜ ਭੱਜ ਮੁਕ ਗਈ ਹੈ) ਅਤੇ ਮਨ ਸੁਤੇ ਸਿੱਧ ਹੀ ਖੇਡਦਾ ਹੈ (ਸਾਰੀ ਕਿਰਿਆ ਸੁਭਾਵਕ ਹੀ ਹੋ ਰਹੀ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦੋਂ) ਗੁਰੂ ਨੇ ਮੇਰਾ ਭਰਮ ਦੂਰ ਕਰ ਦਿਤਾ, ਤਾਂ ਹਿਰਦੇ ਰੂਪ ਮਹਿਲ ਵਿਚ ਮਹਿਲ ਦੇ ਮਾਲਕ ਹਰੀ ਨੂੰ ਪਾ ਲਿਆ।੪।੩।੧੨।

ਪਦਾਰਥ = ਢੂਢਨ ਤੇ–ਲੱਭਣ ਤੋਂ।ਛੂਟਿ ਪਰੇ–ਹਟ ਗਏ ਹਾਂ।ਗੁਰਿ–ਗੁਰੂ ਨੇ।ਘਰ ਮਾਹਿ–ਹਿਰਦੇ ਵਿਚ।ਥਾ–ਕੇਵਲ ਤੁਕਾਂਤ ਲਈ ਵਾਧੂ ਵਰਤਿਆ ਗਿਆ ਹੈ।ਅਨਭਉ–ਆਤਮ ਗਿਆਨ ਦੇ ਪ੍ਰਕਾਸ਼ ਰਾਹੀਂ।ਪੇਖਿਆ–ਦੇਖਿਆ।ਕਤਹੂ–ਕਿਸੇ ਹੋਰ ਪਾਸੇ।ਨ ਜਾਇਆ –ਨਹੀਂ ਜਾਂਦਾ।੧।ਮਾਨਕੁ–ਹੀਰਾ (ਪ੍ਰਭੂ)।ਰੇ–ਹੇ ਭਾਈ!।ਪਾਇਆ–ਪਾ ਲਿਆ ਹੈ।ਮੋਲਿ–ਮੁੱਲ ਨਾਲ।ਅਮੋਲੁ–ਅਮੋਲਕ।ਕਰਿ–ਕਰਕੇ।ਦਿਵਾਇਆ–ਦਿਵਾ ਦਿਤਾ।੧।ਰਹਾਉ।ਅਦਿਸਟੁ–ਅੱਖਾਂ ਨਾਲ ਨਾ ਦਿਸਣ ਵਾਲਾ।ਅਗੋਚਰੁ–ਮਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਮਿਲਿ–ਮਿਲ ਕੇ।ਸਾਧੂ–ਗੁਰੂ ਸਾਧੂ।ਅਕਥੁ–ਬਿਆਨ ਨਾ ਹੋ ਸਕਣ ਵਾਲਾ।ਕਥਾਇਆ–ਕਹਾਇਆ (ਜਪਾਇਆ)।ਅਨਹਦ–ਇਕ ਰਸ; ਬਿਨਾ ਵਜਾਇਆਂ ਵੱਜਣ ਵਾਲਾ।ਸਬਦੁ ਵਜਿਓ–ਸ਼ਬਦ ਵੱਜਣ ਲਗ ਪਿਆ।ਤਹ–ਉਥੇ।ਚੁਆਇਆ–ਚੋਣ ਲਗਾ ਦਿਤਾ।੨।ਤੋਟਿ–ਘਾਟਾ; ਕਮੀ।ਮਨਿ–ਮਨ ਵਿਚ।ਬੁਝੀ–ਬੁਝ ਗਈ।ਅਖੁਟ (ਅਖੁੱਟ ਪੜ੍ਹੋ)–ਨਾ ਮੁੱਕਣ ਵਾਲਾ।ਸਮਾਇਆ–ਸਮਾ ਗਿਆ ;ਵਸ ਗਿਆ।ਭੰਡਾਰ–ਖਜਾਨੇ।ਅਘੜ–ਜੋ ਘੜਿਆ ਹੋਇਆ ਨਹੀਂ; ਬਿਗੜਿਆ ਹੋਇਆ।ਘੜਿਓ–ਘੜ (ਸਵਾਰ) ਲਿਆ।ਰਸੁ–ਸੁਆਦ।੩।ਸਹਜੇ–ਸੁਤੇ ਸਿੱਧ ਹੀ।ਆਵਾ–ਆਉਂਦਾ ਹੈ।ਜਾਵਾ–ਜਾਂਦਾ ਹੈ।ਖੇਲਾਇਆ–ਖੇਡਦਾ ਹੈ।ਖੋਇਆ–ਦੂਰ ਕਰ ਦਿਤਾ।ਤਾਂ –ਤਾਂ; ਤਦ।ਮਹਲੀ–ਹਿਰਦੇ ਰੂਪ ਮਹਿਲ ਵਿਚ।ਮਹਲੁ–ਮਹਿਲ ਦੇ ਮਾਲਕ ਨੂੰ।੪।੩।੧੨।

ਅਨਹਦ ਸਬਦੁ = ਆਤਮ ਮੰਡਲ ਦਾ ਸੰਗੀਤ, ਆਤਮਕ ਧੁਨੀ, ਜੋ ਸੁਤੇ ਸਿੱਧ (ਅਪਣੇ ਆਪ) ਅੰਤਹਕਰਣ ਵਿਚ ਵਜ ਰਿਹਾ ਹੈ।

ਦਸਮ ਦੁਆਰਿ = ਆਤਮਾ ਦੇ ਧੁਰ ਅੰਦਰ, ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ।ਜਾਂ ਸੁਰਤ ਦੀ ਉਹ ਉਚੀ ਨਿਰਮਲ ਅਵਸਥਾ, ਜਿੱਥੇ ਸਰੀਰਕ ਰੁਝੇਵਿਆਂ ਦਾ ਖਿਆਲ ਅਤੇ ਮਨ ਦੀ ਦੌੜ ਭੱਜ ਮੁੱਕ ਜਾਂਦੀ ਹੈ।

ਮਾਰੂ ਮਹਲਾ ੫ ॥ ਜਿਸਹਿ ਸਾਜਿ ਨਿਵਾਜਿਆ, ਤਿਸਹਿ ਸਿਉ ਰੁਚ ਨਾਹਿ ॥ ਆਨ ਰੂਤੀ ਆਨ ਬੋਈਐ, ਫਲੁ ਨ ਫੂਲੈ ਤਾਹਿ ॥੧॥ ਰੇ ਮਨ, ਵਤ੍ਰ ਬੀਜਣ ਨਾਉ ॥ ਬੋਇ ਖੇਤੀ ਲਾਇ ਮਨੂਆ, ਭਲੋ ਸਮਉ ਸੁਆਉ ॥੧॥ਰਹਾਉ॥ ਖੋਇ ਖਹੜਾ ਭਰਮੁ ਮਨ ਕਾ, ਸਤਿਗੁਰ ਸਰਣੀ ਜਾਇ ॥ ਕਰਮੁ ਜਿਸ ਕਉ ਧੁਰਹੁ ਲਿਖਿਆ, ਸੋਈ ਕਾਰ ਕਮਾਇ ॥੨॥ ਭਾਉ ਲਾਗਾ ਗੋਬਿਦ ਸਿਉ ,ਘਾਲ ਪਾਈ ਥਾਇ ॥ ਖੇਤਿ ਮੇਰੈ ਜੰਮਿਆ, ਨਿਖੁਟਿ ਨ ਕਬਹੂ ਜਾਇ ॥੩॥ ਪਾਇਆ ਅਮੋਲੁ ਪਦਾਰਥੋ, ਛੋਡਿ ਨ ਕਤਹੂ ਜਾਇ ॥ ਕਹੁ ਨਾਨਕ ਸੁਖੁ ਪਾਇਆ, ਤ੍ਰਿਪਤਿ ਰਹੇ ਆਘਾਇ ॥੪॥੪॥੧੩॥ (ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ ਸਾਜ ਕੇ ਸਨਮਾਨ ਯੋਗ ਕੀਤਾ ਹੈ, ਉਸ ਨਾਲ ਤੇਰੀ ਰੁਚੀ ਨਹੀਂ ਹੈ।(ਖੇਤੀ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ) ਹੋਰ ਰੁੱਤ ਵਿਚ ਹੋਰ ਬੀਜ (ਜੋ ਰੁੱਤ ਦੇ ਅਨੁਕੂਲ ਨਹੀਂ

ਹੈ) ਬੀਜ ਦੇਈਏ, ਤਾਂ ਉਸ ਨੂੰ ਨਾ ਫਲ ਤੇ ਨਾ ਫੁੱਲ ਲਗਦੇ ਹਨ ਭਾਵ ਕਲਜੁਗ ਨਾਮ ਬੀਜਣ ਦੀ ਰੁੱਤ ਹੈ, ਇਸ ਵਿਚ ਹੋਰ ਜੱਗ ਆਦਿ ਕਰਮ ਨਹੀਂ ਫਲਦੇ।੧।ਹੇ ਮੇਰੇ ਮਨ! ਮਨੁੱਖਾ ਜਨਮ (ਜਾਂ ਕਲਜੁਗ) ਹੀ ਨਾਮ ਰੂਪ ਬੀਜ ਬੀਜਣ ਦਾ ਸਮਾਂ ਹੈ।(ਇਸ ਲਈ) ਤੂੰ ਮਨ ਲਗਾ ਕੇ (ਨਾਮ ਦੀ) ਖੇਤੀ ਬੀਜ ਲੈ, ਲਾਭ ਖੱਟਣ ਦਾ ਇਹ ਭਲਾ ਸਮਾਂ ਹੈ।੧।ਰਹਾਉ।(ਹੇ ਭਾਈ!) ਤੂੰ ਮਨ ਦਾ ਹਠ; ਮਨ ਦੇ ਪਿੱਛੇ ਲੱਗਣਾ ਤੇ ਮਨ ਦਾ ਭਰਮ ਦੂਰ ਕਰਕੇ ਸਤਿਗੁਰੂ ਦੀ ਸ਼ਰਣੀ ਪੈ ਜਾਹ।ਜਿਸ ਦੇ ਮੱਥੇ ਉਤੇ ਧੁਰ (ਰੱਬੀ ਦਰਗਾਹ) ਤੋਂ ਹੀ ਚੰਗਾ ਭਾਗ ਲਿਖਿਆ ਹੋਇਆ ਹੈ, ਉਹ ਹੀ (ਨਾਮ ਬੀਜਣ ਦਾ) ਕਰਮ ਕਮਾਉਂਦਾ ਹੈ।੨।(ਹੇ ਭਾਈ! ਜਿਸ ਮਨੁੱਖ ਦਾ) ਗੋਬਿੰਦ ਨਾਲ ਪ੍ਰੇਮ ਲਗ ਗਿਆ ਹੈ, (ਉਸ ਦੀ ਨਾਮ ਸਿਮਰਨ ਦੀ) ਘਾਲ ਕਮਾਈ ਪ੍ਰਭੂ ਪ੍ਰਵਾਨ ਕਰ ਲੈਂਦਾ ਹੈ।ਮੇਰੇ ਅੰਤਹਕਣ ਰੂਪ ਖੇਤ ਵਿਚ (ਨਾਮ ਬੀਜ) ਜੰਮ ਪਿਆ ਹੈ, ਜੋ ਕਦੇ ਵੀ ਮੁੱਕ ਨਹੀਂ ਜਾਂਦਾ।੩।(ਹੇ ਭਾਈ! ਅਸੀਂ) ਅਮੋਲਕ ਪਦਾਰਥ (ਪ੍ਰਭੂ ਨੂੰ) ਪਾ ਲਿਆ ਹੈ, ਜੋ ਛਡ ਕੇ ਕਿਸੇ ਪਾਸੇ ਨਹੀਂ ਜਾਂਦਾ (ਸਦਾ ਅੰਗ ਸੰਗ ਰਹਿੰਦਾ ਹੈ); ਨਾਮ ਰੂਪ ਅਮੋਲਕ ਪਦਾਰਥ ਪਾ ਲਿਆ ਹੈ, ਜਿਸ ਨੂੰ ਛਡ ਕੇ ਮੇਰਾ ਮਨ ਹੋਰ ਕਿਸੇ ਪਾਸੇ ਨਹੀਂ ਜਾਂਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਸੀਂ ਅਜੇਹਾ) ਸੁਖ ਪਾਇਆ ਹੈ, (ਜਿਸ ਨਾਲ ਇਸ ਲੋਕ ਦੇ ਪਦਾਰਥਾਂ ਵੱਲੋਂ) ਰੱਜੇ ਰਹਿੰਦੇ ਹਾਂ ਅਤੇ (ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ) ਰੱਜ ਗਏ ਹਾਂ।੪।੪।੧੩।

ਪਦਾਰਥ = ਜਿਸਹਿ–ਜਿਸ (ਪ੍ਰਭੂ) ਨੇ।ਸਾਜਿ–ਪੈਦਾ ਕਰਕੇ।ਨਿਵਾਜਿਆ–ਮਾਣ ਬਖਸ਼ਿਆ ਹੈ।ਤਿਸਹਿ–ਉਸ (ਪ੍ਰਭੂ) ਨਾਲ।ਰੁਚ–ਪ੍ਰੇਮ।ਆਨ ਰੁਤੀ–ਹੋਰ ਰੁੱਤ ਵਿਚ।ਆਨ ਬੋਈਐ–ਜੇ ਹੋਰ ਬੀਜ ਬੀਜੀਏ।ਫੂਲੈ–ਫੁੱਲ।ਤਾਹਿ–ਉਸ ਨੂੰ।੧।ਰੇ ਮਨ–ਹੇ ਮੇਰੇ ਮਨ!। ਵਤ੍ਰ–ਜਮੀਨ ਦੀ ਬੀਜਣ ਯੋਗ ਹਾਲਤ (ਜਦੋਂ ਜਮੀਨ ਬਹੁਤੀ ਗਿੱਲੀ ਨਾ ਹੋਵੇ ਤੇ ਨਾ ਸੁੱਕੀ ਹੋਵੇ)।ਨਾਉ ਬੀਜਣ–ਨਾਮ ਰੂਪ ਬੀਜ ਬੀਜਣ ਦਾ।ਬੋਇ–ਬੀਜ ਲੈ।ਲਾਇ ਮਨੂਆ–ਮਨ ਲਾ ਕੇ।ਭਲੋ ਸਮਉ–ਚੰਗਾ ਸਮਾਂ।ਸੁਆਉ–ਲਾਭ।੧।ਰਹਾਉ।ਖੋਇ–ਦੂਰ ਕਰਕੇ। ਖਹੜਾ–ਹੱਠ; ਜਿੱਦ।ਜਾਇ–ਜਾ ਪਉ।ਕਰਮੁ–ਭਾਗ; ਬਖਸ਼ਿਸ਼ ਦਾ ਲੇਖ।ਜਿਸ ਕਉ–ਜਿਸ ਦੇ (ਮੱਥੇ ਉਤੇ)।ਧੁਰਹੁ–ਧੁਰ (ਰੱਬੀ ਦਰਗਾਹ) ਤੋਂ।ਸੋਈ–ਉਹ ਹੀ।ਕਾਰ ਕਮਾਇ–ਕੰਮ ਕਰਦਾ ਹੈ।੨।ਭਾਉ–ਪ੍ਰੇਮ।ਗੋਬਿਦ ਸਿਉ–ਪ੍ਰਮਾਤਮਾ ਨਾਲ।ਘਾਲ–ਮਿਹਨਤ। ਪਾਈ ਥਾਇ–ਪ੍ਰਵਾਨ ਕਰਦਾ ਹੈ।ਖੇਤਿ–ਹਿਰਦੇ ਰੂਪ ਖੇਤ ਵਿਚ।ਜੰਮਿਆ–ਉਗ ਪਿਆ ਹੈ।ਨਿਖੁਟਿ ਨ ਜਾਇ–ਮੁੱਕ ਨਹੀਂ ਜਾਂਦਾ। ਕਬਹੂ–ਕਦੇ ਵੀ।੩।ਅਮੋਲੁ–ਅਮੋਲਕ।ਕਤਹੂ–ਕਿਤੇ ਵੀ।ਤ੍ਰਿਪਤਿ ਰਹੇ–ਰੱਜੇ ਰਹਿੰਦੇ ਹਾਂ।ਆਘਾਇ–ਰੱਜ ਗਏ ਹਾਂ।੪।੪।੧੩।

ਮਾਰੂ ਮਹਲਾ ੫ ॥ ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ, ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥ ਜਬ ਤੇ ਸਾਧੂ ਸੰਗੁ ਭਇਆ, ਤਉ ਛੋਡਿ ਗਏ ਨਿਗਹਾਰ ॥ ਜਿਸ ਕੀ ਅਟਕ ਤਿਸ ਤੇ ਛੁਟੀ, ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ, ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ, ਗੁਰਿ ਕੀਨੇ ਧਰਮਾ ॥੩॥ ਸਚੁ ਥਾਨੁ ਸਚੁ ਬੈਠਕਾ, ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚੁ ਵਖਰੋ, ਨਾਨਕ ਘਰਿ ਪਾਇਆ ॥੪॥੫॥੧੪॥ (ਹੇ ਭਾਈ! ਗੁਰੂ ਦੀ ਕ੍ਰਿਪਾ ਨਾਲ ਮੇਰੇ) ਮਨ ਵਿਚ ਗਿਆਨ ਦਾ ਚਾਨਣ ਹੋ ਗਿਆ ਹੈ, (ਜਿਸ ਕਰਕੇ ਮੇਰਾ) ਭਰਮ ਦਾ ਪੜਦਾ ਫੁੱਟ ਗਿਆ ਹੈ।ਗੁਰੂ ਨੇ (ਮੇਰੇ) ਮਨ ਤੇ ਬੁੱਧੀ ਰੂਪ ਪੈਰਾਂ ਤੋਂ ਵਾਸ਼ਨਾ ਦੀ ਬੇੜੀ ਕੱਟ ਦਿਤੀ ਹੈ ਅਤੇ (ਮੈਨੂੰ ਸੰਸਾਰ; ਮਾਇਆ ਦੇ) ਬੰਦੀ ਖਾਨੇ ਵਿਚੋਂ ਅਜਾਦ ਕਰਾ ਦਿਤਾ ਹੈ।੧।(ਹੇ ਭਾਈ! ਹੁਣ ਮੇਰਾ ਸੰਸਾਰ ਵਿਚ) ਆਉਣਾ ਜਾਣਾ (ਜਨਮ ਮਰਨ) ਮੁੱਕ ਗਿਆ ਹੈ।(ਮੈਨੂੰ) ਗੁਰੂ ਨੇ ਠੰਢ ਪਾਉਣ ਵਾਲਾ ਹਰੀ ਦਾ ਨਾਮ ਦਿਤਾ ਹੈ, (ਨਾਮ ਦੀ ਬਰਕਤ ਨਾਲ ਮੇਰਾ) ਤ੍ਰਿਸ਼ਨਾ ਨਾਲ ਤਪਦਾ ਹੋਇਆ ਹਿਰਦਾ ਰੂਪ ਕੜਾਹਾ ਬੁਝ (ਸ਼ਾਂਤ ਹੋ) ਗਿਆ ਹੈ।੧।ਰਹਾਉ।(ਹੇ ਭਾਈ! ਮੈਨੂੰ) ਜਦੋਂ ਤੋਂ ਗੁਰੂ ਸਾਧੂ ਦਾ ਸੰਗ ਪ੍ਰਾਪਤ ਹੋਇਆ ਹੈ, ਤਦ ਤੋਂ ਮਾਰਨੇ ਦੀ ਨਿਗਾਹ ਰੱਖਣ ਵਾਲੇ (ਜਮਦੂਤ ਮੈਨੂੰ) ਛਡ ਗਏ ਹਨ।ਜਿਸ ਪ੍ਰਭੂ (ਵੱਲੋਂ ਮੋਹ ਮਾਇਆ) ਦੀ ਰੋਕ ਪਾਈ ਹੋਈ ਸੀ, ਉਸ ਪ੍ਰਭੂ ਦੀ ਕ੍ਰਿਪਾ ਤੋਂ ਹੀ (ਇਹ ਰੋਕ) ਛੁਟ ਗਈ ਹੈ, ਤਦ ਹੁਣ ਕੋਤਵਾਲ (ਧਰਮਰਾਜ) ਕੀ ਕਰ ਸਕੇਗਾ? (ਮੇਰਾ ਕੁਛ ਨਹੀਂ ਵਿਗਾੜ ਸਕੇਗਾ)।੨।(ਉਨ੍ਹਾਂ ਮਨੁੱਖਾਂ ਦੇ ਮੰਦ) ਕਰਮਾਂ ਦਾ ਸਾਰਾ ਬੋਝ ਦੂਰ ਹੋ ਗਿਆ ਹੈ, (ਅਤੇ ਉਹ ਮੰਦੇ) ਕਰਮਾਂ ਤੋਂ ਰਹਿਤ ਹੋ ਗਏ ਹਨ।(ਜਿਨ੍ਹਾਂ ਉਤੇ) ਗੁਰੂ ਨੇ ਉਪਕਾਰ ਕੀਤਾ ਹੈ, (ਗੁਰੂ ਦੀ ਕਿਰਪਾ ਨਾਲ ਉਹ) ਸਮੁੰਦਰ ਵਿਚ ਡੁਬਣ ਤੋਂ ਬਚ ਕੇ ਤੋਂ ਕੰਢੇ ਤੇ ਚੜ੍ਹ ਗਏ ਹਨ (ਭਵਜਲ ਤੋਂ ਪਾਰ ਹੋ ਗਏ ਹਨ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸੱਚੇ ਸਥਾਨ (ਸਤਸੰਗਤ), ਜੋ ਪ੍ਰਭੂ ਦਾ ਸਚਾ ਟਿਕਾਣਾ ਹੈ, (ਇਸ ਨੂੰ ਅਪਣੇ ਜੀਵਨ ਦਾ) ਸੱਚਾ ਪ੍ਰਯੋਜਨ ਬਣਾਇਆ ਹੈ।ਮੈਂ ਸ਼ਰਧਾ ਰੂਪ ਸੱਚੀ ਪੂੰਜੀ ਅਤੇ ਨਾਮ ਰੂਪ ਸੱਚਾ ਸੌਦਾ ਹਿਰਦੇ ਘਰ ਵਿਚ ਹੀ ਪ੍ਰਾਪਤ ਕਰ ਲਿਆ ਹੈ।੪।੫।੧੪।

ਪਦਾਰਥ = ਫੂਟੋ–ਫੁੱਟ ਗਿਆ।ਆਂਡਾ–ਭਰਮ (ਭਰਮ ਦੇ ਕਾਰਣ ਮਨ ਛੋਟੇ ਜਿਹੇ ਦਾਇਰੇ ਵਿਚ ਕੈਦ ਸੀ, ਹੁਣ ਗਿਆਨ ਦਾ ਚਾਨਣ

ਹੋਣ ਨਾਲ ਵਿਸ਼ਾਲ ਬ੍ਰਹਮੰਡ ਦਾ ਵਾਸੀ ਬਣ ਗਿਆ ਹੈ)।ਮਨਹਿ–ਮਨ ਵਿਚ।ਭਇਓ–ਹੋ ਗਿਆ।ਬੇਰੀ–ਬੇੜੀ।ਪਗਹ ਤੇ–ਪੈਰਾਂ ਤੋਂ। ਗੁਰਿ–ਗੁਰੂ ਨੇ।ਬੰਦਿ–ਕੈਦ ਵਿਚੋਂ।ਖਲਾਸੁ–ਅਜਾਦ।੧।ਆਵਣ ਜਾਣੁ–ਆਉਣਾ ਜਾਣਾ (ਜਨਮ ਮਰਨ ਦਾ ਚੱਕਰ)।ਰਹਿਓ–ਮੁੱਕ ਗਿਆ।ਤਪਤ ਕੜਾਹਾ–ਤਪਦਾ ਕੜਾਹਾ (ਹਿਰਦਾ)।ਸੀਤਲ–ਠੰਢ ਪਾਉਣ ਵਾਲਾ।ਦੀਓ–ਦਿਤਾ।੧।ਰਹਾਉ।ਜਬ ਤੇ–ਜਦੋਂ ਤੋਂ। ਸਾਧੂ ਸੰਗੁ–ਗੁਰੂ ਸਾਧੂ ਦੀ ਸੰਗਤ।ਭਇਆ–ਹੋਇਆ।ਤਉ–ਤਦ ਤੋਂ।ਨਿਗਹਾਰ–ਨਿਗ੍ਹਾ ਰੱਖਣ ਵਾਲੇ (ਜਮਦੂਤ)।ਅਟਕ–ਰੁਕਾਵਟ ।ਤਿਸ ਤੇ–ਉਸ ਤੋਂ।ਤਉ–ਤਦੋਂ।ਕਹਾ ਕਰੈ–ਕੀ ਕਰ ਸਕਦਾ ਹੈ? ਕੋਟਵਾਰ–ਕੋਤਵਾਲ (ਧਰਮਰਾਜ)।੨।ਚੂਕਾ–ਦੂਰ ਹੋ ਗਿਆ। ਕਰਮ ਕਾ–ਮੰਦ ਕਰਮਾਂ ਦਾ।ਨਿਹਕਰਮਾ–ਮੰਦ ਕਰਮਾਂ ਤੋਂ ਰਹਿਤ (ਬੁਰੇ ਕਰਮਾਂ ਤੋਂ ਛੁਟਕਾਰਾ)।ਤੇ–ਤੋਂ।ਕੰਢੈ ਚੜੇ–ਕੰਢੇ ਤੇ ਚੜ੍ਹ ਗਏ ਹਾਂ।ਕੀਨੇ ਧਰਮਾ–ਉਪਕਾਰ ਕੀਤਾ ਹੈ; ਧਰਮ ਵਾਲਾ ਬਣਾ ਦਿਤਾ ਹੈ।੩।ਸਚੁ ਥਾਨੁ–ਸਚਾ ਸਥਾਨ (ਸਤਸੰਗਤ)।ਸਚੁ ਬੈਠਕਾ–(ਪ੍ਰਭੂ ਦਾ) ਸੱਚਾ ਟਿਕਾਣਾ।ਸੁਆਉ–ਪ੍ਰਯੋਜਨ।ਵਖਰੋ–ਸੌਦਾ।ਘਰਿ–ਹਿਰਦੇ ਵਿਚ।੪।੫।੧੪।

ਅੰਗ ੧੦੦੩ = ਮਾਰੂ ਮਹਲਾ ੫ ॥ ਬੇਦੁ ਪੁਕਾਰੈ ਮੁਖ ਤੇ ਪੰਡਤ, ਕਾਮਾਮਨ ਕਾ ਮਾਠਾ ॥ ਮੋਨੀ ਹੋਇ ਬੈਠਾ ਇਕਾਂਤੀ, ਹਿਰਦੈ ਕਲਪਨ ਗਾਠਾ ॥ ਹੋਇ ਉਦਾਸੀ ਗ੍ਰਿਹੁ ਤਜਿ ਚਲਿਓ, ਛੁਟਕੈ ਨਾਹੀ ਨਾਠਾ ॥੧॥ ਜੀਅ ਕੀ ਕੈ ਪਹਿ ਬਾਤ ਕਹਾ ॥ ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ, ਐਸੋ ਕਹਾ ਲਹਾ ॥੧॥ਰਹਾਉ॥ ਤਪਸੀ ਕਰਿ ਕੈ ਦੇਹੀ ਸਾਧੀ, ਮਨੂਆ ਦਹ ਦਿਸ ਧਾਨਾ ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ, ਹਿਰਦੈ ਭਇਆ ਗੁਮਾਨਾ ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ, ਉਸੁ ਮਹਿ ਕ੍ਰੋਧੁ ਬਿਗਾਨਾ ॥੨॥ ਘੂੰਘਰ ਬਾਧਿ ਭਏ ਰਾਮਦਾਸਾ, ਰੋਟੀਅਨ ਕੇ ਓਪਾਵਾ ॥ ਬਰਤ ਨੇਮ ਕਰਮ ਖਟ ਕੀਨੇ, ਬਾਹਰਿ ਭੇਖ ਦਿਖਾਵਾ ॥ ਗੀਤ ਨਾਦ ਮੁਖਿ ਰਾਗ ਅਲਾਪੇ, ਮਨਿ ਨਹੀ ਹਰਿ ਹਰਿ ਗਾਵਾ ॥੩॥ ਹਰਖ ਸੋਗ ਲੋਭ ਮੋਹ ਰਹਤ ਹਹਿ, ਨਿਰਮਲ ਹਰਿ ਕੇ ਸੰਤਾ ॥ ਤਿਨ ਕੀ ਧੂੜਿ ਪਾਏ ਮਨੁ ਮੇਰਾ, ਜਾ ਦਇਆ ਕਰੇ ਭਗਵੰਤਾ ॥ ਕਹੁ ਨਾਨਕ ਗੁਰੁ ਪੂਰਾ ਮਿਲਿਆ, ਤਾਂ ਉਤਰੀ ਮਨ ਕੀ ਚਿੰਤਾ ॥੪॥ ਮੇਰਾ ਅੰਤਰਜਾਮੀ ਹਰਿ ਰਾਇਆ ॥ ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ,ਬਿਸਰਿ ਗਏ ਬਕਬਾਇਆ ॥੧॥ਰਹਾਉ ਦੂਜਾ॥੬॥੧੫॥ (ਹੇ ਭਾਈ!) ਪੰਡਤ ਅਪਣੇ ਮੂੰਹ ਤੋਂ ਬੇਦ ਨੂੰ ਉਚੀ ਉਚੀ ਪੁਕਾਰਦਾ (ਪੜ੍ਹਦਾ) ਹੈ, (ਪਰ ਜੋ ਪੜ੍ਹਦਾ ਹੈ, ਉਸ ਦੀ ਸਿਖਿਆ ਨੂੰ) ਕਮਾਉਣ ਦਾ ਮੱਠਾ ਹੈ ਭਾਵ ਕਮਾਈ ਨਹੀਂ ਕਰਦਾ।(ਜੇ ਕੋਈ) ਮੋਨਧਾਰੀ ਬਣ ਕੇ ਇਕਾਂਤੀ ਹੋ ਕੇ ਬੈਠਾ ਹੈ, (ਪਰ ਉਹ) ਹਿਰਦੇ ਵਿਚ ਕਲਪਣਾ ਦੀਆਂ ਗੰਢਾਂ ਬੰਨ੍ਹੀ ਬੈਠਾ ਹੈ।(ਭਾਵੇਂ ਕੋਈ ਮਨੁੱਖ) ਉਦਾਸੀ ਹੋ ਕੇ ਘਰ ਨੂੰ ਛਡ ਚੱਲਿਆ ਹੈ, (ਪਰ ਉਸ ਦੇ ਮਨ ਦੀ) ਨੱਠ ਭੱਜ ਛੁਟਦੀ ਨਹੀਂ ।੧।(ਹੇ ਭਾਈ!) ਮੈਂ ਅਪਣੇ ਦਿਲ ਦੀ ਗੱਲ ਕਿਸ ਪਾਸ ਆਖਾਂ? ਇਹੋ ਜਿਹਾ (ਸੱਚਾ ਗੁਰੂ) ਮੈਂ ਕਿਥੋਂ ਲੱਭਾਂ? (ਜੋ ਸੰਸਾਰ ਦੇ ਬੰਧਨਾਂ ਤੋਂ) ਆਪ ਮੁਕਤ ਹੋਵੇ ਅਤੇ ਮੈਨੂੰ ਪ੍ਰਭੂ ਮਿਲਾ ਦੇਵੇ।੧।ਰਹਉ।(ਹੇ ਭਾਈ! ਜੇ ਕੋਈ ਮਨੁੱਖ) ਤਪੱਸ੍ਵੀ ਬਣ ਕੇ ਤਪ ਕਰਕੇ ਅਪਣੀ ਦੇਹ ਦੀ ਸਾਧਨਾ ਕਰਦਾ ਰਿਹਾ ਹੈ, (ਪਰ ਫਿਰ ਵੀ ਉਸ ਦਾ) ਮਨ ਦਸੇ ਪਾਸੇ ਦੌੜਦਾ ਰਿਹਾ ਹੈ।(ਜੇ ਕਿਸੇ ਮਨੁੱਖ ਨੇ) ਬ੍ਰਹਮਚਾਰੀ ਹੋ ਕੇ ਬ੍ਰਹਮਚਾਰਜ ਧਾਰਨ ਕੀਤਾ ਹੈ, (ਪਰ ਕਾਮ ਵਾਸ਼ਨਾ ਵਸ ਕਰਨ ਦਾ ਉਸ ਦੇ) ਹਿਰਦੇ ਵਿਚ ਗੁਮਾਨ ਪੈਦਾ ਹੋ ਗਿਆ ਹੈ।ਜੇ ਸੰਨਿਆਸੀ ਹੋ ਕੇ ਤੀਰਥਾਂ ਉਤੇ ਤੁਰਿਆ ਫਿਰਦਾ ਹੈ, (ਇਸ ਨਾਲ ਸੱਗੋਂ) ਉਸ ਵਿਚ ਮੂਰਖ ਬਣਾ ਦੇਣ ਵਾਲਾ ਕ੍ਰੋਧ ਪੈਦਾ ਹੋ ਗਿਆ।੨।(ਹੇ ਭਾਈ! ਕਈ ਮਨੁੱਖ ਪੈਰਾਂ ਨਾਲ) ਘੁੰਘਰੂ ਬੰਨ੍ਹ ਕੇ ਦੇਵ ਮੰਦਰਾਂ ਵਿਚ ਭਗਤੀਏ ਬਣ ਗਏ ਹਨ, (ਪਰ ਓਹ ਸਭ) ਰੋਟੀਆਂ (ਪੇਟ ਪੂਰਤੀ ਦੇ) ਜਤਨ ਹੀ ਕਰਦੇ ਹਨ।ਵਰਤ, ਨੇਮ ਅਤੇ (ਸ਼ਾਸਤ੍ਰਾਂ ਦੇ ਮਿਥੇ ਹੋਏ) ਛੇ ਤਰ੍ਹਾਂ ਦੇ ਕਰਮ ਵੀ ਕਰ ਲਏ ਹਨ, (ਪਰ ਇਹ ਸਭ) ਬਾਹਰਲੇ ਭੇਖ ਦਾ ਦਿਖਾਵਾ ਹੈ।(ਕੋਈ ਮਨੁੱਖ) ਵਾਜੇ ਵਜਾ ਕੇ ਗੀਤ ਗਾਉਂਦਾ ਹੈ, ਰਾਗਾਂ ਦਾ ਅਲਾਪ ਕਰਦਾ ਹੈ, (ਇਹ ਸਾਰੇ ਕਰਮ ਨਿਸਫਲ ਹਨ, ਪਰ ਉਸ ਨੇ) ਮਨ ਵਿਚ ਹਰੀ ਦੇ ਨਾਮ ਦਾ ਜਸ ਨਹੀਂ ਗਾਇਆ।੩।(ਹੇ ਭਾਈ! ਕੇਵਲ) ਹਰੀ ਦੇ ਸੰਤ ਪਵਿਤ੍ਰ ਜੀਵਨ ਵਾਲੇ ਹਨ, ਉਹ ਖੁਸ਼ੀ, ਗਮੀ, ਲੋਭ ਤੇ ਮੋਹ ਆਦਿਕ ਵਿਕਾਰਾਂ ਤੋਂ ਰਹਿਤ ਹੁੰਦੇ ਹਨ।ਜੇ ਭਗਵਾਨ (ਮੇਰੇ ਉਤੇ) ਦਇਆ ਕਰੇ, ਤਾਂ ਮੇਰਾ ਮਨ ਉਨ੍ਹਾਂ ਸੰਤਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰੇ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਮੈਨੂੰ) ਪੂਰਾ ਗੁਰੂ ਮਿਲਿਆ ਹੈ, ਤਦ (ਮੇਰੇ) ਮਨ ਦੀ ਚਿੰਤਾ ਉਤਰ ਗਈ ਹੈ।੪।(ਹੇ ਭਾਈ!) ਮੇਰਾ ਪ੍ਰਭੂ ਪਾਤਸ਼ਾਹ ਸਭ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਹੈ।ਮੇਰੇ ਦਿਲ ਦਾ ਪਿਆਰਾ ਪ੍ਰਭੂ ਸਭ ਕੁਛ ਜਾਣਦਾ ਹੈ, (ਜਿਸ ਨੂੰ ਮਿਲ ਜਾਂਦਾ ਹੈ, ਉਹ ਉਪਰ ਦੱਸੇ ਸਾਧਨ ਗੀਤ ਨਾਦ ਆਦਿ ਦੀ ਫਜ਼ੂਲ) ਬਕਵਾਸ ਕਰਨਾ ਭੁੱਲ ਗਿਆ ਹੈ।੧।ਰਹਾਉ ਦੂਜਾ।੬।੧੫।

ਪਦਾਰਥ = ਪੁਕਾਰੈ–ਉਚੀ ਉਚੀ ਪੜ੍ਹਦਾ ਹੈ।ਮੁਖ ਤੇ–ਮੂੰਹ ਤੋਂ।ਕਾਮਾਮਨ ਕਾ–ਕਮਾਉਣ (ਕਮਾਈ ਕਰਨ) ਦਾ।ਮਾਠਾ–ਮੱਠਾ;

ਢਿੱਲਾ। ਮੋਨੀ–ਸਦਾ ਚੁਪ ਰਹਿਣ ਵਾਲਾ। ਇਕਾਂਤੀ–ਇਕਾਂਤ ਵਿਚ ਇਕੱਲਾ ਰਹਿਣ ਵਾਲਾ। ਹਿਰਦੈ–ਹਿਰਦੇ ਵਿਚ। ਕਲਪਨ–ਕਲਪਣਾਂ ਦੀਆਂ। ਗਾਠਾ–ਗੰਢਾਂ। ਉਦਾਸੀ–ਉਪਰਾਮ ਰਹਿਣ ਵਾਲਾ ਮਨੁੱਖ। ਗ੍ਰਿਹੁ–ਘਰ; ਗ੍ਰਿਹਸਤ। ਤਜਿ–ਛਡ ਕੇ। ਛੁਟਕੈ ਨਾਹੀ–ਛੁਟਦੀ ਨਹੀਂ। ਨਾਠਾ–ਦੌੜ ਭੱਜ। ੧। ਜੀਅ ਕੀ–ਦਿਲ ਦੀ। ਕੈ ਪਹਿ–ਕਿਸ ਦੇ ਪਾਸ। ਕਹਾ–ਕਹਾਂ (ਆਖਾਂ)। ਮੁਕਤ–ਸੰਸਾਰੀ ਬੰਧਨਾਂ ਤੋ ਮੁਕਤ। ਮੋ ਕਉ–ਮੈਨੂੰ। ਐਸੋ–ਇਹੋ ਜਿਹਾ। ਕਹਾ ਲਹਾ–ਕਿਥੋਂ ਲੱਭਾਂ। ੧। ਰਹਾਉ। ਤਪਸੀ–ਤਪੱਸ੍ਵੀ। ਕਰਿਕੈ–(ਤਪ) ਕਰਕੇ। ਦੇਹੀ ਸਾਧੀ–ਸਰੀਰ ਦੀ ਸਾਧਨਾ ਕਰ ਲਈ। ਮਨੂਆ–ਮਨ। ਦਹ ਦਿਸ–ਦਸੀਂ ਪਾਸੇ। ਧਾਨਾ–ਦੌੜਦਾ ਰਿਹਾ ਹੈ। ਬ੍ਰਹਮਚਾਰਿ–ਬ੍ਰਹਮਚਾਰੀ ਹੋ ਕੇ। ਬ੍ਰਹਮਚਜੁ ਕੀਨਾ–ਕਾਮ ਵਾਸ਼ਨਾ ਰੋਕਣ ਦਾ ਜਤਨ ਕੀਤਾ। ਗੁਮਾਨਾ–ਹੰਕਾਰ। ਤੀਰਥਿ–ਤੀਰਥਾਂ ਉਤੇ। ਉਸੁ ਮਹਿ–ਉਸ ਵਿਚ। ਬਿਗਾਨਾ–ਮੂਰਖਤਾ ਵਾਲਾ (ਬੇ ਗਿਆਨਾ)। ੨। ਘੂੰਘਰ–ਘੁੰਘਰੂ। ਬਾਧਿ–ਬੰਨ੍ਹ ਕੇ। ਭਏ–ਹੋ ਗਏ। ਰਾਮਦਾਸਾ–ਭਗਤੀਏ (ਮੰਦਰਾਂ ਵਿਚ ਨੱਚਣ ਵਾਲੇ); ਰਾਸਧਾਰੀਏ। ਰੋਟੀਅਨ ਕੇ–ਰੋਟੀਆਂ ਦੇ। ਓਪਾਵਾ–ਜਤਨ। ਕਰਮ ਖਟ–(ਮਨੁ ਸਿਮ੍ਰਤੀ ਅਨੁਸਾਰ) ਛੇ ਧਾਰਮਕ ਕਰਮ, ਵਿਦਿਆ ਪੜ੍ਹਨੀ ਤੇ ਪੜ੍ਹਾਣੀ, ਦਾਨ ਦੇਣਾ ਤੇ ਲੈਣਾ, ਜਗ ਕਰਨਾ ਤੇ ਕਰਾਣਾ)। ਭੇਖ–ਧਾਰਮਕ ਪਹਿਰਾਵਾ। ਨਾਦ–ਵਾਜੇ। ਮੁਖਿ–ਮੂੰਹ ਨਾਲ। ਅਲਾਪੇ–ਉਚਾਰਦਾ ਹੈ। ਮਨਿ–ਮਨ ਵਿਚ। ਗਾਵਾ–ਗਾਇਆ। ੩। ਹਰਖ–ਖੁਸ਼ੀ। ਸੋਗ–ਗਮੀ। ਰਹਤ ਹਹਿ–ਬਚੇ ਰਹਿੰਦੇ ਹਨ। ਨਿਰਮਲ–ਪਵਿਤ੍ਰ। ਤਿਨ ਕੀ–ਉਨ੍ਹਾਂ ਦੀ। ਧੂੜਿ–ਚਰਨ ਧੂੜ। ਪਾਏ–ਪ੍ਰਾਪਤ ਹੋ ਜਾਵੇ। ਜਾ–ਜੇ; ਜਦੋਂ। ਭਗਵੰਤਾ–ਭਗਵਾਨ। ਤਾਂ–ਤਦ। ੪। ਅੰਤਰਜਾਮੀ–ਸਭ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ। ਹਰਿ ਰਾਇਆ–ਪ੍ਰਭੂ ਪਾਤਸ਼ਾਹ। ਜੀਅ ਕਾ–ਦਿਲ ਦਾ। ਪ੍ਰੀਤਮੁ–ਪਿਆਰਾ। ਬਿਸਰਿ ਗਏ–ਭੁੱਲ ਗਏ। ਬਕਬਾਇਆ–ਬਕਵਾਸ (ਬਿਅਰਥ ਗੱਲਾਂ)। ੧। ਰਹਾਉ ਦੂਜਾ। ੬। ੧੫।

ਵਿਆਖਿਆ = ਪੂਰੀ ਕਮਾਈ ਵਾਲੇ ਗੁਰੂ ਤੋਂ ਬਿਨਾ ਕੋਈ ਦਿਲ ਦੀ ਤਸੱਲੀ ਨਹੀਂ ਕਰਾ ਸਕਦਾ। ਗੁਰੂ ਹੀ ਘਟ ਘਟ ਦੇ ਜਾਨਣ ਵਾਲੇ ਹਰੀ ਨੂੰ ਦਿਲ ਵਿਚ ਵਸਾ ਕੇ ਪੂਰੀ ਨਿਸ਼ਾ ਕਰਾਉਂਦਾ ਹੈ। ਇਸ ਸ਼ਬਦ ਦੇ ਦੋ ਹਿੱਸੇ ਹਨ, ਇਕ ਵਿਚ ਅਮਲ ਤੋਂ ਸੱਖਣੇ ਪੰਡਤ, ਸੰਕਲਪਾਂ ਵਿਕਲਪਾਂ ਵਾਲੇ ਮੋਨੀਆਂ, ਮਾਇਆ ਪਿਛੇ ਭੱਜਣ ਵਾਲੇ ਉਦਾਸੀਆਂ ਤੇ ਤਪੀਆਂ, ਅਪਣੇ ਜਤ ਉਤੇ ਗੁਮਾਨ ਕਰਨ ਵਾਲੇ ਬ੍ਰਹਮਚਾਰੀਆਂ, ਕ੍ਰੋਧਵਾਨ ਸੰਨਿਆਸੀਆਂ ਅਤੇ ਪੇਟ ਦੀ ਖਾਤਰ ਨੱਚਣ ਟੱਪਣ ਵਾਲੇ ਭਗਤੀਆਂ ਵੱਲ ਇਸ਼ਾਰਾ ਕਰਕੇ ਨਿਰਾਸਤਾ ਪ੍ਰਗਟ ਕਰਦੇ ਹਨ, ਜੋ ਪਹਿਲੇ ਰਹਾਉ ਵਿਚ ਦਰਜ ਹੈ। ਦੂਜੇ ਹਿੱਸੇ ਵਿਚ ਹਰਖ ਸੋਗ ਤੋਂ ਰਹਿਤ ਨਿਰਮਲ ਜੀਵਨ ਵਾਲੇ ਗੁਰੂ ਸੰਤ ਦੀ ਸ਼ਰਨ ਵੱਲ ਧਿਆਨ ਦੁਆ ਕੇ ਆਸ ਬੰਨ੍ਹਾਉਂਦੇ ਹਨ। ਇਸ ਲਈ ਦੂਜੇ ਰਹਾਉ ਦੀ ਲੋੜ ਪਈ (ਸ਼ਬਦਾਰਥ)।

ਮਾਰੂ ਮਹਲਾ ੫ ॥ ਕੋਟਿ ਲਾਖ ਸਰਬ ਕੋ ਰਾਜਾ, ਜਿਸੁ ਹਿਰਦੈ ਨਾਮੁ ਤੁਮਾਰਾ ॥ ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ, ਸੇ ਮਰਿ ਜਨਮਹਿ ਗਾਵਾਰਾ ॥੧॥ ਮੇਰੇ ਸਤਿਗੁਰ ਹੀ ਪਤਿ ਰਾਖੁ ॥ ਚੀਤਿ ਆਵਹਿ ਤਬ ਹੀ ਪਤਿ ਪੂਰੀ, ਬਿਸਰਤ ਰਲੀਐ ਖਾਕੁ ॥੧॥ਰਹਾਉ॥ ਰੂਪ ਰੰਗ ਖੁਸੀਆ ਮਨ ਭੋਗਣ, ਤੇ ਤੇ ਛਿਦ੍ਰ ਵਿਕਾਰਾ ॥ ਹਰਿ ਕਾ ਨਾਮੁ ਨਿਧਾਨੁ ਕਲਿਆਣਾ, ਸੂਖ ਸਹਜੁ ਇਹੁ ਸਾਰਾ ॥੨॥ ਮਾਇਆ ਰੰਗ ਬਿਰੰਗ ਖਿਨੈ ਮਹਿ, ਜਿਉ ਬਾਦਰ ਕੀ ਛਾਇਆ ॥ ਸੇ ਲਾਲ ਭਏ ਗੂੜੈ ਰੰਗਿ ਰਾਤੇ, ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥੩॥ ਊਚ ਮੂਚ ਅਪਾਰ ਸੁਆਮੀ, ਅਗਮ ਦਰਬਾਰਾ ॥ ਨਾਮੋ ਵਡਿਆਈ ਸੋਭਾ, ਨਾਨਕ ਖਸਮੁ ਪਿਆਰਾ ॥੪॥੭॥੧੬॥

(ਹੇ ਪ੍ਰਭੂ !) ਜਿਸ ਮਨੁੱਖ ਦੇ ਹਿਰਦੇ ਵਿਚ ਤੇਰਾ ਨਾਮ ਵਸਦਾ ਹੈ, ਉਹ ਲੱਖਾਂ ਫੌਜਾਂ ਦਾ, ਕ੍ਰੋੜਾਂ ਖਜਾਨਿਆਂ ਦਾ ਅਤੇ ਸਾਰੇ ਜਗਤ ਦਾ ਰਾਜਾ ਹੈ। (ਪਰ) ਜਿਨ੍ਹਾਂ ਮਨੁੱਖਾਂ ਨੂੰ ਮੇਰੇ ਸਤਿਗੁਰੂ ਨੇ ਪ੍ਰਭੂ ਦਾ ਨਾਮ ਨਹੀਂ ਦਿਤਾ, ਉਹ ਮੂਰਖ ਮਰਦੇ ਜੰਮਦੇ ਰਹਿੰਦੇ ਹਨ। ੧। ਹੇ ਮੇਰੇ ਸਤਿਗੁਰੂ ! ਤੂੰ ਹੀ ਮੇਰੀ ਇੱਜਤ ਦਾ ਰਾਖਾ ਹੈਂ। (ਹੇ ਪ੍ਰਭੂ ! ਜੇ ਜੀਵਾਂ ਦੇ) ਚਿੱਤ ਵਿਚ ਤੂੰ ਆ ਵਸੇਂ, ਤਦ ਹੀ (ਲੋਕ ਪ੍ਰਲੋਕ ਵਿਚ) ਪੂਰੀ ਇੱਜਤ ਮਿਲਦੀ ਹੈ, ਤੇਰਾ ਨਾਮ ਭੁੱਲ ਜਾਣ ਨਾਲ ਮਿੱਟੀ ਵਿਚ ਮਿਲ ਜਾਈਦਾ ਹੈ। ੧। ਰਹਾਉ। (ਹੇ ਭਾਈ !) ਦੁਨੀਆਂ ਦੇ ਸਾਰੇ ਰੂਪ ਰੰਗ ਤੇ ਮਨ ਦੀਆਂ ਖੁਸ਼ੀਆਂ ਦੇ ਜੋ ਅਨੰਦ ਮਾਣਨੇ ਹਨ, ਉਹ ਸਾਰੇ ਹੀ (ਮਨ ਵਿਚ) ਵਿਕਾਰ ਤੇ ਦੋਸ਼ ਪੈਦਾ ਕਰਦੇ ਹਨ। (ਪਰ) ਹਰੀ ਦਾ ਨਾਮ ਸੁੱਖਾਂ ਦਾ ਖਜਾਨਾ ਹੈ, ਇਹ (ਨਾਮ) ਅਸਲੀ ਤੇ ਸ੍ਰੇਸਟ ਸੁਖ ਦੇਣ ਵਾਲਾ ਹੈ। ੨। (ਹੇ ਭਾਈ !) ਮਾਇਆ ਦੇ ਰੰਗ (ਅਨੰਦ) ਇਕ ਖਿਨ ਵਿਚ ਫਿੱਕੇ ਪੈ ਜਾਂਦੇ (ਨਾਸ਼ਵੰਤ) ਹਨ, ਜਿਵੇਂ ਬੱਦਲ ਦੀ ਛਾਂ ਦੇਖਦੇ ਦੇਖਦੇ ਛੇਤੀ ਹੀ ਦੂਰ ਹੋ ਜਾਂਦੀ ਹੈ। ਜਿਨ੍ਹਾਂ ਪੁਰਖਾਂ ਨੇ ਗੁਰੂ ਨੂੰ ਮਿਲ ਕੇ ਹਰੀ ਦਾ ਜਸ ਗਾਇਆ ਹੈ, ਉਹ ਗੁੜ੍ਹੇ ਰੰਗ ਵਿਚ ਰੰਗੇ ਹੋਏ ਆਤਮਕ ਅਨੰਦ ਵਾਲੇ ਹੋ ਗਏ ਹਨ। ੩। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ (ਸਭ ਤੋਂ) ਉਚਾ, ਵੱਡਾ ਤੇ ਪਾਰ ਰਹਿਤ ਹੈ, (ਉਸ ਦਾ) ਦਰਬਾਰ ਮਨੁੱਖ ਦੀ ਪਹੁੰਚ ਤੋਂ ਪਰੇ ਹੈ। (ਨਾਮ ਜਪਣ ਵਾਲਾ ਮਨੁੱਖ) ਮਾਲਕ ਪ੍ਰਭੂ ਨੂੰ ਪਿਆਰਾ ਲਗਦਾ ਹੈ ਅਤੇ ਨਾਮ ਕਰਕੇ ਹੀ (ਉਸ ਮਨੁੱਖ ਨੂੰ ਇਸ ਲੋਕ ਵਿਚ) ਵਡਿਆਈ ਮਿਲਦੀ ਹੈ ਅਤੇ ਪ੍ਰਲੋਕ ਵਿਚ ਵੀ (ਉਸ ਦੀ) ਸੋਭਾ ਹੁੰਦੀ ਹੈ। ੪। ੭। ੧੬।

ਪਦਾਰਥ =ਕੋਟਿ ਲਾਖ-ਲੱਖਾਂ ਕ੍ਰੋੜਾਂ ਦਾ। ਸਰਬ ਕੋ-ਸਾਰੇ ਜਗਤ ਦਾ। ਹਿਰਦੈ-ਹਿਰਦੇ ਵਿਚ। ਜਾ ਕਉ-ਜਿਨ੍ਹਾਂ ਨੂੰ। ਨ ਦੀਆ-ਨਹੀਂ ਦਿਤਾ। ਸਤਿਗੁਰਿ-ਸਤਿਗੁਰੂ ਨੇ। ਸੇ-ਉਹ। ਮਰਿ ਜਨਮਹਿ-ਮਰਦੇ ਜੰਮਦੇ ਹਨ। ਗਾਵਾਰਾ-ਮੂਰਖ।੧। ਸਤਿਗੁਰ-ਹੇ ਸਤਿਗੁਰੂ!। ਪਤਿ -ਇੱਜਤ। ਰਾਖੁ-ਰਾਖਾ। ਚੀਤਿ-ਚਿੱਤ ਵਿਚ। ਆਵਹਿ-ਆ ਵਸੇਂ। ਬਿਸਰਤ-ਭੁੱਲ ਜਾਣ ਨਾਲ। ਰਲੀਐ-ਰਲ (ਮਿਲ) ਜਾਈਦਾ ਹੈ। ਖਾਕੁ-ਮਿੱਟੀ ਵਿਚ (ਦਰਪਣ)।੧। ਰਹਾਉ। ਭੋਗਣ-ਅਨੰਦ ਮਾਣਨਾ। ਤੇ ਤੇ-ਉਹ ਉਹ ਭਾਵ ਸਾਰੇ। ਛਿਦ੍ਰ-ਦੋਸ਼। ਵਿਕਾਰਾ-ਵਿਕਾਰ। ਨਿਧਾਨੁ-ਖਜਾਨਾ। ਕਲਿਆਣਾ-ਸੁੱਖਾਂ ਦਾ। ਸੂਖ ਸਹਜ-ਦੁਨਿਆਵੀ ਸੁਖ ਦੇ ਮੁਕਾਬਲੇ ਕੁਦਰਤੀ ਅਸਲੀ ਸੁਖ, ਜੋ ਮਨ ਨੂੰ ਟਿਕਾਉ ਵਿਚ ਰਖਦਾ ਹੈ। ਸਾਰਾ-ਸ੍ਰੇਸਟ।੨। ਰੰਗ-ਮੌਜਾਂ; ਅਨੰਦ। ਬਿਰੰਗ-ਬੇ ਰੰਗ (ਫਿੱਕੇ; ਨਾਸ਼ਵੰਤ)। ਖਿਨੈ ਮਹਿ-ਇਕ ਖਿਨ ਵਿਚ। ਬਾਦਰ ਕੀ-ਬੱਦਲ ਦੀ। ਛਾਇਆ-ਛਾਂ। ਲਾਲ-ਆਤਮਕ ਅਨੰਦ ਦੀ ਦਸ਼ਾ। ਭਏ-ਹੋ ਗਏ। ਰੰਗਿ ਰਾਤੇ-ਰੰਗ ਵਿਚ ਰੰਗੇ ਹੋਏ। ਜਿਨ-ਜਿਨ੍ਹਾਂ ਨੇ।੩। ਮੂਚ-ਵੱਡਾ; ਵਿਸਥਾਰ ਵਾਲਾ। ਅਪਾਰ-ਪ੍ਰਕ੍ਰਿਤੀ ਦੇ ਪਾਰਵਾਰ ਤੋਂ ਪਰੇ (ਬੇਅੰਤ)। ਸੁਆਮੀ-ਮਾਲਕ ਪ੍ਰਭੂ। ਅਗਮ-ਪਹੁੰਚ ਤੋਂ ਪਰੇ। ਨਾਮੋ-ਨਾਮ ਕਰਕੇ ਹੀ। ਖਸਮੁ-ਮਾਲਕ।੪।੭।੧੬।

ਮਾਰੂ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥ ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ਰਹਾਉ॥ ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥ (ਹੇ ਭਾਈ!) ਸਰਬ ਵਿਆਪਕ ਪ੍ਰਭੂ ਨੇ ਸ੍ਰਿਸਟੀ ਦੀ ਉਤਪਤੀ ਕੀਤੀ ਹੈ {ਓਅੰਕਾਰਿ ਸਭ ਸ੍ਰਿਸਟਿ ਉਪਾਈ ੧੦੬੧}। (ਉਸ ਨੇ) ਦਿਨ, ਰਾਤਾਂ ਅਤੇ ਸਭ ਕੁਝ ਪੈਦਾ ਕੀਤਾ ਹੈ {ਜਿਨਿ ਦਿਨੁ ਕਰਿ ਕੈ ਕੀਤੀ ਰਾਤਿ}। ਜੰਗਲ, ਘਾਹ, ਤਿੰਨ ਭਵਨ, ਪਾਣੀ ਆਦਿ ਸਾਰੇ ਤੱਤ)। ਚਾਰ ਬੇਦ, ਚਾਰ ਖਾਣੀਆਂ। ਨੌਂ ਖੰਡ, ਸੱਤੇ ਦੀਪ ਅਤੇ ਸਾਰੇ (ਬ੍ਰਹਮ ਲੋਕ, ਸੂਰਗ) ਲੋਕ ਆਦਿਕ। ਸਭ ਕੁਛ ਪ੍ਰਭੂ ਦੇ ਇਕ ਵਾਕ ਤੋਂ ਪੈਦਾ ਹੋਇਆ ਹੈ।੧। ਹੇ ਭਾਈ! (ਸ੍ਰਿਸਟੀ ਨੂੰ) ਪੈਦਾ ਕਰਨ ਵਾਲੇ ਕਰਤਾਰ ਨੂੰ ਸਮਝੋ। ਹੇ ਭਾਈ! ਸਤਿਗੁਰੂ ਜੇ ਮਿਲ ਜਾਵੇ, ਤਾਂ (ਮਨੁੱਖ ਨੂੰ ਕਰਤਾਰ ਦੀ) ਸਮਝ ਪੈਂਦੀ ਹੈ।੧। ਰਹਾਉ। (ਹੇ ਭਾਈ! ਪ੍ਰਭੂ ਨੇ ਇਹ ਜਗਤ) ਤਿੰਨਾਂ ਗੁਣਾਂ ਦਾ ਪਸਾਰਾ ਕੀਤਾ ਹੈ ਭਾਵ ਮਾਦੀ ਤੱਤਾਂ ਦਾ ਵਿਸਥਾਰ ਹੈ, ਜਿਨ੍ਹਾਂ ਵਿਚ ਰਜੋ, ਤਮੋ ਤੇ ਸਤੋ ਗੁਣ ਵਰਤ ਰਹੇ ਹਨ। (ਪਾਪੀ ਜੀਵਾਂ ਦਾ) ਨਰਕ ਵਿਚ ਤੇ (ਪੁੰਨੀ ਜੀਵਾਂ ਦਾ) ਸੁਰਗ ਵਿਚ ਉਤਾਰਾ ਹੁੰਦਾ ਹੈ। ਹਉਮੈ ਦੇ ਕਾਰਣ (ਜੀਵਾਂ ਦਾ ਸੰਸਾਰ ਵਿਚ) ਆਉਣਾ ਜਾਣਾ (ਜੰਮਣਾ ਮਰਨਾ) ਹੁੰਦਾ ਰਹਿੰਦਾ ਹੈ। (ਅਜੇਹੇ ਜੀਵਾਂ ਦੇ) ਮਨ ਨੂੰ ਰਾਈ ਮਾਤ੍ਰ ਵੀ ਟਿਕਾਉ ਪ੍ਰਾਪਤ ਨਹੀਂ ਹੁੰਦਾ।

ਅੰਗ ੧੦੦੪ = ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥ ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥ ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥ ਸੋ ਮਿਲਿਆ, ਜਿ ਹਰਿ ਮਨਿ ਭਾਇਆ ॥ ਸੋ ਭੂਲਾ, ਜਿ ਪ੍ਰਭੂ ਭੁਲਾਇਆ ॥ ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ, ਸੁ ਨਾਮੁ ਵਖਾਨੀ ॥ ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥ ਗੁਰੂ ਤੋਂ ਬਿਨਾ (ਅਗਿਆਨਤਾ ਦਾ) ਹਨ੍ਹੇਰਾ ਬਣਿਆ ਰਹਿੰਦਾ ਹੈ। ਸਤਿਗੁਰੂ ਨੂੰ ਮਿਲ ਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ।੨। (ਹੇ ਭਾਈ! ਜਿਹੜੇ) ਕਰਮ ਮਨੁੱਖ ਹਉਮੈ ਵਿਚ ਕਰਦਾ ਹੈ। ਉਹ ਉਹ (ਸਾਰੇ ਕਰਮ) ਬੰਧਨ ਦੇ ਰੂਪ ਵਿਚ ਇਸ ਦੇ ਗਲ ਵਿਚ ਪੈ ਜਾਂਦੇ ਹਨ। (ਜਿਸ ਮਨੁੱਖ ਨੇ ਮਨ ਵਿਚ) ਮੇਰੀ ਮੇਰੀ ਟਿਕਾਈ ਹੋਈ ਹੈ। ਉਹ (ਉਸ ਦੇ) ਪੈਰਾਂ ਵਿਚ ਲੋਹੇ ਦੀ ਬੇੜੀ ਪਈ ਹੋਈ ਹੈ। (ਜਿਸ ਮਨੁਖ ਦੇ) ਮੱਥੇ ਉਤੇ (ਧੁਰ ਤੋਂ ਚੰਗਾ) ਭਾਗ ਲਿਖਿਆ ਹੁੰਦਾ ਹੈ। ਉਹ ਗੁਰੂ ਨੂੰ ਮਿਲ ਕੇ ਇਕ ਪ੍ਰਭੂ ਨੂੰ ਪਛਾਣਦਾ ਹੈ।੩। (ਹੇ ਭਾਈ!) ਜਿਹੜਾ ਮਨੁੱਖ ਹਰੀ ਦੇ ਮਨ ਵਿਚ ਚੰਗਾ ਲੱਗਦਾ ਹੈ, ਉਹ ਹਰੀ ਨਾਲ ਮਿਲਿਆ ਹੈ। (ਪਰ) ਜਿਹੜਾ ਮਨੁੱਖ ਪ੍ਰਭੂ ਨੇ ਭੁੱਲਾ ਦਿਤਾ ਹੈ, ਉਹ ਪ੍ਰਭੂ ਤੋਂ ਭੁੱਲਿਆ ਹੋਇਆ ਹੈ। ਅਪਣੇ ਆਪ ਤੋਂ ਨਾ ਕੋਈ ਮਨੁੱਖ ਮੂਰਖ ਹੈ ਅਤੇ ਨਾ ਹੀ ਗਿਆਨਵਾਨ ਹੈ। (ਜੋ ਕੰਮ ਜੀਵ ਤੋਂ) ਪ੍ਰਭੂ ਕਰਾਉਂਦਾ ਹੈ, (ਉਸ ਅਨੁਸਾਰ ਉਸ ਦਾ) ਨਾਮ (ਮੂਰਖ ਜਾਂ ਸਿਆਣਾ) ਆਖਿਆ ਜਾਂਦਾ ਹੈ {ਨਾ ਕੋ ਮੂਰਖੁ ਨਾ ਕੋ ਸਿਆਣਾ। ਵਰਤੈ ਸਭ ਕਿਛੁ ਤੇਰਾ ਭਾਣਾ ੯੮}। ਹੇ ਪ੍ਰਭੂ! ਤੇਰੇ ਉਰਾਰ ਪਾਰ ਦਾ ਕੋਈ ਅੰਤ ਨਹੀਂ। ਦਾਸ ਨਾਨਕ ਤੇਰੇ ਤੋਂ ਸਦਾ ਬਲਹਾਰ ਜਾਂਦਾ ਹੈ।੪।੧।੧੭।

ਪਦਾਰਥ = ਓਅੰਕਾਰਿ-ਸਰਬ ਵਿਆਪਕ ਪ੍ਰਭੂ ਨੇ। ਉਤਪਾਤੀ-ਸ੍ਰਿਸਟੀ ਦੀ ਉਤਪਤੀ (ਪੈਦਾਇਸ਼) ਕੀਤੀ ਹੈ। ਕੀਆ-ਪੈਦਾ ਕੀਤਾ ਹੈ। ਰਾਤੀ-ਰਾਤਾਂ। ਵਣੁ-ਜੰਗਲ। ਤ੍ਰਿਣੁ-ਘਾਹ। ਤ੍ਰਿਭਵਣ-ਤਿੰਨੇ ਭਵਨ (ਅਕਾਸ਼ ਲੋਕ, ਮਾਤ ਲੋਕ ਤੇ ਪਤਾਲ ਲੋਕ)। ਚਾਰੇ ਖਾਣੀ-

ਚਾਰ ਖਾਣੀਆਂ (ਅੰਡਜ ਜੇਰਜ ਸੇਤਜ ਤੇ ਉਤਭੁਜ)। ਖੰਡ–ਧਰਤੀ ਦੇ ਨੌਂ ਖੰਡ (ਹਿੱਸੇ)। ਦੀਪ–ਟਾਪੂ (ਸੱਤ ਦੀਪ)। ਲੋਆ–ਲੋਕ (ਮੰਡਲ)। ਕਵਾਵੈ–ਫੁਰਨਾ; ਵਾਕ; ਅਵਾਜ। ਸਭਿ ਹੋਆ–ਸਭ ਕੁਛ ਪੈਦਾ ਹੋ ਗਿਆ।੧। ਕਰਣੈਹਾਰਾ–ਸ੍ਰਿਸਟੀ ਨੂੰ ਪੈਦਾ ਕਰਨ ਵਾਲੇ ਕਰਤਾਰ ਨੂੰ। ਬੂਝਹੁ–ਸਮਝੋ। ਰੇ–ਹੇ ਭਾਈ!। ਤ–ਤਾਂ; ਤਦ। ਸੂਝੈ–ਸਮਝ ਪੈਂਦੀ ਹੈ।੧। ਰਹਾਉ। ਤ੍ਰੈ ਗੁਣ–ਤਿੰਨ ਗੁਣਾਂ ਦਾ। ਪਸਾਰਾ–ਖਿਲਾਰਾ। ਅਵਤਾਰਾ–ਉਤਾਰਾ; ਜਨਮ। ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਟਿਕਨੁ–ਟਿਕਾਉ। ਰਾਈ–ਰਾਈ ਦੇ ਦਾਣੇ ਜਿਤਨਾ (ਰੱਤਾ ਭਰ) ਵੀ। ਬਾਝੁ–ਬਿਨਾ। ਗੁਬਾਰਾ–ਘੁੱਪ ਹਨ੍ਹੇਰਾ। ਨਿਸਤਾਰਾ–ਪਾਰਾ ਉਤਾਰਾ।੨। ਹਉ ਹਉ–ਮੈਂ ਵੱਡਾ ਹਾਂ, ਮੈਂ ਵੱਡਾ ਧਨੀ ਹਾਂ (ਹਉਮੈ ਵਿਚ)। ਕਰਮ ਕਮਾਣੇ–ਕੰਮ ਕਮਾਏ ਹਨ। ਤੇ ਤੇ–ਉਹ ਉਹ। ਬੰਧ–ਬੰਧਨ। ਗਲਾਣੇ–ਗਲ ਵਿਚ। ਧਾਰੀ–ਧਾਰਨ ਕੀਤੀ ਹੋਈ ਹੈ। ਪੈਰਿ–ਪੈਰਾਂ ਵਿਚ। ਲੋਹਾਰੀ–ਲੋਹੇ ਦੀ ਬੇੜੀ। ਸੋ–ਉਹ। ਏਕੁ–ਇਕ ਪ੍ਰਭੂ ਨੂੰ। ਭਾਗੁ–ਕਿਸਮਤ। ਮਥਾਣੈ–ਮੱਥੇ ਉਤੇ।੩। ਜਿ–ਜਿਹੜਾ। ਮਨਿ–ਮਨ ਵਿਚ। ਭਾਇਆ–ਚੰਗਾ ਲਗਦਾ ਹੈ। ਭੂਲਾ–ਭੁਲਿਆ (ਕੁਰਾਹੇ ਪਿਆ) ਹੈ। ਭੁਲਾਇਆ–ਭੁਲਾ ਦਿਤਾ ਹੈ। ਨਹ–ਨਹੀਂ। ਆਪਹੁ–ਅਪਣੇ ਆਪ ਤੋਂ। ਗਿਆਨੀ–ਗਿਆਨਵਾਨ; ਸਿਆਣਾ। ਸੁ–ਉਹ। ਵਖਾਨੀ–ਆਖਿਆ ਜਾਂਦਾ ਹੈ। ਪਾਰਾਵਾਰਾ–ਉਰਲਾ ਤੇ ਪਾਰਲਾ ਕੰਢਾ। ਜਨ ਨਾਨਕ–ਦਾਸ ਨਾਨਕ। ਸਦ–ਸਦਾ। ਬਲਿਹਾਰਾ–ਕੁਰਬਾਨ ਜਾਂਦਾ ਹੈ।੪।੧।੧੭।

ਮਾਰੂ ਮਹਲਾ ੫ ॥ ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥ ਲੋਭਿ ਵਿਆਪੀ ਝੂਠੀ ਦੁਨੀਆ ॥ ਮੇਰੀ ਮੇਰੀ ਕਰਿ ਕੈ ਸੰਚੀ, ਅੰਤ ਕੀ ਬਾਰ ਸਗਲ ਲੇ ਛਲੀਆ ॥੧॥ ਨਿਰਭਉ ਨਿਰੰਕਾਰੁ ਦਇਅਲੀਆ ॥ ਜੀਅ ਜੰਤ ਸਗਲੇ ਪ੍ਰਤਿਪਲੀਆ ॥੧॥ਰਹਾਉ॥ ਏਕੈ ਸ੍ਰਮੁ ਕਰਿ ਗਾਡੀ ਗਡਹੈ ॥ ਏਕਹਿ ਸੁਪਨੈ ਦਾਮੁ ਨ ਛਡਹੈ ॥ ਰਾਜੁ ਕਮਾਇ ਕਰੀ ਜਿਨਿ ਥੈਲੀ, ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥ ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ ਏਕ ਸੰਚੀ ਤਜਿ ਬਾਪ ਮਹਤਾਰੀ ॥ ਸੁਤ ਮੀਤ ਭ੍ਰਾਤ ਤੇ ਗੁਹਜੀ, ਤਾ ਕੈ ਨਿਕਟਿ ਨ ਹੋਈ ਖਲੀਆ ॥੩॥ ਹੋਇ ਅਉਧੂਤ ਬੈਠੇ ਲਾਇ ਤਾਰੀ ॥ ਜੋਗੀ ਜਤੀ ਪੰਡਿਤ ਬੀਚਾਰੀ ॥ ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ, ਊਠਿ ਤਿਨਾ ਕੈ ਲਾਗੀ ਪਲੀਆ ॥੪॥ ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥ ਸਾਧ ਸੰਗਿ ਭਏ ਜਨ ਮੁਕਤੇ, ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥ (ਹੇ ਭਾਈ! ਦੁਨੀਆਂ ਨੂੰ) ਮੋਹ ਲੈਣ ਵਾਲੀ ਮਾਇਆ ਨੇ ਤ੍ਰੈ ਗੁਣੀ ਜੀਵ ਮੋਹ ਲਏ ਹਨ। ਝੂਠੀ ਦੁਨੀਆਂ (ਮਾਇਆ ਦੇ) ਲੋਭ ਵਿਚ ਫਸੀ ਹੋਈ ਹੈ। (ਲੋਕਾਂ ਨੇ) ਮੇਰੀ ਮਾਇਆ ਮੇਰੀ ਮਾਇਆ ਕਹਿ ਕਰਕੇ ਇਕੱਠੀ ਕੀਤੀ ਹੈ, (ਪਰ) ਅੰਤ ਦੇ ਸਮੇਂ (ਇਹ ਮਾਇਆ) ਸਭ ਨੂੰ ਛਲ ਲੈਂਦੀ ਹੈ (ਕਿਸੇ ਦੇ ਨਾਲ ਨਹੀਂ ਜਾਂਦੀ)।੧। (ਹੇ ਭਾਈ!) ਪ੍ਰਭੂ ਡਰ ਤੋਂ ਰਹਿਤ ਹੈ, ਅਕਾਰ ਰਹਿਤ ਹੈ ਅਤੇ ਦਇਆ ਦਾ ਘਰ ਹੈ। (ਉਹ) ਸਾਰੇ ਜੀਵ ਜੰਤੂਆਂ ਦੀ ਪਾਲਣਾ ਕਰਦਾ ਹੈ।੧। ਰਹਾਉ। (ਹੇ ਭਾਈ! ਕਿਸੇ) ਇਕ ਮਨੁੱਖ ਨੇ ਮੇਹਨਤ ਨਾਲ ਮਾਇਆ ਕਮਾ ਕਰਕੇ ਟੋਏ ਵਿਚ ਦੱਬ ਦਿਤੀ ਹੈ। ਕੋਈ ਇਕ ਅਜੇਹਾ ਹੈ, (ਜੋ ਸੁੱਤਾ ਪਿਆ) ਸੁਪਨੇ ਵਿਚ ਵੀ ਮਾਇਆ ਨੂੰ (ਹੱਥੋਂ) ਨਹੀਂ ਛਡਦਾ। (ਜਿਸ ਮਨੁੱਖ ਨੇ) ਰਾਜ ਕਮਾ ਕੇ ਮਾਇਆ ਇਕੱਠੀ ਕੀਤੀ ਹੈ, ਉਸ ਦੇ ਨਾਲ ਵੀ (ਇਹ) ਚੰਚਲ ਮਾਇਆ ਨਹੀਂ ਚੱਲੀ।੨। (ਹੇ ਭਾਈ! ਕਿਸੇ) ਇਕ ਮਨੁੱਖ ਨੂੰ (ਇਹ ਮਾਇਆ) ਪ੍ਰਾਣਾਂ ਤੇ ਸਰੀਰ ਤੋਂ ਵੀ (ਜਿਆਦਾ) ਪਿਆਰੀ ਹੈ। ਇਕ (ਕੋਈ ਅਜੇਹਾ ਮਨੁੱਖ) ਹੈ (ਜਿਸ ਨੇ ਇਹ ਮਾਇਆ) ਮਾਂ ਬਾਪ ਦਾ ਪਿਆਰ ਛਡ ਕੇ ਇਕੱਠੀ ਕੀਤੀ ਹੈ। (ਕਿਸੇ ਨੇ ਮਾਇਆ) ਪੁੱਤ੍ਰ ,ਮਿਤ੍ਰ ,ਭਰਾ ਤੋਂ ਲੁਕਾ ਕੇ ਰੱਖੀ ਹੈ, (ਪਰ ਅੰਤ ਸਮੇਂ ਮਾਇਆ) ਉਸ ਦੇ ਨੇੜੇ ਵੀ ਖੜੀ ਨਹੀਂ ਹੋਈ (ਉਸ ਦਾ ਸਾਥ ਛਡ ਦਿਤਾ)।੩। ਕਈ ਤਿਆਗੀ ਹੋ ਕੇ ਸਮਾਧੀ ਲਾ ਕੇ ਬੈਠੇ ਹਨ। (ਕਈ) ਜੋਗੀ, ਜਤੀ, ਪੰਡਤ ਤੇ ਵਿਚਾਰਵਾਨ (ਦਾਰਸ਼ਨਿਕ) ਹਨ। (ਜੋ ਮਨੁੱਖ) ਘਰ ਵਿਚ, ਮੜ੍ਹੀਆਂ ਮਸਾਣਾਂ ਤੇ ਜੰਗਲਾਂ ਵਿਚ ਵਸਦੇ ਹਨ, (ਮਾਇਆ) ਉਠ ਕੇ ਉਨ੍ਹਾਂ ਦੇ ਪੱਲੇ ਵੀ ਲੱਗੀ ਹੋਈ ਹੈ।੪। (ਹੇ ਭਾਈ!) ਮਾਲਕ ਪ੍ਰਭੂ ਨੇ ਜਿਨ੍ਹਾਂ ਮਨੁੱਖਾਂ ਦੇ (ਮਾਇਆ ਦੇ) ਬੰਧਨ ਕੱਟ ਦਿਤੇ ਹਨ। ਉਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਵਸਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਮਨੁੱਖ ਸਾਧ ਗੁਰੂ ਦੀ ਸੰਗਤ ਕਰਕੇ (ਮੋਹ ਮਾਇਆ ਦੇ ਬੰਧਨਾਂ ਤੋਂ) ਮੁਕਤ ਹੋ ਗਏ ਹਨ, (ਉਨ੍ਹਾਂ ਨੂੰ) ਪ੍ਰਭੂ ਨੇ ਮੇਹਰ ਦੀ ਨਜਰ ਨਾਲ ਦੇਖਿਆ ਹੈ; ਪ੍ਰਭੂ ਦੀ ਮੇਹਰ ਦੀ ਨਜਰ ਨਾਲ (ਉਹ ਮਨੁੱਖ) ਨਿਹਾਲ ਹੋ ਗਏ ਹਨ, (ਜਿਸ ਕਰਕੇ ਉਨ੍ਹਾਂ ਨੇ) ਜੀਵਨ ਮੁਕਤੀ ਪਾ ਲਈ ਹੈ।੫।੨।੧੮।

ਪਦਾਰਥ = ਮੋਹਨੀ–ਮੋਹ ਲੈਣ ਵਾਲੀ ਮਾਇਆ ਨੇ। ਮੋਹਿ ਲੀਏ–ਮੋਹ ਲਏ ਹਨ। ਤ੍ਰੈ ਗੁਨੀਆ–ਤਿੰਨ ਗੁਣਾਂ ਵਾਲੇ ਜੀਵ। ਲੋਭਿ–ਲੋਭ ਵਿਚ। ਵਿਆਪੀ–ਫਸੀ ਹੋਈ ਹੈ। ਸੰਚੀ–ਇਕੱਠੀ ਕੀਤੀ। ਅੰਤ ਕੀ ਬਾਰ–ਅੰਤ ਦੇ ਸਮੇਂ। ਸਗਲ–ਸਾਰੇ (ਜੀਵਾਂ) ਨੂੰ। ਲੇ ਛਲੀਆ–ਛਲ ਲੈਂਦੀ ਹੈ।੧। ਨਿਰਭਉ–ਡਰ ਰਹਿਤ। ਨਿਰੰਕਾਰੁ–ਅਕਾਰ ਰਹਿਤ। ਦਇਅਲੀਆ–ਦਇਆ ਦਾ ਘਰ। ਜੀਵ ਜੰਤ–ਛੋਟੇ ਵੱਡੇ ਜੀਵ ਜੰਤਾਂ ਦੀ। ਸਗਲੇ–ਸਭ ਦੀ। ਪ੍ਰਤਿਪਲੀਆ–ਪਾਲਣਾ ਕਰਦਾ ਹੈ।੧। ਰਹਾਉ। ਏਕੈ–(ਕਿਸੇ) ਇਕ ਮਨੁੱਖ ਨੇ। ਸ੍ਰਮੁ ਕਰਿ–ਮੇਹਨਤ

ਕਰ (ਮਾਇਆ ਕਮਾ) ਕੇ। ਗਾਡੀ–ਗੱਡ (ਦੱਬ) ਦਿਤੀ। ਗਡਹੈ–ਗੱਡੇ (ਟੋਏ) ਵਿਚ। ਸੁਪਨੇ–ਸੁਫਨੇ ਵਿਚ ਵੀ। ਦਾਮੁ–ਮਾਇਆ। ਰਾਜੁ ਕਮਾਇ–ਰਾਜ ਕਰਕੇ। ਕਰੀ ਥੈਲੀ–ਮਾਇਆ ਇਕੱਠੀ ਕੀਤੀ ਹੈ। ਜਿਨਿ–ਜਿਸ ਨੇ। ਤਾ ਕੈ–ਉਸ ਦੇ। ਸੰਗਿ–ਨਾਲ। ਚੰਚਲਿ–ਇਕ ਥਾਂ ਟਿਕ ਕੇ ਨਾ ਠਹਿਰਨ ਵਾਲੀ ਮਾਇਆ। ਨ ਚਲੀਆ–ਨਹੀਂ ਜਾਂਦੀ।੨। ਪਿੰਡ ਤੇ–ਸਰੀਰ ਤੋਂ। ਤਜਿ–ਛਡ ਕੇ। ਮਹਤਾਰੀ–ਮਾਂ। ਸੁਤ–ਪੁਤ੍ਰ। ਮੀਤ–ਮਿਤ੍ਰ। ਭ੍ਰਾਤ–ਭਰਾ। ਤੇ–ਤੋਂ। ਗੁਹਜੀ–ਲੁਕਾ ਕੇ ਰੱਖੀ ਹੈ। ਨਿਕਟਿ–ਨੇੜੇ। ਨ ਹੋਈ ਖਲੀਆ–ਖੜ੍ਹੀ ਨਹੀਂ ਹੋਈ।੩। ਅਉਧੂਤ–ਤਿਆਗੀ। ਲਾਇ ਤਾਰੀ–ਸਮਾਧੀ ਲਾ ਕੇ। ਜਤੀ–ਕਾਮ ਨੂੰ ਵਸ ਕਰਨ ਦਾ ਜਤਨ ਕਰਨ ਵਾਲੇ ਮਨੁੱਖ। ਬੀਚਾਰੀ–ਵਿਚਾਰ ਵਾਨ। ਗ੍ਰਿਹਿ–ਘਰ ਵਿਚ। ਮੜੀ ਮਸਾਣੀ–ਮੜ੍ਹੀਆਂ ਮਸਾਣਾਂ ਵਿਚ। ਬਨ ਮਹਿ–ਜੰਗਲ ਵਿਚ। ਊਠਿ–ਉਠ ਕੇ। ਤਿਨਾ ਕੇ–ਉਨ੍ਹਾਂ ਦੇ। ਪਲੀਆ–ਪੱਲੇ।੪। ਠਾਕੁਰਿ–ਮਾਲਕ ਪ੍ਰਭੂ ਨੇ। ਜਾ ਕੇ–ਜਿਨ੍ਹਾਂ ਦੇ। ਜੀਅ–ਹਿਰਦੇ ਵਿਚ। ਤਾ ਕੈ–ਉਨ੍ਹਾਂ ਦੇ। ਸਾਧ ਸੰਗਿ–ਗੁਰੂ ਸਾਧੂ ਦਾ ਸੰਗ ਕਰਕੇ। ਜਨ–ਮਨੁੱਖ। ਗਤਿ ਪਾਈ–ਜੀਵਨ ਮੁਕਤੀ ਪਾ ਲਈ ਹੈ। ਨਦਰਿ ਨਿਹਲੀਆ–ਮੇਹਰ ਦੀ ਨਜਰ ਨਾਲ ਦੇਖਿਆ; ਮੇਹਰ ਦੀ ਨਜਰ ਨਾਲ ਨਿਹਾਲ ਹੋ ਗਏ।੫।੨।੧੯।

ਮਾਰੂ ਮਹਲਾ ੫ ॥ ਸਿਮਰਹੁ ਏਕੁ ਨਿਰੰਜਨ ਸੋਊ ॥ ਜਾ ਤੇ, ਬਿਰਥਾ ਜਾਤ ਨ ਕੋਊ ॥ ਮਾਤ ਗਰਭ ਮਹਿ, ਜਿਨਿ ਪ੍ਰਤਿਪਾਰਿਆ ॥ ਜੀਉ ਪਿੰਡੁ ਦੇ ਸਾਜਿ ਸਵਾਰਿਆ ॥ ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ ਜਿਸ ਸਿਮਰਤ, ਅਵਗੁਣ ਸਭਿ ਢਕੀਐ ॥ ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥ ਕਰਣ ਪਲਾਹ ਮਿਟਹਿ ਬਿਲਲਾਟਾ ॥ ਜਪਿ ਗੋਵਿਦ ਭਰਮੁ ਭਉ ਫਾਟਾ ॥ ਸਾਧ ਸੰਗਿ ਵਿਰਲਾ ਕੋ ਪਾਏ ॥ ਨਾਨਕੁ ਤਾ ਕੈ ਬਲਿ ਬਲਿ ਜਾਏ ॥੧॥ ਰਾਮ ਨਾਮੁ ਮਨਿ ਤਨਿ ਆਧਾਰਾ ॥ ਜੋ ਸਿਮਰੈ ਤਿਸ ਕਾ ਨਿਸਤਾਰਾ ॥੧॥ਰਹਾਉ॥ (ਹੇ ਭਾਈ!) ਮਾਇਆ ਤੋਂ ਨਿਰਲੇਪ ਉਸ ਇਕ ਪ੍ਰਭੂ ਨੂੰ ਸਿਮਰੋ। ਜਿਸ ਦੇ ਦਰ ਤੋਂ ਕੋਈ ਵੀ (ਜੀਵ) ਖਾਲੀ ਨਹੀਂ ਜਾਂਦਾ। ਜਿਸ ਪ੍ਰਭੂ ਨੇ (ਤੈਨੂੰ) ਮਾਤਾ ਦੇ ਗਰਭ ਵਿਚ ਪਾਲਿਆ ਹੈ। (ਤੇਰਾ) ਸਰੀਰ ਪੈਦਾ ਕਰਕੇ (ਉਸ ਵਿਚ) ਜਿੰਦ ਦੇ ਕੇ (ਤੈਨੂੰ) ਸਵਾਰਿਆ ਹੈ। ਉਸ ਸਿਰਜਨਹਾਰ ਨੂੰ ਹਰੇਕ ਖਿਨ ਜਪਣਾ ਚਾਹੀਦਾ ਹੈ। ਜਿਸ ਦਾ ਸਿਮਰਨ ਕਰਨ ਨਾਲ ਸਾਰੇ ਔਗਣ ਢਕੇ ਜਾਂਦੇ ਹਨ। (ਹੇ ਭਾਈ! ਉਸ ਦੇ) ਚਰਨ ਕਮਲ ਅਪਣੇ ਹਿਰਦੇ ਵਿਚ ਧਾਰਨ ਕਰ ਲਵੋ। ਅਤੇ ਵਿਸ਼ਿਆਂ ਦੇ ਪਾਣੀ (ਸੰਸਾਰ ਸਮੁੰਦਰ) ਤੋਂ ਜਿੰਦ ਨੂੰ ਤਾਰ ਲਵੋ। (ਜਿਸ ਨੂੰ ਜਪਿਆਂ) ਰੋਣੇ ਪਿੱਟਣੇ ਤੇ ਵਿਰਲਾਪ ਆਦਿ ਦੁਖ ਮਿਟ ਜਾਂਦੇ ਹਨ। ਗੋਬਿੰਦ ਨੂੰ ਜਪ ਕੇ ਭਰਮ ਤੇ ਡਰ ਦਾ ਪੜਦਾ ਫਟ (ਦੂਰ ਹੋ) ਜਾਂਦਾ ਹੈ। ਕੋਈ ਵਿਰਲਾ ਮਨੁੱਖ ਸਾਧ ਸੰਗਤ ਵਿਚੋਂ ਨਾਮ ਸਿਮਰਨ ਪ੍ਰਾਪਤ ਕਰਦਾ ਹੈ। ਨਾਨਕ ਉਸ ਮਨੁੱਖ ਤੋਂ (ਮਨ ਤੇ ਸਰੀਰ ਕਰਕੇ) ਸਦਕੇ ਜਾਂਦਾ ਹੈ।੧। (ਹੇ ਭਾਈ!) ਪ੍ਰਭੂ ਦਾ ਨਾਮ ਹੀ ਮਨ ਵਿਚ ਤੇ ਸਰੀਰ ਵਿਚ ਆਸਰਾ ਹੈ। ਜੋ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, (ਸੰਸਾਰ ਸਮੁੰਦਰ ਤੋਂ) ਉਸ ਦਾ ਪਾਰ ਉਤਾਰਾ ਹੁੰਦਾ ਹੈ।੧। ਰਹਾਉ।

ਪਦਾਰਥ = ਏਕੁ ਨਿਰੰਜਨ–ਮਾਇਆ ਤੋਂ ਰਹਿਤ ਇਕ ਪ੍ਰਭੂ ਨੂੰ। ਸੋਊ–ਉਸ ਨੂੰ। ਜਾ ਤੇ–ਜਿਸ (ਦੇ ਦਰ) ਤੋਂ। ਬਿਰਥਾ–ਖਾਲੀ। ਜਾਤ ਨ–ਨਹੀਂ ਜਾਂਦਾ। ਕੋਊ–ਕੋਈ ਵੀ। ਮਾਤ–ਮਾਤਾ ਦੇ। ਗਰਭ ਮਹਿ–ਪੇਟ ਵਿਚ। ਜਿਨਿ–ਜਿਸ (ਪ੍ਰਭੂ) ਨੇ। ਪ੍ਰਤਿਪਾਰਿਆ–ਪਾਲਣਾ ਕੀਤੀ। ਜੀਉ–ਜਿੰਦ। ਪਿੰਡੁ–ਸਰੀਰ। ਦੇ–ਦੇ ਕੇ। ਸਾਜਿ–ਪੈਦਾ ਕਰਕੇ। ਸਵਾਰਿਆ–ਸੋਹਣਾ ਬਣਾਇਆ। ਸੋਈ ਬਿਧਾਤਾ–ਉਸ ਸਿਰਜਨਹਾਰ ਨੂੰ। ਢਕੀਐ–ਢਕੇ ਜਾਂਦੇ ਹਨ। ਉਰ ਅੰਤਰਿ–ਹਿਰਦੇ ਅੰਦਰ। ਧਾਰਹੁ–ਟਿਕਾ ਲਵੋ। ਬਿਖਿਆ ਬਨ–ਵਿਸ਼ਿਆਂ ਦਾ ਪਾਣੀ (ਸੰਸਾਰ ਸਾਗਰ)। ਤੇ–ਤੋਂ। ਉਧਾਰਹੁ–ਤਾਰ ਲਵੋ। ਕਰਣ ਪਲਾਹ–ਤਰਸ ਪੈਦਾ ਕਰਨ ਵਾਲੇ ਕੀਰਨੇ (ਰੋਣੇ ਪਿੱਟਣੇ)। ਬਿਲਲਾਟਾ–ਵਿਰਲਾਪ। ਜਪਿ–ਜਪ ਕੇ। ਫਾਟਾ–ਫਟ ਜਾਂਦਾ ਹੈ। ਕੋ–ਕੋਈ ਮਨੁੱਖ। ਪਾਏ–ਪ੍ਰਾਪਤ ਕਰਦਾ ਹੈ। ਤਾ ਕੈ–ਉਸ ਤੋਂ। ਬਲਿ ਬਲਿ ਜਾਏ–(ਮਨ ਤੇ ਤਨ ਕਰਕੇ) ਸਦਕੇ ਜਾਂਦਾ ਹੈ।੧। ਰਾਮ–ਪ੍ਰਮਾਤਮਾ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਆਧਾਰਾ–ਆਸਰਾ। ਸਿਮਰੈ–ਸਿਮਰਦਾ ਹੈ। ਤਿਸ ਕਾ–ਉਸ ਦਾ। ਨਿਸਤਾਰਾ–ਪਾਰ ਉਤਾਰਾ।੧। ਰਹਾਉ।

ਮਿਥਿਆ ਵਸਤੁ ਸਤਿ ਕਰਿ ਮਾਨੀ ॥ ਹਿਤੁ ਲਾਇਓ, ਸਠ ਮੂੜ ਅਗਿਆਨੀ ॥ ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥ ਅਪਨਾ ਛੋਡਿ ਪਰਾਇਐ ਰਾਤਾ ॥ ਮਾਇਆ ਮਦ, ਮਨ ਤਨ ਸੰਗਿ ਜਾਤਾ ॥ ਤ੍ਰਿਸਨ ਨ ਬੂਝੈ, ਕਰਤ ਕਲੋਲਾ ॥ ਊਣੀ ਆਸ, ਮਿਥਿਆ ਸਭਿ ਬੋਲਾ ॥ ਆਵਤ ਇਕੇਲਾ, ਜਾਤ ਇਕੇਲਾ ॥ ਹਮ ਤੁਮ ਸੰਗਿ, ਝੂਠੇ ਸਭਿ ਬੋਲਾ ॥ (ਹੇ ਭਾਈ!) ਤੂੰ ਨਾਸ਼ਵੰਤ ਵਸਤੂ ਸੱਤ ਕਰਕੇ ਮੰਨੀ ਹੋਈ ਹੈ। ਹੇ ਮਨ ਦੇ ਮੂਰਖ! ਹੇ ਬੋਲਾਂ ਕਰਕੇ ਮੂਰਖ! ਹੇ ਅਗਿਆਨੀ! (ਨਾਸਵੰਤ ਪਦਾਰਥਾਂ ਵਿਚ ਤੈਂ) ਪ੍ਰੇਮ ਲਾਇਆ ਹੋਇਆ ਹੈ। (ਤੂੰ) ਕਾਮ ਕ੍ਰੋਧ ਲੋਭ ਦੇ ਨਸ਼ੇ ਵਿਚ ਮਸਤ ਰਹਿੰਦਾ ਹੈਂ। ਮਾਇਆ ਬਦਲੇ (ਤੈਂ ਅਪਣਾ ਮਨੁੱਖਾ) ਜਨਮ ਨਿਸਫਲ ਗਵਾ ਲਿਆ ਹੈ। ਤੂੰ ਅਪਣਾ ਪ੍ਰਭੂ ਛਡ ਕੇ ਪਰਾਇਆਂ (ਧਨ ਤੇ ਪਦਾਰਥਾਂ) ਨਾਲ ਰਚਿਆ ਰਹਿੰਦਾ ਹੈਂ। ਮਾਇਆ ਦਾ ਨਸ਼ਾ

ਮਨ ਤੇ ਸਰੀਰ ਦੇ ਨਾਲ ਹੀ ਜਾਂਦਾ ਹੈ; ਮਾਇਆ ਦੇ ਹੰਕਾਰ ਕਰਕੇ ਤੂੰ ਸਮਝਦਾ ਹੈਂ ਕਿ ਮਨ ਤੇ ਸਰੀਰ ਜੀਵ ਦੇ ਨਾਲ ਜਾਂਦਾ ਹੈ। ਕਲੋਲਾਂ ਕਰਦਿਆਂ (ਤੇਰੀ) ਤ੍ਰਿਸ਼ਨਾ ਨਹੀਂ ਬੁਝੀ। (ਤੇਰੀ) ਆਸ ਊਣੀ ਰਹਿੰਦੀ ਹੈ ਅਤੇ (ਤੇਰੇ) ਸਾਰੇ ਬੋਲ ਝੂਠੇ ਹਨ। (ਯਾਦ ਰੱਖ, ਜੀਵ ਸੰਸਾਰ ਵਿਚ) ਇਕੱਲਾ ਆਉਂਦਾ ਹੈ ਤੇ (ਇਥੋਂ) ਇਕੱਲਾ ਹੀ ਜਾਂਦਾ ਹੈ। ਅਸੀਂ ਤੇਰੇ ਨਾਲ ਹਾਂ, ਤੂੰ ਝੂਠੇ ਬਚਨ ਬੋਲਦਾ ਹੈਂ।

ਅੰਗ ੧੦੦੫ = ਪਾਇ ਠਗਉਰੀ, ਆਪਿ ਭੁਲਾਇਓ ॥ ਨਾਨਕ ਕਿਰਤੁ ਨ ਜਾਇ ਮਿਟਾਇਓ ॥੨॥ (ਹੇ ਭਾਈ! ਪ੍ਰਮੇਸਰ ਨੇ) ਮਾਇਆ ਦੀ ਠਗ ਬੂਟੀ ਪਾ ਕੇ (ਤੈਨੂੰ) ਆਪ ਹੀ ਭੁਲਾਇਆ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਤੇਰੇ ਮੱਥੇ ਉਤੇ ਪਿਛਲੇ ਜਨਮਾਂ ਦਾ ਲਿਖਿਆ) ਕਿਰਤ ਰੂਪ ਲੇਖ ਕਿਸੇ ਪਾਸੋਂ ਮਿਟਾਇਆ ਨਹੀਂ ਜਾ ਸਕਦਾ।੨।

ਪਦਾਰਥ = ਮਿਥਿਆ–ਨਾਸ਼ਵੰਤ। ਵਸਤੁ–ਚੀਜ; ਪਦਾਰਥ। ਸਤਿ–ਸਦਾ ਸਥਿਰ ਰਹਿਣ ਵਾਲੀ। ਮਾਨੀ–ਮੰਨੀ ਹੋਈ ਹੈ। ਹਿਤੁ ਲਾਇਓ –ਪ੍ਰੇਮ ਲਾਇਆ ਹੈ। ਸਠ ਮੂੜ–ਹੇ ਮਨ ਦੇ ਮੂਰਖ! ਹੇ ਬੋਲਾਂ ਕਰਕੇ ਮੂਰਖ!। ਅਗਿਆਨੀ–ਹੇ ਬੇ ਸਮਝ!। ਮਦ ਮਾਤਾ–ਨਸ਼ੇ ਵਿਚ ਮਸਤ। ਕਉਡੀ ਬਦਲੈ–ਮਾਇਆ ਦੇ ਵੱਟੇ। ਗਵਾਤਾ–ਗਵਾ ਲਿਆ। ਪਰਾਇਐ–ਪਰਾਇਆਂ (ਦੂਜਿਆਂ) ਨਾਲ। ਰਾਤਾ–ਰੱਤਾ (ਰਚਿਆ) ਹੋਇਆ। ਤਨ–ਸਰੀਰ। ਸੰਗਿ–ਸੰਗੀ; ਨਾਲ। ਜਾਤਾ–ਜਾਣਿਆ ਹੈ। ਕਰਤ ਕਲੋਲਾ–ਮੌਜ ਮਸਤੀ ਕਰਦਿਆਂ। ਊਣੀ–ਘਟ; ਖਾਲੀ। ਹਮ ਤੁਮ ਸੰਗਿ–ਅਸੀਂ ਤੇਰੇ ਨਾਲ ਹਾਂ। ਪਾਇ–ਪਾ ਕੇ। ਠਗਉਰੀ–ਠਗ ਬੂਟੀ (ਡਾਕੂ ਲੋਕ ਰਾਹੀਆਂ ਨੂੰ ਖੁਆ ਕੇ ਉਨ੍ਹਾਂ ਲੁੱਟ ਲੈਂਦੇ ਹਨ ਭਾਵ ਮਾਇਆ ਦਾ ਭਰਮ)। ਕਿਰਤੁ–ਕੀਤੇ ਕਰਮਾਂ ਤੋਂ ਸੰਸਕਾਰ ਪੱਕ ਕੇ ਬਣਿਆ ਸੁਭਾਵ।੨।

ਪਸੁ ਪੰਖੀ ਭੂਤ ਅਰੁ ਪ੍ਰੇਤਾ ॥ ਬਹੁ ਬਿਧਿ ਜੋਨੀ ਫਿਰਤ ਅਨੇਤਾ ॥ ਜਹ ਜਾਨੋ ਤਹ ਰਹਨੁ ਨ ਪਾਵੈ ॥ ਥਾਨ ਬਿਹੂਨ, ਉਠਿ ਉਠਿ ਫਿਰਿ ਧਾਵੈ ॥ ਮਨਿ ਤਨਿ ਬਾਸਨਾ, ਬਹੁਤੁ ਬਿਸਥਾਰਾ ॥ ਅਹੰਮੇਵ ਮੂਠੋ ਬੇਚਾਰਾ ॥ ਅਨਿਕ ਦੋਖ ਅਰੁ ਬਹੁਤੁ ਸਜਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਪ੍ਰਭ ਬਿਸਰਤ ਨਰਕ ਮਹਿ ਪਾਇਆ ॥ ਤਹ ਮਾਤ ਨ ਬੰਧੁ ,ਨ ਮੀਤ ਨ ਜਾਇਆ ॥ ਜਿਸ ਕਉ ਹੋਤ ਕ੍ਰਿਪਾਲ ਸੁਆਮੀ ॥ ਸੋ ਜਨੁ ਨਾਨਕ ਪਾਰਗਰਾਮੀ ॥੩॥ (ਹੇ ਭਾਈ) ਅੰਨ੍ਹਾ (ਅਗਿਆਨੀ ਜੀਵ) ਪਸ਼ੂ ,ਪੰਛੀ, ਭੂਤ ਅਤੇ ਪ੍ਰੇਤ ਆਦਿ ਬਹੁਤ ਤਰ੍ਹਾਂ ਦੀਆਂ ਜੋਨੀਆਂ ਵਿਚ ਭਟਕਦਾ ਫਿਰਦਾ ਹੈ। ਜਿਥੇ (ਇਸ ਨੇ ਅਸਲ ਟਿਕਾਣੇ ਤੇ) ਜਾਣਾ ਹੈ, ਉਥੇ ਟਿਕਾਣਾ ਨਹੀਂ ਮਿਲਦਾ। ਥਾਂ ਤੋਂ ਬਿਨਾ (ਨਿਥਾਵਾਂ ਹੋ ਕੇ) ਮੁੜ ਮੁੜ ਉਠ ਉਠ ਕੇ (ਬੇਅੰਤ ਜੋਨੀਆਂ ਵਿਚ) ਭਟਕਦਾ ਹੈ। (ਇਸ ਦੇ) ਮਨ ਵਿਚ, ਸਰੀਰ ਵਿਚ (ਪਦਾਰਥਾਂ ਦੀ) ਵਾਸ਼ਨਾ ਦਾ ਬਹੁਤ ਵਿਸਥਾਰ ਰਹਿੰਦਾ ਹੈ। ਇਹ ਵਿਚਾਰਾ ਜੀਵ ਹਉਮੈ ਤੋਂ ਠੱਗਿਆ ਗਿਆ ਹੈ। (ਇਸ ਦੇ ਅੰਦਰ) ਅਨੇਕਾਂ ਦੋਸ਼ ਪੈਦਾ ਹੋ ਜਾਂਦੇ ਹਨ, (ਉਨ੍ਹਾਂ ਦੋਸ਼ਾਂ ਦੇ ਕਾਰਣ ਜੀਵ) ਬਹੁਤ ਸਜਾ ਭੋਗਦਾ ਹੈ। (ਕਿਹੋ ਜਿਹੀ ਸਜਾ ਮਿਲਦੀ ਹੈ) ਉਸ ਦੀ ਗਿਣਤੀ ਕਹੀ ਨਹੀਂ ਜਾ ਸਕਦੀ। ਪ੍ਰਭੂ ਨੂੰ ਭੁੱਲ ਜਾਣ ਕਰਕੇ (ਜੀਵ ਨੂੰ) ਨਰਕ ਵਿਚ ਪਾਇਆ ਜਾਂਦਾ ਹੈ। ਉਥੇ ਨਾ ਮਾਤਾ, ਨਾ ਕੋਈ ਸਬੰਧੀ, ਨਾ ਮਿਤ੍ਰ ਅਤੇ ਨਾ ਹੀ ਇਸਤ੍ਰੀ ਆਦਿ ਕੋਈ ਸਹਾਈ ਹੁੰਦਾ ਹੈ। (ਪਰ) ਜਿਸ ਮਨੁੱਖ ਉਤੇ ਪ੍ਰਭੂ ਮੇਹਰਵਾਨ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸੰਸਾਰ ਤੋਂ ਪਾਰਲੇ ਪਿੰਡ (ਸਚਖੰਡ) ਦਾ ਵਾਸੀ ਹੋ ਜਾਂਦਾ ਹੈ।੩।

ਪਦਾਰਥ = ਪਸੁ–ਪਸ਼ੂ। ਅਰੁ–ਅਤੇ। ਬਹੁ ਬਿਧਿ ਜੋਨੀ–ਬਹੁਤ ਤਰ੍ਹਾਂ ਦੀਆਂ ਜੂਨਾਂ ਵਿਚ। ਅਨੇਤਾ–ਅਨੀਤ (ਨੀਤੀ ਵਿਰੁੱਧ); ਝੂਠਾ; ਅਨੇਤ੍ਰਾਂ (ਅੰਨ੍ਹਾ)। ਜਹ–ਜਿਥੇ (ਅਸਲ ਟਿਕਾਣੇ ਤੇ)। ਜਾਨੋ–ਜਾਣਾ ਹੈ। ਤਹ–ਉਥੇ। ਰਹਨੁ–ਟਿਕਾਣਾ। ਨ ਪਾਵੈ–ਨਹੀਂ ਪਾਉਂਦਾ। ਥਾਨ ਬਿਹੂਨ–ਥਾਂ ਤੋਂ ਬਿਨਾ (ਨਿਥਾਵਾਂ ਹੋ ਕੇ)। ਉਠਿ–ਉਠ ਕੇ। ਫਿਰਿ–ਮੁੜ ਮੁੜ। ਧਾਵੈ–(ਜੂਨਾਂ ਵਿਚ) ਭਟਕਦਾ ਹੈ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਬਾਸਨਾ–ਵਾਸ਼ਨਾ। ਬਿਸਥਾਰਾ–ਵਿਸਥਾਰ (ਖਿਲਾਰਾ)। ਅਹੰਮੇਵ–ਹਉਮੈ। ਮੂਠੋ–ਠੱਗਿਆ ਗਿਆ ਹੈ (ਦੈਵੀ ਗੁਣ ਲੁੱਟੇ ਗਏ)। ਅਨਿਕ ਦੋਖ–ਅਨੇਕਾਂ ਦੋਸ਼ (ਵਿਕਾਰ)। ਸਜਾਈ–ਸਜਾ। ਤਾ ਕੀ–ਉਸ ਦੀ ਕੀਮਤਿ–ਮੁੱਲ; ਗਿਣਤੀ (ਸੰ.ਸ.; ਫ.ਸ.); ਅੰਦਾਜਾ (ਮ.ਕੋ.)। ਬਿਸਰਤ–ਭੁੱਲ ਜਾਣ ਕਰਕੇ। ਮਹਿ–ਵਿਚ। ਮਾਤ–ਮਾਤ। ਬੰਧੁ–ਸਬੰਧੀ। ਮੀਤ–ਮਿਤ੍ਰ। ਜਾਇਆ–ਇਸਤ੍ਰੀ। ਜਿਸ ਕਉ–ਜਿਸ ਉਤੇ। ਹੋਤ–ਹੁੰਦਾ ਹੈ। ਸੁਆਮੀ–ਪ੍ਰਭੂ। ਸੋ ਜਨੁ–ਉਹ ਮਨੁੱਖ। ਪਾਰ ਗਰਾਮੀ–ਸੰਸਾਰ ਤੋਂ ਪਾਰਲੇ ਗਰਾਂ (ਸਚਖੰਡ) ਦਾ ਵਾਸੀ; ਪੂਰਨ ਪੁਰਖ ਜੋ ਸੰਸਾਰਾਕਾਰ ਬ੍ਰਿਤੀਆਂ ਤੋਂ ਪਾਰ ਹੋ ਗਿਆ ਹੈ (ਦੋਵੇਂ ਅਰਥ ਗੁਰੂ ਗ੍ਰੰਥ ਕੋਸ਼ ਦੇ ਹਨ)।੩।

ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ ॥ ਦੀਨਾ ਨਾਥ ਜਗਤ ਪਿਤ ਮਾਇਆ ॥ ਪ੍ਰਭ ਦਇਆਲ ਦੁਖ ਦਰਦ ਬਿਦਾਰਣ ॥ ਜਿਸੁ ਭਾਵੈ, ਤਿਸ ਹੀ ਨਿਸਤਾਰਣ ॥ ਅੰਧ ਕੂਪ ਤੇ ਕਾਢਨਹਾਰਾ ॥ ਪ੍ਰੇਮ ਭਗਤਿ ਹੋਵਤ ਨਿਸਤਾਰਾ ॥ ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥ ਜਪ ਤਪ ਸੰਜਮ, ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥ ਨਾਮੁ ਦੇਹਿ ਮਾਗੈ

ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥ (ਹੇ ਭਾਈ ! ਜਿਹੜਾ ਮਨੁੱਖ) ਭਟਕਦਾ ਫਿਰਦਾ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜੋ ਗਰੀਬਾਂ ਦਾ ਮਾਲਕ ਤੇ ਜਗਤ ਦਾ ਪਿਤਾ ਮਾਤਾ ਹੈ। ਦਇਆ ਦਾ ਘਰ ਪ੍ਰਭੂ (ਉਸ ਦੇ) ਦੁਖ ਦਰਦ ਨਾਸ਼ ਕਰ ਦੇਣ ਵਾਲਾ ਹੈ। ਜਿਸ ਮਨੁੱਖ ਦਾ ਕਰਮ (ਪ੍ਰਭੂ ਨੂੰ) ਚੰਗਾ ਲਗਦਾ ਹੈ, ਉਸ ਨੂੰ (ਸੰਸਾਰ ਸਮੁੰਦਰ ਤੋਂ) ਤਰਨ ਦੇਂਦਾ ਹੈ। (ਉਹ ਜੀਵ ਨੂੰ ਸੰਸਾਰ ਰੂਪ) ਅੰਨ੍ਹੇ ਖੂਹ ਤੋਂ ਕੱਢਣ ਵਾਲਾ ਹੈ। ਪ੍ਰੇਮਾ ਭਗਤੀ ਨਾਲ (ਮਨੁੱਖ ਦਾ) ਨਿਸਤਾਰਾ ਹੁੰਦਾ ਹੈ। (ਪ੍ਰਭੂ ਨੇ) ਗੁਰੂ (ਨਾਨਕ) ਸਾਧੂ ਦੇ ਰੂਪ ਵਿਚ ਅਪਨਾ ਸਰੀਰ ਧਾਰਿਆ ਹੈ। ਅਤੇ (ਉਸ ਨੇ ਅਪਨੇ ਦਾਸਾਂ ਨੂੰ) ਆਪ ਹੀ ਤ੍ਰਿਸ਼ਨ (ਜਾਂ ਮਾਇਆ) ਦੀ ਅੱਗ ਤੋਂ ਬਚਾਇਆ ਹੈ {ਮਹਾ ਅਗਨਿ ਤੇ ਹਾਥੁ ਦੇ ਰਾਖਾ ੨੩੯}। ਜਪ ਤਪ ਤੇ ਸੰਜਮ ਆਦਿ ਸਾਧਨ ਇਸ ਜੀਵ ਤੋਂ ਕੁਛ ਵੀ ਨਹੀਂ ਹੋ ਸਕਦਾ। ਮਨ ਤੇ ਸਰੀਰ ਦੀ ਪਹੁੰਚ ਤੋਂ ਪਰੇ ਅਥਾਹ ਪ੍ਰਭੂ ਸ੍ਰਿਸਟੀ ਦੇ ਅਰੰਭ ਤੋਂ ਅੰਤ ਤਕ ਸਦਾ ਕਾਇਮ ਰਹਿਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਹਰੀ ਪ੍ਰਭੂ ! (ਕ੍ਰਿਪਾ ਕਰਕੇ ਮੈਨੂੰ ਅਪਣਾ) ਨਾਮ ਦੇਹ, ਤੇਰਾ ਦਾਸ (ਤੇਰੇ ਪਾਸੋਂ ਇਹ ਦਾਤ) ਮੰਗਦਾ ਹੈ। ਇਹੋ ਹੀ ਮੇਰਾ ਜੀਵਨ ਪਦ ਹੈ; ਨਿਰਬਾਣ ਪਦ ਹੈ।੪।੩।੧੯।

ਪਦਾਰਥ = ਭ੍ਰਮਤ ਭ੍ਰਮਤ-ਭਟਕਦਾ ਫਿਰਦਾ। ਦੀਨਾ ਨਾਥ-ਗਰੀਬਾਂ ਦਾ ਮਲਕ। ਪਿਤ ਮਾਇਆ-ਪਿਤਾ ਤੇ ਮਾਤਾ। ਬਿਦਾਰਣ-ਨਾਸ਼ ਕਰਨ ਵਾਲਾ। ਭਾਵੈ-ਚੰਗਾ ਲਗਦਾ ਹੈ। ਤਿਸ ਹੀ-ਉਸੇ ਨੂੰ ਹੀ। ਨਿਸਤਾਰਣ-ਤਾਰਨ ਵਾਲਾ ਹੈ। ਅੰਧ ਕੂਪ ਤੇ-ਸੰਸਾਰ ਰੂਪ ਅੰਨ੍ਹੇ ਖੂਹ ਤੋਂ। ਹੋਵਤ ਨਿਸਤਾਰਾ-ਪਾਰ ਉਤਾਰਾ ਹੁੰਦਾ ਹੈ। ਤਨੁ-ਸਰੀਰ। ਮਹਾ ਅਗਨਿ-ਮਾਇਆ ਦੀ ਅੱਗ; ਤ੍ਰਿਸ਼ਨਾਂ ਦੀ ਅੱਗ। ਉਬਾਰਿਆ-ਬਚਾਇਆ। ਤਪ-ਤਪੱਸਿਆ। ਸੰਜਮ-ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਰੋਕਣ ਦਾ ਜਤਨ। ਇਸ ਤੇ-ਇਸ (ਜੀਵ) ਤੋਂ। ਆਦਿ ਅੰਤਿ-ਸ੍ਰਿਸਟੀ ਦੇ ਅਰੰਭ ਤੋਂ ਅੰਤ ਤਕ। ਅਗਮ-ਮਨ ਤੇ ਸਰੀਰ ਦੀ ਪਹੁੰਚ ਤੋਂ ਪਰੇ। ਅਗਾਹੀ-ਅਥਾਹ (ਮਨ ਤੇ ਇੰਦ੍ਰੀਆਂ ਦੀ ਪਕੜ ਤੋਂ ਪਰੇ)। ਮਾਗੈ-ਮੰਗਦਾ ਹੈ। ਜੀਵਨ ਪਦੁ-ਜੀਵਨ ਪ੍ਰਦ (ਜੀਵਨ ਦੇਣ ਵਾਲਾ); ਜੀਵਨ ਦੀ ਮੌਤ ਰਹਿਤ ਪਦਵੀ।੪।੩।੧੯।

ਮਾਰੂ ਮਹਲਾ ੫ ॥ ਕਤ ਕਉ ਡਹਕਾਵਹੁ ਲੋਗਾ, ਮੋਹਨ ਦੀਨ ਕਿਰਪਾਈ ॥੧॥ ਐਸੀ ਜਾਨਿ ਪਾਈ ॥ ਸਰਣਿ ਸੂਰੋ ਗੁਰ ਦਾਤਾ, ਰਾਖੈ ਆਪਿ ਵਡਾਈ ॥੧॥ਰਹਾਉ॥ ਭਗਤਾ ਕਾ ਆਗਿਆਕਾਰੀ, ਸਦਾ ਸਦਾ ਸੁਖਦਾਈ ॥੨॥ ਅਪਨੇ ਕਉ ਕਿਰਪਾ ਕਰੀਅਹੁ , ਇਕੁ ਨਾਮੁ ਧਿਆਈ ॥੩॥ ਨਾਨਕੁ ਦੀਨੁ ਨਾਮੁ ਮਾਗੈ, ਦੁਤੀਆ ਭਰਮੁ ਚੁਕਾਈ ॥੪॥੪॥੨੦॥ ਹੇ ਲੋਕੋ ! (ਤੁਸੀਂ ਪਖੰਡ ਰਾਹੀਂ ਦੂਜਿਆਂ ਦੇ ਮਨ ਨੂੰ) ਕਿਸ ਵਾਸਤੇ ਭਟਕਾਉਂਦੇ ਹੋ ? ਪ੍ਰਭੂ (ਮੇਰੇ ਵਰਗੇ) ਨਿਮਾਣੇ ਮਨੁੱਖਾਂ ਉਤੇ ਕ੍ਰਿਪਾ ਕਰਦਾ ਹੈ (ਤੰਤ੍ਰ ਮੰਤ੍ਰ ਜਾਂ ਧਾਗੇ ਤਵੀਤ ਦੀ ਲੋੜ ਨਹੀਂ)।੧। ਮੈਂ ਐਸੀ ਗੱਲ ਜਾਣ ਲਈ ਹੈ। ਕਿ ਗੁਰੂ ਦਾਤਾ ਸ਼ਰਣ ਵਿਚ ਆਏ ਮਨੁੱਖਾਂ ਦੀ ਰੱਖਿਆ ਕਰਨ ਵਾਸਤੇ ਸੂਰਵੀਰ ਹੈ, ਉਹ ਆਪ ਵਡਿਆਈ ਦੇ ਕੇ (ਅਪਨੇ ਸੇਵਕਾਂ ਦੀ) ਰੱਖਿਆ ਕਰਦਾ ਹੈ।੧। ਰਹਾਉ। (ਹੇ ਲੋਕੋ !) ਪ੍ਰਭੂ ਭਗਤਾਂ ਦੀ ਗੱਲ ਮੰਨ ਲੈਣ ਵਾਲਾ ਹੈ ਅਤੇ (ਭਗਤਾਂ ਨੂੰ) ਸਦਾ ਸਦਾ ਸੁਖ ਦੇਣ ਵਾਲਾ ਹੈ।੨। (ਹੇ ਪ੍ਰਭੂ !) ਅਪਨੇ ਸੇਵਕ ਉਤੇ ਕ੍ਰਿਪਾ ਕਰਨੀ, (ਤਾਂ ਕਿ ਮੈਂ ਤੇਰਾ) ਇਕ ਨਾਮ ਹੀ ਸਿਮਰਦਾ ਰਹਾਂ (ਜੋ ਤੰਤ੍ਰ ਮੰਤ ਤੇ ਧਾਗੇ ਤਵੀਤਾਂ ਤੋਂ ਸ਼੍ਰੋਮਣੀ ਹੈ)।੩। ਨਿਮਾਣਾ ਨਾਨਕ (ਤੇਰੇ ਪਾਸੋਂ) ਨਾਮ ਮੰਗਦਾ ਹੈ, (ਤੇਰਾ ਨਾਮ) ਦੂਜਾਪਣ ਅਤੇ ਭਰਮ ਦੂਰ ਕਰਨ ਵਾਲਾ ਹੈ।੪।੪।੨੦।

ਪਦਾਰਥ = ਕਤ ਕਉ-ਕਿਸ ਵਾਸਤੇ। ਡਹਕਾਵਹੁ-ਭਰਮਾਉਂਦੇ ਹੋ; ਧੋਖੇ ਵਿਚ ਫਸਾਉਂਦੇ ਹੋ। ਲੋਗਾ-ਹੇ ਲੋਕੋ !। ਮੋਹਨ-ਸਭ ਨੂੰ ਮੋਹ ਲੈਣ ਵਾਲਾ ਪ੍ਰਭੂ। ਦੀਨ-ਨਿਮਾਣੇ ਮਨੁੱਖਾਂ ਉਤੇ। ਕਿਰਪਾਈ-ਕ੍ਰਿਪਾ ਕਰਦਾ ਹੈ।੧। ਜਾਨਿ ਪਾਈ-ਜਾਣ ਲਈ ਹੈ। ਸੂਰੋ-ਸੂਰਵੀਰ। ਵਡਾਈ-ਵਡਿਆਈ ਦੇ ਕੇ।੧। ਰਹਾਉ। ਆਗਿਆਕਾਰੀ-ਗੱਲ ਮੰਨ ਲੈਣ ਵਾਲਾ। ਸੁਖਦਾਈ-ਸੁਖ ਦੇਣ ਵਾਲਾ।੨। ਅਪਨੇ ਕਉ-ਅਪਣੇ ਦਾਸ ਉਤੇ। ਧਿਆਈ-ਸਿਮਰਦਾ ਰਹਾਂ।੩। ਦੁਤੀਆ-ਦੂਜਾਪਣ। ਚੁਕਾਈ-ਦੂਰ ਕਰਨ ਵਾਲਾ।੪।੪।੨੦।

ਮਾਰੂ ਮਹਲਾ ੫ ॥ ਮੇਰਾ ਠਾਕੁਰੁ ਅਤਿ ਭਾਰਾ ॥ ਮੋਹਿ ਸੇਵਕੁ ਬੇਚਾਰਾ ॥੧॥ ਮੋਹਨੁ ਲਾਲੁ ਮੇਰਾ, ਪ੍ਰੀਤਮ ਮਨ ਪ੍ਰਾਨਾ ॥ ਮੋ ਕਉ ਦੇਹੁ ਦਾਨਾ ॥੧॥ਰਹਾਉ॥ ਸਗਲੇ ਮੈ ਦੇਖੇ ਜੋਈ ॥ ਬੀਜਉ ਅਵਰੁ ਨ ਕੋਈ ॥੨॥ ਜੀਅਨ ਪ੍ਰਤਿਪਾਲਿ ਸਮਾਹੈ ॥ ਹੈ ਹੋਸੀ ਆਹੇ ॥੩॥ ਦਇਆ ਮੋਹਿ ਕੀਜੈ ਦੇਵਾ ॥ ਨਾਨਕ ਲਾਗੋ ਸੇਵਾ ॥੪॥੫॥੨੧॥ (ਹੇ ਭਾਈ !) ਮੇਰਾ ਮਾਲਕ ਪ੍ਰਭੂ ਬਹੁਤ ਵੱਡਾ ਹੈ। (ਉਸ ਦਾ) ਮੈਂ ਨਿਮਾਣਾ ਸੇਵਕ ਹਾਂ।੧। ਹੇ ਮੇਰੇ ਮਨ ਤੇ ਪ੍ਰਾਣਾਂ ਦੇ ਪਿਆਰੇ ਪ੍ਰਭੂ ! ਤੂੰ ਮਨ ਨੂੰ ਮੋਹ ਲੈਣ ਵਾਲਾ ਮੇਰਾ ਸੁੰਦਰ ਪ੍ਰਭੂ ਹੈਂ। ਮੈਨੂੰ (ਅਪਣਾ) ਨਾਮ ਦਾਨ ਬਖਸ਼ ਦੇਹ।੧। ਰਹਾਉ। (ਹੇ ਭਾਈ !) ਮੈ ਸਾਰੇ (ਸਾਕ ਸਬੰਧੀ) ਪਰਖ ਕੇ ਦੇਖ ਲਏ ਹਨ। (ਉਸ ਵਰਗਾ) ਹੋਰ ਕੋਈ ਦੂਜਾ (ਸਹਾਇਕ; ਪਾਲਣਾ ਕਰਨ ਵਾਲਾ) ਨਹੀਂ ਹੈ।੨। (ਪ੍ਰਭੂ ਸਾਰੇ) ਜੀਵਾਂ ਦੀ ਪਾਲਣਾ ਕਰਦਾ ਹੈ ਅਤੇ (ਸਭ ਨੂੰ) ਰਿਜਕ ਪਹੁੰਚਾਉਂਦਾ ਹੈ {ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ੧੨੩੫}। (ਉਹ) ਹੁਣ ਵਰਤਮਾਨ ਸਮੇਂ ਵਿਚ ਵੀ

ਹੈ, ਅੱਗੇ ਨੂੰ ਵੀ ਹੋਵੇਗਾ ਅਤੇ ਪਿੱਛਲੇ ਸਮੇਂ ਵਿਚ ਵੀ ਸੀ (ਸਦਾ ਕਾਇਮ ਰਹਿਣ ਵਾਲਾ ਹੈ)।੩।(ਬੇਨਤੀ ਹੈ ਕਿ) ਹੇ ਦੇਵ ਸਰੂਪ ਪ੍ਰਭੂ! ਮੇਰੇ ਉਤੇ ਦਇਆ ਕਰ, ਤਾਂ ਕਿ ਨਾਨਕ (ਤੇਰੀ) ਸੇਵਾ ਭਗਤੀ ਵਿਚ ਲੱਗਾ ਰਹੇ।੪।੫।੨੧।

ਪਦਾਰਥ = ਠਾਕੁਰੁ–ਮਾਲਕ ਪ੍ਰਭੂ।ਅਤਿ ਭਾਰਾ–ਬਹੁਤ ਵੱਡਾ।ਮੋਹਿ–ਮੈਂ।ਬੇਚਾਰਾ–ਨਿਮਾਣਾ; ਗਰੀਬ।੧।ਮੋਹਨੁ–ਮਨ ਨੂੰ ਮੋਹ ਲੈਣ ਵਾਲਾ।ਲਾਲੁ–ਸੁੰਦਰ।ਪ੍ਰੀਤਮ–ਹੇ ਪਿਆਰੇ!।ਮੋ ਕਉ–ਮੈਨੂੰ।ਦੇਹੁ–ਬਖਸ਼ ਦੇਹ।ਦਾਨਾ–ਦਾਨ।੧।ਰਹਾਉ।ਸਗਲੇ–ਸਾਰੇ।ਜੋਈ–ਪਰਖ ਕੇ; ਖੋਜ ਕੇ।ਬੀਜਉ ਅਵਰੁ–ਦੂਜਾ ਹੋਰ।੨।ਜੀਅਨ–ਜੀਵਾਂ ਦੀ।ਪ੍ਰਤਿਪਾਲਿ–ਪਾਲਣਾ ਕਰਦਾ ਹੈ।ਸਮਾਹੈ–ਰਿਜਕ ਪੁਚਾਉਂਦਾ ਹੈ।ਹੈ–ਹੁਣ ਵੀ ਹੈ।ਹੋਸੀ–ਅੱਗੇ ਨੂੰ ਵੀ ਹੋਵੇਗਾ।ਆਹੇ–ਪਿਛਲੇ ਸਮੇਂ ਵਿਚ ਵੀ ਮੌਜੂਦ ਸੀ।੩।ਮੋਹਿ–ਮੇਰੇ ਉਤੇ।ਕੀਜੈ–ਕਰ।ਦੇਵਾ–ਪ੍ਰਕਾਸ਼ ਸਰੂਪ ਪ੍ਰਮਾਤਮਾ।ਲਾਗੋ–ਲੱਗਾ ਰਹੇ।ਸੇਵਾ–ਸੇਵਾ ਭਗਤੀ ਵਿਚ।੪।੫।੨੧।

ਮਾਰੂ ਮਹਲਾ ੫ ॥ ਪਤਿਤ ਉਧਾਰਨ ਤਾਰਨ, ਬਲਿ ਬਲਿ ਬਲੇ ਬਲਿ ਜਾਈਐ ॥ ਐਸਾ ਕੋਈ ਭੇਟੈ ਸੰਤੁ ,ਜਿਤੁ ਹਰਿ ਹਰੇ ਹਰਿ ਧਿਆਈਐ ॥੧॥ ਮੋ ਕਉ ਕੋਇ ਨ ਜਾਨਤ, ਕਹੀਅਤਿ ਦਾਸੁ ਤੁਮਾਰਾ ॥ ਏਹਾ ਓਟ ਆਧਾਰਾ ॥੧॥ਰਹਾਉ॥ ਸਰਬ ਧਾਰਨ ਪ੍ਰਤਿਪਾਰਨ, ਇਕ ਬਿਨਉ ਦੀਨਾ ॥ ਤੁਮਰੀ ਬਿਧਿ ਤੁਮ ਹੀ ਜਾਨਹੁ ,ਤੁਮ ਜਲ ਹਮ ਮੀਨਾ ॥੨॥ ਪੂਰਨ ਬਿਸਥੀਰਨ ਸੁਆਮੀ, ਆਹਿ ਆਇਓ ਪਾਛੈ ॥ (ਹੇ ਭਾਈ!) ਧਰਮ ਕਰਮ ਤੋਂ ਡਿੱਗੇ ਮਨੁੱਖਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰਨ ਵਾਲੇ ਅਤੇ ਪਾਰ ਕਰਨ ਵਾਲੇ ਪ੍ਰਭੂ ਤੋਂ ਮਨ, ਤਨ, ਬਾਣੀ ਅਤੇ ਕਰਮ ਕਰਕੇ ਕੁਰਬਾਨ ਜਾਈਏ।(ਅਰਦਾਸ ਹੈ ਕਿ ਮੈਨੂੰ) ਕੋਈ ਅਜੇਹਾ ਸੰਤ ਮਿਲ ਜਾਵੇ, ਜਿਸ ਦੇ ਰਾਹੀਂ ਹਰੀ ਦਾ ਹਰਿ ਹਰਿ ਨਾਮ ਸਿਮਰਦੇ ਰਹੀਏ।੧।ਹੇ ਪ੍ਰਭੂ! (ਸੰਸਾਰ ਵਿਚ) ਮੈਨੂੰ ਕੋਈ ਨਹੀਂ ਜਾਣਦਾ, (ਪਰ) ਮੈਨੂੰ ਤੇਰਾ ਦਾਸ ਕਿਹਾ ਜਾਂਦਾ ਹੈ।(ਇਹੋ ਹੀ) ਮੇਰੇ ਮਨ ਦਾ ਆਸਰਾ ਤੇ ਸਰੀਰ ਦੀ ਓਟ ਹੈ।੧।ਰਹਾਉ।ਹੇ ਸਾਰੇ ਜੀਵਾਂ ਨੂੰ ਆਸਰਾ ਦੇਣ ਵਾਲੇ ਅਤੇ (ਸਾਰੇ ਜੀਵਾਂ ਦੀ) ਪਾਲਣਾ ਕਰਨ ਵਾਲੇ ਪ੍ਰਭੂ! ਮੈਂ ਤੇਰਾ ਨਿਮਾਣਾ ਦਾਸ ਇਕ ਬੇਨਤੀ ਕਰਦਾ ਹਾਂ।ਕਿ ਤੇਰੀ (ਆਸਰਾ ਦੇਣ ਅਤੇ ਪਾਲਣਾ ਕਰਨ ਦੀ) ਵਿਧੀ ਤੂੰ ਹੀ ਜਾਣਦਾ ਹੈਂ, ਤੂੰ ਪਾਣੀ ਰੂਪ ਹੈਂ ਅਤੇ ਅਸੀਂ (ਸੰਸਾਰੀ ਜੀਵ ਉਸ ਪਾਣੀ ਵਿਚ ਰਹਿਣ ਵਾਲੀਆਂ) ਮੱਛੀਆਂ ਹਾਂ।੨।ਹੇ ਸਰਬ ਵਿਆਪਕ ਪ੍ਰਭੂ! ਹੇ ਜਗਤ ਪਸਾਰੇ ਦੇ ਮਾਲਕ! ਮੈਂ ਚਾਹ ਨਾਲ ਤੇਰੀ ਸ਼ਰਨ ਆਇਆ ਹਾਂ।

ਅੰਗ ੧੦੦੬ = ਸਗਲੋ ਭੂ ਮੰਡਲ ਖੰਡਲ, ਪ੍ਰਭ ਤੁਮ ਹੀ ਆਛੈ ॥੩॥ ਅਟਲ ਅਖਇਓ ਦੇਵਾ, ਮੋਹਨ ਅਲਖ ਅਪਾਰਾ ॥ ਦਾਨੁ ਪਾਵਉ ਸੰਤਾ ਸੰਗੁ ,ਨਾਨਕ ਰੇਨੁ ਦਾਸਾਰਾ ॥੪॥੬॥੨੨॥ ਹੇ ਪ੍ਰਭੂ! ਪ੍ਰਿਥਵੀ ਦੇ ਸਾਰੇ ਦੇਸ਼ ਅਤੇ ਪ੍ਰਿਥਵੀ ਦੇ ਸਾਰੇ (ਨੌਂ) ਖੰਡ ਸਭ ਕੁਛ ਤੂੰ ਆਪ ਹੀ ਹੈਂ (ਸਭ ਕੁਛ ਤੂੰ ਅਪਣੇ ਆਪ ਤੋਂ ਪੈਦਾ ਕੀਤਾ ਹੈ)।੩।ਹੇ ਸਦਾ ਕਾਇਮ ਰਹਿਣ ਵਾਲੇ ਨਾਸ਼ ਰਹਿਤ ਪ੍ਰਕਾਸ਼ ਸਰੂਪ ਪ੍ਰਭੂ! ਹੇ ਸਭ ਦੇ ਮਨ ਨੂੰ ਮੋਹ ਲੈਣ ਵਾਲੇ! ਹੇ ਅਲੱਖ ਤੇ ਪਾਰ ਰਹਿਤ ਪ੍ਰਭੂ!।ਨਾਨਕ ਦੀ ਬੇਨਤੀ ਹੈ ਕਿ ਮੈਂ ਸੰਤਾਂ ਦੀ ਸੰਗਤ ਅਤੇ ਤੇਰੇ ਦਾਸਾਂ ਦੀ ਚਰਨ ਧੂੜ ਰੂਪ ਦਾਨ ਪ੍ਰਾਪਤ ਕਰਾਂ।੪।੬।੨੨।

ਪਦਾਰਥ = ਪਤਿਤ–ਧਰਮ ਕਰਮ ਤੋਂ ਗਿਰੇ ਮਨੁੱਖਾਂ ਨੂੰ।ਉਧਾਰਨ ਤਾਰਨ–(ਸੰਸਾਰ ਸਮੁੰਦਰ ਤੋਂ) ਪਾਰ ਕਰਨ ਵਾਲਾ ਅਤੇ ਤਾਰਨ ਵਾਲਾ।ਬਲਿ ਜਾਈਏ–ਕੁਰਬਾਨ ਜਾਈਏ।ਭੇਟੈ–ਮਿਲ ਜਾਵੇ।ਜਿਤੁ–ਜਿਸ ਦੇ ਰਾਹੀਂ।ਹਰਿ ਹਰੇ ਹਰਿ–ਹਰੀ ਦਾ ਹਰਿ ਹਰਿ ਨਾਮ। ਧਿਆਈਐ–ਸਿਮਰਦੇ ਰਹੀਏ।੧।ਮੋ ਕਉ–ਮੈਨੂੰ।ਕਹੀਅਤਿ–ਕਿਹਾ ਜਾਂਦਾ ਹੈ।ਓਟ–ਸਹਾਰਾ।ਆਧਾਰਾ–ਆਸਰਾ।੧।ਰਹਾਉ। ਸਰਬ ਧਾਰਨ–ਹੇ ਸਾਰੇ ਜੀਵਾਂ ਨੂੰ ਆਸਰਾ ਦੇਣ ਵਾਲੇ ਪ੍ਰਭੂ!।ਪ੍ਰਤਿਪਾਰਨ–ਹੇ (ਸਭ ਦੀ) ਪਾਲਣਾ ਕਰਨ ਵਾਲੇ!।ਬਿਨਉ–ਬੇਨਤੀ। ਦੀਨਾ–ਨਿਮਾਣਾ; ਗਰੀਬ।ਬਿਧਿ–ਤਰੀਕਾ; ਜੁਗਤੀ।ਹਮ–ਅਸੀਂ (ਸੰਸਾਰੀ ਜੀਵ)।ਮੀਨਾ–ਮੱਛੀਆਂ।੨।ਪੂਰਨ–ਹੇ ਸਰਬ ਵਿਆਪਕ ਪ੍ਰਭੂ!।ਬਿਸਥੀਰਨ ਸੁਆਮੀ–ਹੇ ਸਾਰੇ ਜਗਤ ਪਸਾਰੇ ਦੇ ਮਾਲਕ!।ਆਹਿ–ਚਾਹ (ਇੱਛਾ) ਨਾਲ।ਪਾਛੈ–ਸ਼ਰਨ ਵਿਚ।ਭੂ ਮੰਡਲ–ਧਰਤੀ ਦੇ ਦੇਸ਼।ਖੰਡਲ–ਧਰਤੀ ਦੇ ੯ ਖੰਡ (ਹਿੱਸੇ)।ਆਛੈ–ਹੈਂ।੩।ਅਟਲ (ਅਟੱਲ ਪੜ੍ਹੋ)–ਹੇ ਸਦਾ ਕਾਇਮ ਰਹਿਣ ਵਾਲੇ!।ਦੇਵਾ –ਹੇ ਪ੍ਰਕਾਸ਼ ਸਰੂਪ ਪ੍ਰਭੂ!।ਅਖਇਓ–ਹੇ ਨਾਸ਼ ਰਹਿਤ!।ਮੋਹਨ–ਹੇ ਮਨ ਨੂੰ ਮੋਹ ਲੈਣ ਵਾਲੇ!।ਅਲਖ–(ਅਲੱਖ ਪੜ੍ਹੋ)–ਅਦ੍ਰਿਸ਼ਟ। ਅਪਾਰਾ–ਹੇ ਪਾਰ ਰਹਿਤ (ਬੇਅੰਤ)!।ਪਾਵਉ–ਮੈਂ ਪ੍ਰਾਪਤ ਕਰਾਂ।ਰੇਨੁ–ਚਰਨ ਧੂੜ।ਦਾਸਾਰਾ–ਦਾਸਾਂ ਦੀ।੪।੬।੨੨।

ਮਾਰੂ ਮਹਲਾ ੫ ॥ ਤ੍ਰਿਪਤਿ ਆਘਾਏ ਸੰਤਾ ॥ ਗੁਰ ਜਾਨੇ ਜਿਨ ਮੰਤਾ ॥ ਤਾ ਕੀ ਕਿਛੁ ਕਹਨੁ ਨ ਜਾਈ ॥ ਜਾ ਕਉ ਨਾਮ ਬਡਾਈ ॥੧॥ ਲਾਲੁ ਅਮੋਲਾ ਲਾਲੋ ॥ ਅਗਹ ਅਤੋਲਾ ਨਾਮੋ ॥੧॥ਰਹਾਉ॥ ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥ ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥੨॥ ਨਿਹਚਲੁ ਤਿਨ ਕਾ ਠਾਣਾ ॥ ਗੁਰ ਤੇ ਮਹਲੁ ਪਛਾਣਾ ॥ ਅਨਦਿਨੁ ਗੁਰ

ਮਿਲਿ ਜਾਗੇ ॥ ਹਰਿ ਕੀ ਸੇਵਾ ਲਾਗੇ ॥੩॥ ਪੂਰਨ ਤ੍ਰਿਪਤਿ ਅਘਾਏ ॥ ਸਹਜ ਸਮਾਧਿ ਸੁਭਾਏ ॥ ਹਰਿ ਭੰਡਾਰੁ ਹਾਥਿ ਆਇਆ ॥ ਨਾਨਕ ਗੁਰ ਤੇ ਪਾਇਆ ॥੪॥੭॥੨੩॥ (ਹੇ ਭਾਈ! ਉਹ) ਸੰਤ ਪੂਰਨ ਤੌਰ ਤੇ ਰੱਜ ਗਏ ਹਨ। ਜਿਨ੍ਹਾਂ ਨੇ ਗੁਰੂ ਦਾ ਉਪਦੇਸ਼ ਜਾਣਿਆ ਹੈ। ਉਸ ਮਨੁੱਖ ਦੀ ਮਹਿਮਾਂ ਕੁਛ ਕਹੀ ਨਹੀਂ ਜਾ ਸਕਦੀ। ਜਿਸ ਨੂੰ ਨਾਮ ਸਿਮਰਨ ਦੀ ਵਡਿਆਈ ਪ੍ਰਾਪਤ ਹੋਈ ਹੈ।੧।(ਹੇ ਭਾਈ! ਪ੍ਰਭੂ ਦਾ ਨਾਮ) ਪਿਆਰਾ ਹੈ ਅਤੇ ਅਮੋਲਕ ਲਾਲ ਹੈ। ਇਸ ਨਾਮ ਨੂੰ ਤੋਲਿਆ ਤੇ ਫੜਿਆ ਨਹੀਂ ਜਾ ਸਕਦਾ।੧।ਰਹਾਉ।(ਹੇ ਭਾਈ! ਜਿਨ੍ਹਾਂ ਸੰਤਾਂ ਨੂੰ) ਗੁਰੂ ਦੁਆਰਾ ਸਹੀ ਗਿਆਨ ਪ੍ਰਾਪਤ ਹੋਇਆ ਹੈ।(ਉਨ੍ਹਾਂ ਦਾ) ਮਨ ਅਬਿਨਾਸ਼ੀ (ਨਿਰਾਕਾਰਾ) ਪ੍ਰਭੂ ਨਾਲ ਮੰਨਿਆ ਹੈ। ਸਭ ਕੁਛ ਦੇਖਦਿਆਂ ਉਨ੍ਹਾਂ ਦਾ ਧਿਆਨ ਹਰੀ ਵਿਚ ਲੱਗਾ ਰਹਿੰਦਾ ਹੈ। ਕਿਉਂਕਿ ਉਨ੍ਹਾਂ ਨੇ ਮਨ ਤੋਂ ਹੰਕਾਰ ਛਡ ਦਿਤਾ ਹੈ।੨।(ਹੇ ਭਾਈ! ਜੋ ਨਾਮ ਜਪਦੇ ਹਨ) ਉਨ੍ਹਾਂ ਦਾ ਟਿਕਾਣਾ ਸਦਾ ਕਾਇਮ ਰਹਿਣ ਵਾਲਾ ਹੈ।(ਉਨ੍ਹਾਂ ਨੇ) ਗੁਰੂ ਤੋਂ ਪ੍ਰਭੂ ਦਾ ਸਰੂਪ ਪਛਾਣ ਲਿਆ ਹੈ। ਉਹ ਹਰ ਰੋਜ ਗੁਰੂ ਨੂੰ ਮਿਲ ਕੇ (ਅਗਿਆਨਤਾ ਦੀ ਨੀਂਦ ਵਿਚੋਂ ਗਿਆਨ ਅਵਸਥਾ ਵਿਚ) ਜਾਗੇ ਹਨ। ਅਤੇ (ਉਹ) ਹਰੀ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ।੩।(ਹੇ ਭਾਈ! ਉਹ ਸੰਤ) ਪੂਰਨ ਤੌਰ ਤੇ ਰੱਜ ਗਏ ਹਨ। ਉਹ ਸੁਭਾਵਕ ਹੀ ਸਹਿਜ ਸਮਾਧੀ ਵਿਚ ਜੁੜੇ ਰਹਿੰਦੇ ਹਨ। ਪ੍ਰਭੂ ਦੇ ਨਾਮ ਦਾ ਖਜਾਨਾ (ਉਨ੍ਹਾਂ ਦੇ) ਹੱਥ ਵਿਚ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਸੰਤਾਂ ਨੇ ਇਹ ਖਜਾਨਾ) ਗੁਰੂ ਤੋਂ ਪਾਇਆ ਹੈ।੪।੭।੨੩

ਪਦਾਰਥ = ਤ੍ਰਿਪਤਿ ਅਗਾਏ–ਪੂਰਨ ਤੌਰ ਤੇ ਰੱਜ ਗਏ ਹਨ। ਗੁਰ ਮੰਤਾ–ਗੁਰੂ ਦਾ ਉਪਦੇਸ਼। ਜਾਨੇ–ਜਾਣਿਆ ਹੈ। ਜਿਨ–ਜਿਨ੍ਹਾਂ ਨੇ। ਤਾ ਕੀ–ਉਸ ਦੀ। ਜਾ ਕਉ–ਜਿਸ ਨੂੰ। ਬਡਾਈ–ਵਡਿਆਈ।੧। ਲਾਲੁ–ਪਿਆਰਾ। ਅਮੋਲਾ–ਅਮੋਲਕ। ਲਾਲੋ–ਲਾਲ ਰਤਨ। ਅਗਹ–ਜੋ ਫੜਿਆ ਨਾ ਜਾ ਸਕੇ। ਅਤੋਲਾ–ਜੋ ਤੋਲਿਆ ਨਾ ਜਾ ਸਕੇ। ਨਾਮੋ–ਨਾਮ।੧। ਰਹਾਉ। ਅਵਿਗਤ–ਅਬਿਨਾਸ਼ੀ; ਅਦ੍ਰਿਸ਼ਟ ਹਰੀ; ਨਿਰਾਕਾਰ ਹਰੀ। ਸਿਉ–ਨਾਲ। ਮਾਨਿਆ ਮਾਨੋ–ਮਨ ਮੰਨਿਆ (ਪਤੀਜ ਗਿਆ) ਹੈ; ਮਨ ਵਿਸ਼ਵਾਸ ਵਾਲਾ ਹੋ ਗਿਆ। ਗੁਰਮੁਖਿ–ਗੁਰੂ ਦੁਆਰਾ। ਤਤੁ ਗਿਆਨੋ–ਆਤਮ ਗਿਆਨ; ਸਹੀ ਗਿਆਨ। ਪੇਖਤ ਸਗਲ–ਸਭ ਕੁਛ ਦੇਖਦਿਆਂ। ਤਜਿਆ–ਛਡ ਦਿਤਾ। ਤੇ–ਤੋਂ।੨। ਨਿਹਚਲੁ–ਸਦਾ ਕਾਇਮ ਰਹਿਣ (ਨਾ ਹਿੱਲਣ) ਵਾਲਾ। ਤਿਨ ਕਾ–ਉਨ੍ਹਾਂ ਦਾ। ਠਾਣਾ–ਟਿਕਾਣਾ। ਮਹਲੁ–ਪ੍ਰਭੂ ਦਾ ਸਰੂਪ। ਅਨ ਦਿਨੁ–ਹਰ ਰੋਜ। ਜਾਗੇ–(ਅਗਿਆਨਤਾ; ਮੋਹ ਮਾਇਆ ਦੀ ਨੀਂਦ ਵਿਚੋਂ ਗਿਆਨ ਅਵਸਥਾ ਵਿਚ) ਜਾਗੇ ਹਨ।੩। ਸਹਜ ਸਮਾਧਿ–ਨਿਰਯਤਨ ਪੂਰਨ ਟਿਕਾਉ ਵਾਲੀ ਅਵਸਥਾ। ਸੁਭਾਏ–ਸੁਭਾਵਕ ਹੀ। ਭੰਡਾਰੁ–ਖਜਾਨਾ। ਹਾਥਿ–ਹੱਥ ਵਿਚ।੪।੭।੨੩।

ਮਾਰੂ ਮਹਲਾ ੫ ਘਰੁ ੬ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਛੋਡਿ ਸਗਲ ਸਿਆਣਪਾ, ਮਿਲਿ ਸਾਧ ਤਿਆਗਿ ਗੁਮਾਨੁ ॥ ਅਵਰੁ ਸਭੁ ਕਿਛੁ ਮਿਥਿਆ, ਰਸਨਾ ਰਾਮ ਰਾਮ ਵਖਾਨੁ ॥੧॥ ਮੇਰੇ ਮਨ, ਕਰਨ ਸੁਣਿ ਹਰਿ ਨਾਮੁ ॥ ਮਿਟਹਿ ਅਘ ਤੇਰੇ ਜਨਮ ਜਨਮ ਕੇ, ਕਵਨੁ ਬਪੁਰੋ ਜਾਮੁ ॥੧॥ਰਹਾਉ॥ ਦੂਖ ਦੀਨ ਨ ਭਉ ਬਿਆਪੈ, ਮਿਲੇ ਸੁਖ ਬਿਸ੍ਰਾਮੁ ॥ ਗੁਰ ਪ੍ਰਸਾਦਿ ਨਾਨਕੁ ਬਖਾਨੈ, ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥ (ਹੇ ਮੇਰੇ ਮਨ! ਤੂੰ) ਸਾਰੀਆਂ ਸਿਆਣਪਾਂ ਛਡ ਕੇ ਅਤੇ ਸਾਧੂਆਂ ਨਾਲ ਮਿਲ ਕੇ ਹੰਕਾਰ ਛਡ ਦੇਹ। (ਸੰਸਾਰ ਵਿਚ) ਹੋਰ ਸਭ ਕੁਛ ਨਾਸ਼ਵੰਤ ਜਾਣ ਕੇ ਜੀਭ ਨਾਲ ਪ੍ਰਭੂ ਦਾ ਨਾਮ ਉਚਾਰਨ ਕਰ।੧। ਹੇ ਮੇਰੇ ਮਨ! ਤੂੰ ਕੰਨਾਂ ਨਾਲ ਹਰੀ ਦਾ ਨਾਮ ਸੁਣਿਆ ਕਰ।(ਇਸ ਨਾਲ) ਤੇਰੇ ਜਨਮਾਂ ਜਨਮਾਂ ਦੇ ਪਾਪ ਮਿਟ ਜਾਣਗੇ ਅਤੇ ਵਿਚਾਰਾ ਜਮ ਕੌਣ ਹੈ? (ਜੋ ਤੇਰੇ ਪਾਸ ਆ ਸਕੇ)।੧। ਰਹਾਉ।(ਹੇ ਭਾਈ! ਨਾਮ ਜਪਣ ਵਾਲੇ ਮਨੁੱਖ ਨੂੰ) ਦੁਖ, ਗਰੀਬੀ ਤੇ (ਮੌਤ ਦਾ) ਡਰ ਨਹੀਂ ਵਿਆਪ ਸਕਦਾ ਅਤੇ ਸੁੱਖ ਤੇ ਸ਼ਾਂਤੀ ਮਿਲ ਜਾਏਗੀ; ਸੁੱਖ ਵਿਚ ਟਿਕਾਣਾ ਮਿਲ ਜਾਵੇਗਾ। ਗੁਰੂ ਦੀ ਕ੍ਰਿਪਾ ਨਾਲ ਨਾਨਕ ਆਖਦਾ ਹੈ ਕਿ ਹਰੀ ਦੇ ਨਾਮ ਦਾ ਭਜਨ ਕਰਨ ਨਾਲ ਹੀ ਆਤਮ ਗਿਆਨ ਪ੍ਰਾਪਤ ਹੁੰਦਾ ਹੈ।੪।੧।੨੪।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ। ਸਗਲ–ਸਾਰੀਆਂ। ਮਿਲਿ–ਮਿਲ ਕੇ। ਤਿਆਗਿ–ਛਡ ਦੇਹ। ਗੁਮਾਨੁ–ਹੰਕਾਰ। ਅਵਰੁ–ਹੋਰ। ਮਿਥਿਆ–ਨਾਸ਼ਵੰਤ। ਰਸਨਾ–ਜੀਭ। ਰਾਮ–ਸਰਬ ਵਿਆਪਕ ਪ੍ਰਮਾਤਮਾ। ਵਖਾਨੁ–ਉਚਾਰਨ ਕਰ।੧। ਮਨ–ਹੇ ਮਨ!। ਕਰਨ–ਕੰਨਾਂ ਨਾਲ। ਮਿਟਹਿ–ਮਿਟ ਜਾਣਗੇ। ਅਘ–ਪਾਪ। ਕਵਨੁ–ਕੌਣ ਹੈ। ਬਪੁਰੋ–ਵਿਚਾਰਾ। ਜਾਮੁ–ਜਮ।੧। ਰਹਾਉ। ਦੀਨ–ਗਰੀਬੀ। ਨ ਬਿਆਪੈ–ਨਹੀਂ ਲਗ ਸਕਦਾ। ਭਉ–ਡਰ। ਸੁਖ ਬਿਸ੍ਰਾਮੁ–ਸੁਖ ਤੇ ਸ਼ਾਂਤੀ; ਸੁਖ ਵਿਚ ਟਿਕਾਣਾ। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਨਾਨਕੁ ਬਖਾਨੈ–ਨਾਨਕ ਆਖਦਾ ਹੈ। ਤਤੁ ਗਿਆਨੁ–ਬ੍ਰਹਮ ਗਿਆਨ; ਆਤਮ ਗਿਆਨ।੪।੧।੨੪।

ਮਾਰੂ ਮਹਲਾ ੫ ॥ ਜਿਨੀ ਨਾਮੁ ਵਿਸਾਰਿਆ, ਸੇ ਹੋਤ ਦੇਖੇ ਖੇਹ ॥ ਪੁਤ੍ਰ ਮਿਤ੍ਰ ਬਿਲਾਸ ਬਨਿਤਾ, ਤੂਟਤੇ ਏ ਨੇਹ ॥੧॥ ਮੇਰੇ ਮਨ, ਨਾਮੁ ਨਿਤ ਨਿਤ ਲੇਹ ॥ ਜਲਤ ਨਾਹੀ ਅਗਨਿ ਸਾਗਰ, ਸੂਖੁ ਮਨਿ ਤਨਿ ਦੇਹ ॥੧॥ਰਹਾਉ॥ ਬਿਰਖ ਛਾਇਆ ਜੈਸੇ ਬਿਨਸਤ,

ਪਵਨ ਝੂਲਤ ਮੇਹ ॥ ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ, ਤੇਰੈ ਕਾਮਿ ਆਵਤ ਏਹ ॥੨॥੨॥੨੫॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਭੁਲਾ ਦਿਤਾ ਹੈ, ਉਹ ਖੇਹ ਹੁੰਦੇ ਦੇਖੇ ਗਏ ਹਨ। ਪੁਤ੍ਰ, ਮਿਤ੍ਰ ਦਾ ਸੁਖ ਤੇ ਇਸਤ੍ਰੀ ਦਾ ਅਨੰਦ, ਇਹ ਸਾਰੇ ਪਿਆਰ ਟੁੱਟ ਜਾਂਦੇ ਹਨ (ਸਦਾ ਨਹੀਂ ਰਹਿੰਦੇ)।੧। ਹੇ ਮੇਰੇ ਮਨ! ਹਰ ਰੋਜ ਸਦਾ ਪ੍ਰਭੂ ਦਾ ਨਾਮ ਜਪਦਾ ਰਹੁ। (ਨਾਮ ਜਪਣ ਵਾਲਾ ਮਨੁੱਖ ਵਿਸ਼ੇ ਵਿਕਾਰਾਂ ਦੀ) ਅੱਗ ਦੇ ਸਮੁੰਦਰ ਵਿਚ ਨਹੀਂ ਜਲਦਾ, (ਪ੍ਰਭੂ ਦਾ ਨਾਮ ਉਸ ਦੇ) ਮਨ ਵਿਚ ਤੇ ਸਰੀਰ ਵਿਚ ਸੁਖ ਦੇਂਦਾ ਹੈ।੧।ਰਹਾਉ। ਜਿਸ ਤਰ੍ਹਾਂ ਬ੍ਰਿਛ ਦੀ ਛਾਂ ਨਾਸ਼ ਹੋ ਜਾਂਦੀ ਹੈ ਅਤੇ ਹਵਾ ਦੇ ਚੱਲਣ ਨਾਲ ਬੱਦਲ ਉਡ ਜਾਂਦੇ ਹਨ (ਇਸੇ ਤਰ੍ਹਾਂ ਪ੍ਰਵਾਰ ਤੇ ਸਬੰਧੀਆਂ ਦਾ ਪਿਆਰ ਛਿਨ ਭੰਗਰ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਗੁਰੂ ਸਾਧੂ ਨੂੰ ਮਿਲ ਕੇ ਹਰੀ ਦੀ ਸੇਵਾ ਭਗਤੀ (ਹਿਰਦੇ ਵਿਚ) ਦ੍ਰਿੜ ਕਰ, ਇਹ (ਭਗਤੀ ਪ੍ਰਲੋਕ ਵਿਚ) ਤੇਰੇ ਕੰਮ ਆਉਣ ਵਾਲੀ ਹੈ।੨।੨।੨੫।

ਪਦਾਰਥ = ਜਿਨੀ–ਜਿਨ੍ਹਾਂ ਨੇ। ਵਿਸਾਰਿਆ–ਭੁੱਲਾ ਦਿਤਾ ਹੈ। ਸੇ–ਉਹ। ਹੋਤ ਖੇਹ–ਮਿੱਟੀ (ਬਰਬਾਦ) ਹੁੰਦੇ ਹਨ। ਬਿਲਾਸ–ਅਨੰਦ; ਖੁਸ਼ੀਆਂ। ਬਨਿਤਾ–ਇਸਤ੍ਰੀ। ਤੂਟਤੇ–ਟੁੱਟ ਜਾਂਦੇ ਹਨ। ਏ ਨੇਹ–ਏਹ ਪਿਆਰ।੧। ਮਨ–ਹੇ ਮਨ!। ਨਿਤ ਨਿਤ–ਹਰ ਰੋਜ ਸਦਾ। ਲੇਹ–ਲੈਂਦਾ (ਜਪਦਾ) ਰਹੁ। ਜਲਤ ਨਾਹੀ–ਸੜਦਾ ਨਹੀਂ। ਅਗਨਿ ਸਾਗਰ–ਅੱਗ ਦੇ ਸਮੁੰਦਰ ਵਿਚ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਦੇਹ–ਦੇਂਦਾ ਹੈ; ਦੇਹ ਵਿਚ।੧। ਰਹਾਉ। ਬਿਰਖ ਛਾਇਆ–ਬ੍ਰਿਛ ਦੀ ਛਾਂ। ਬਿਨਸਤ–ਨਾਸ਼ ਹੋ ਜਾਂਦੀ ਹੈ। ਪਵਨ–ਹਵਾ। ਝੂਲਤ–ਝੂਲਣ (ਵਗਣ) ਨਾਲ। ਮੇਹ–ਮੇਘ (ਬੱਦਲ)। ਦ੍ਰਿੜੁ–(ਹਿਰਦੇ ਵਿਚ) ਪੱਕੀ ਕਰ। ਕਾਮਿ ਆਵਤ–ਕੰਮ ਆਉਣ ਵਾਲੀ।੨।੨।੨੫।

ਮਾਰੂ ਮਹਲਾ ੫ ॥ ਪੁਰਖੁ ਪੂਰਨ ਸੁਖਹ ਦਾਤਾ, ਸੰਗਿ ਬਸਤੋ ਨੀਤ ॥ ਮਰੈ ਨ ਆਵੈ ਨ ਜਾਇ ਬਿਨਸੈ, ਬਿਆਪਤ ਉਸਨ ਨ ਸੀਤ ॥੧॥ ਮੇਰੇ ਮਨ, ਨਾਮ ਸਿਉ ਕਰਿ ਪ੍ਰੀਤਿ ॥ ਚੇਤਿ ਮਨ ਮਹਿ ਹਰਿ ਹਰਿ ਨਿਧਾਨਾ, ਏਹ ਨਿਰਮਲ ਰੀਤਿ ॥੧॥ਰਹਾਉ॥ ਕ੍ਰਿਪਾਲ ਦਇਆਲ ਗੋਪਾਲ ਗੋਬਿਦ, ਜੋ ਜਪੈ ਤਿਸੁ ਸੀਧਿ ॥ ਨਵਲ ਨਵਤਨ ਚਤੁਰ ਸੁੰਦਰ, ਮਨੁ ਨਾਨਕ ਤਿਸੁ ਸੰਗਿ ਬੀਧਿ ॥੨॥੩॥੨੬॥ (ਹੇ ਭਾਈ!) ਸਰਬ ਵਿਆਪਕ ਪ੍ਰਮਾਤਮਾ ਸਾਰੇ ਸੁੱਖ ਦੇਣ ਵਾਲਾ ਹੈ ਅਤੇ ਉਹ ਨਿੱਤ (ਹਰੇਕ ਜੀਵ ਦੇ) ਨਾਲ ਵਸਦਾ ਹੈ। (ਉਹ) ਨਾ ਕਦੇ ਮਰਦਾ ਹੈ, ਨਾ ਆਉਂਦਾ ਜਾਂਦਾ (ਜੰਮਦਾ ਮਰਦਾ) ਹੈ, ਨਾ ਨਾਸ਼ ਹੁੰਦਾ ਹੈ, (ਉਸ ਨੂੰ) ਨਾ ਗਰਮੀ ਲਗਦੀ ਹੈ ਤੇ ਨਾ ਸਰਦੀ ਲਗਦੀ ਹੈ।੧। ਹੇ ਮੇਰੇ ਮਨ! ਪ੍ਰਭੂ ਦੇ ਨਾਮ ਨਾਲ ਪ੍ਰੀਤ ਕਰ। ਹਰੀ (ਜੋ ਸਮੂਹ ਗੁਣਾਂ ਦਾ) ਖਜਾਨਾ ਹੈ, (ਉਸ ਨੂੰ) ਮਨ ਵਿਚ ਯਾਦ ਕਰ, (ਜੀਵਨ ਦਾ) ਇਹ ਪਵਿਤ੍ਰ ਤਰੀਕਾ ਹੈ।੧। ਰਹਾਉ। ਗੋਬਿੰਦ ਕ੍ਰਿਪਾ ਦਾ ਘਰ ਹੈ, ਦਇਆ ਦਾ ਘਰ ਹੈ, ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਹੈ, ਜੋ ਮਨੁੱਖ (ਉਸ ਦਾ) ਨਾਮ ਜਪਦਾ ਹੈ, ਉਸ ਨੂੰ (ਜੀਵਨ ਵਿਚ) ਸਫਲਤਾ ਮਿਲਦੀ ਹੈ। (ਪ੍ਰਭੂ) ਨਵੇਂ ਤੋਂ ਨਵਾਂ ਹੈ, ਸਿਆਣਾ ਹੈ ਅਤੇ ਸੁੰਦਰ ਹੈ, ਨਾਨਕ ਦਾ ਮਨ ਉਸ (ਪ੍ਰਭੂ) ਨਾਲ ਵਿਨ੍ਹਿਆ ਗਿਆ ਹੈ।੨।੩।੨੬।

ਪਦਾਰਥ = ਪੁਰਖ ਪੂਰਨ–ਸਰਬ ਵਿਆਪਕ ਪ੍ਰਭੂ। ਸੁਖਹ ਦਾਤਾ–ਸੁਖ ਦੇਣ ਵਾਲਾ। ਸੰਗਿ ਬਸਤੋ–ਨਾਲ ਵਸਦਾ ਹੈ। ਨੀਤ–ਹਰ ਰੋਜ; ਸਦਾ। ਆਵੈ ਨ ਜਾਇ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ। ਨ ਬਿਨਸੈ–ਨਾਸ਼ ਨਹੀਂ ਹੁੰਦਾ। ਨ ਬਿਆਪਤ–ਨਹੀਂ ਲਗਦੀ। ਉਸਨ–ਗਰਮੀ। ਸੀਤ–ਸਰਦੀ।੧। ਮਨ–ਹੇ ਮਨ!। ਸਿਉ–ਨਾਲ। ਚੇਤਿ–ਯਾਦ ਕਰ। ਮਨ ਮਹਿ–ਮਨ ਵਿਚ। ਨਿਧਾਨਾ–ਖਜਾਨਾ। ਨਿਰਮਲ–ਪਵਿਤ੍ਰ। ਰੀਤਿ–ਤਰੀਕਾ।੧। ਰਹਾਉ। ਕ੍ਰਿਪਾਲ–ਕ੍ਰਿਪਾ ਦਾ ਘਰ। ਦਇਆਲ–ਦਇਆ ਦਾ ਘਰ। ਗੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ। ਸੀਧਿ–ਸਿੱਧ (ਸਫਲਤਾ)। ਨਵਲ ਨਵਤਨ–ਨਵੇਂ ਤੋਂ ਨਵਾਂ। ਚਤੁਰ–ਸਿਆਣਾ। ਬੀਧਿ–ਵਿੰਨ੍ਹਿਆ ਗਿਆ।੨।੩।੨੬।

ਮਾਰੂ ਮਹਲਾ ੫ ॥ ਚਲਤ ਬੈਸਤ ਸੋਵਤ ਜਾਗਤ, ਗੁਰ ਮੰਤ੍ਰੁ ਰਿਦੈ ਚਿਤਾਰਿ ॥ ਚਰਣ ਸਰਣ ਭਜੁ ਸੰਗਿ ਸਾਧੂ, ਭਵ ਸਾਗਰ ਉਤਰਹਿ ਪਾਰਿ ॥੧॥ (ਹੇ ਭਾਈ!) ਚਲਦਿਆਂ, ਬੈਠਦਿਆਂ, ਸੁੱਤਿਆਂ ਤੇ ਜਾਗਦਿਆਂ ਗੁਰੂ ਦਾ ਨਾਮ ਮੰਤ੍ਰ ਹਿਰਦੇ ਵਿਚ ਚਿਤਾਰਦਾ ਰਿਹਾ ਕਰ। ਸਾਧੂਆਂ ਦੀ ਸੰਗਤ ਵਿਚ ਪ੍ਰਭੂ ਦਾ ਭਜਨ ਕਰ ਅਤੇ ਪ੍ਰਭੂ ਦੇ ਚਰਨਾਂ ਦੀ ਸ਼ਰਣ ਵਿਚ ਰਹਿ, (ਇਸ ਤਰ੍ਹਾਂ) ਤੂੰ ਸੰਸਾਰ ਸਮੁੰਦਰ ਤੋਂ ਪਾਰ ਉਤਰ (ਲੰਘ) ਜਾਵੇਂਗਾ।੧।

ਅੰਗ ੧੦੦੭ = ਮੇਰੇ ਮਨ, ਨਾਮੁ ਹਿਰਦੈ ਧਾਰਿ ॥ ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ,ਅਵਰ ਸਗਲ ਵਿਸਾਰਿ ॥੧॥ਰਹਾਉ ॥ ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ, ਤੂ ਆਪਨ ਆਪੁ ਨਿਵਾਰਿ ॥ ਗੋਵਿਦ ਭਜੁ ਸਭਿ ਸੁਆਰਥ ਪੂਰੇ, ਨਾਨਕ ਕਬਹੁ ਨ ਹਾਰਿ ॥੨॥੪॥੨੭॥ ਹੇ ਮੇਰੇ ਮਨ! ਤੂੰ ਅਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਧਾਰਨ ਕਰ ਲੈ। (ਅਪਣਾ) ਮਨ ਤੇ ਤਨ ਹਰੀ ਨਾਲ ਲਾ ਕੇ (ਉਸ ਨਾਲ) ਪ੍ਰੀਤ ਕਰ, ਹੋਰ ਸਾਰੀਆਂ ਗੱਲਾਂ ਭੁਲਾ ਦੇਹ।੧। ਰਹਾਉ। (ਹੇ ਭਾਈ!) ਜਿੰਦ, ਮਨ, ਤਨ ਤੇ ਪ੍ਰਾਣ ਪ੍ਰਭੂ ਦੇ ਦਿਤੇ ਹੋਏ ਹਨ,

ਤੂੰ ਅਪਣੀ ਅਪਣੱਤ ਨੂੰ ਦੂਰ ਕਰ ਦੇਹ। ਨਾਨਕ ਗੁਰੂ ਜੀ ਆਖਦੇ ਹਨ ਕਿ ਗੋਵਿੰਦ ਦਾ ਭਜਨ ਕਰ, ਤੇਰੇ ਸਾਰੇ ਸੁਆਰਥ ਪੂਰੇ ਹੋ ਜਾਣਗੇ ਅਤੇ (ਤੈਨੂੰ ਜੀਵਨ ਵਿਚ) ਕਦੇ ਹਾਰ ਨਹੀਂ ਆਵੇਗੀ।੨।੪।੨੭।

ਪਦਾਰਥ = ਚਲਤ–ਤੁਰਦਿਆਂ। ਬੈਸਤ–ਬੈਠਦਿਆਂ। ਸੋਵਤ–ਸੁੱਤਿਆਂ। ਜਾਗਤ–ਜਾਗਦਿਆਂ। ਮੰਤ੍ਰ–ਨਾਮ ਮੰਤ੍ਰ। ਰਿਦੈ–ਹਿਰਦੇ ਵਿਚ। ਚਿਤਾਰਿ–ਯਾਦ ਕਰਦਾ ਰਿਹਾ ਕਰ। ਭਜੁ–ਭਜਨ ਕਰ। ਸੰਗਿ ਸਾਧੂ–ਸਾਧੂਆਂ ਦੀ ਸੰਗਤ ਵਿਚ। ਭਵ ਸਾਗਰ–ਸੰਸਾਰ ਸਮੁੰਦਰ। ਉਤਰਹਿ ਪਾਰਿ–ਪਾਰ ਉਤਰ (ਲੰਘ) ਜਾਵੇਂਗਾ।੧। ਜੀਉ–ਜਿੰਦ। ਤਨੁ–ਸਰੀਰ। ਆਪਨ ਆਪੁ–ਅਪਣੀ ਅਪਣੱਤ (ਹੰਕਾਰ) ਨੂੰ। ਨਿਵਾਰਿ–ਦੂਰ ਕਰ ਦੇਹ। ਸੁਆਰਥ–ਮਨੋਰਥ; ਲੋੜਾਂ। ਕਬਹੁ–ਕਦੇ ਵੀ। ਨ ਹਾਰਿ–ਹਾਰ ਨਹੀਂ ਆਵੇਗੀ।੨।੪।੨੭।

ਮਾਰੂ ਮਹਲਾ ੫ ॥ ਤਜਿ ਆਪੁ ਬਿਨਸੀ ਤਾਪੁ ,ਰੇਣ ਸਾਧੂ ਥੀਉ ॥ ਤਿਸਹਿ ਪਰਾਪਤਿ ਨਾਮੁ ਤੇਰਾ, ਕਰਿ ਕ੍ਰਿਪਾ ਜਿਸੁ ਦੀਉ ॥੧॥ ਮੇਰੇ ਮਨ, ਨਾਮੁ ਅੰਮ੍ਰਿਤੁ ਪੀਉ ॥ ਆਨ ਸਾਦ ਬਿਸਾਰਿ ਹੋਛੇ, ਅਮਰੁ ਜੁਗੁ ਜੁਗੁ ਜੀਉ ॥੧॥ਰਹਾਉ॥ ਨਾਮੁ ਇਕ ਰਸ ਰੰਗ ਨਾਮਾ, ਨਾਮਿ ਲਾਗੀ ਲੀਉ ॥ ਮੀਤੁ ਸਾਜਨੁ ਸਖਾ ਬੰਧਪੁ ,ਹਰਿ ਏਕੁ ਨਾਨਕ ਕੀਉ ॥੨॥੫॥੨੮॥ (ਹੇ ਮੇਰੇ ਮਨ!) ਆਪਾ ਭਾਵ (ਹੰਕਾਰ) ਛਡ ਕੇ ਤੂੰ ਸਾਧੂਆਂ ਦੀ ਚਰਨ ਧੂੜ ਹੋ ਜਾਹ, (ਇਸ ਤਰ੍ਹਾਂ ਤੇਰਾ) ਦੁੱਖ ਕਲੇਸ਼ ਨਾਸ਼ ਹੋ ਜਾਵੇਗਾ। ਹੇ ਪ੍ਰਭੂ! ਤੇਰਾ ਨਾਮ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਤੂੰ ਆਪ ਕ੍ਰਿਪਾ ਕਰਕੇ ਦੇਂਦਾ ਹੈਂ।੧। ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਅੰਮ੍ਰਿਤ ਪੀਆ ਕਰ। ਹੋਰ ਸਾਰੇ ਨਿਕੰਮੇ ਸੁਆਦ ਭੁਲਾ ਦੇਹ, (ਨਾਮ ਅੰਮ੍ਰਿਤ ਪੀ ਕੇ) ਤੂੰ ਅਮਰ ਹੋ ਕੇ ਜੁਗੋ ਜੁਗ (ਸਦਾ ਲਈ) ਜਿਉਂਦਾ ਰਹੁ।੧। ਰਹਾਉ। (ਹੇ ਮਨ! ਜਿਸ ਮਨੁੱਖ ਦੀ) ਲਿਵ ਪ੍ਰਭੂ ਦੇ ਨਾਮ ਵਿਚ ਲੱਗ ਗਈ ਹੈ, ਉਹ ਪ੍ਰਭੂ ਦਾ ਇਕ ਰਸ ਨਾਮ ਜਪਦਾ ਹੈ, (ਉਸ ਉਪਰ) ਨਾਮ ਦਾ ਰੰਗ ਚੜ੍ਹ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੇ) ਇਕ ਹਰੀ ਨੂੰ ਅਪਣਾ ਮਿਤ੍ਰ ਸੱਜਣ, ਸਾਥੀ ਤੇ ਸਬੰਧੀ ਕਰ (ਬਣਾ) ਲਿਆ ਹੈ।੨।੫।੨੮।

ਪਦਾਰਥ = ਤਜਿ–ਛਡ ਕੇ। ਆਪੁ–ਆਪਾ ਭਾਵ; ਹੰਕਾਰ। ਬਿਨਸੀ–ਨਾਸ਼ ਹੋ ਜਾਵੇਗਾ। ਤਾਪੁ–ਸਾੜਾ; ਕਲੇਸ਼; ਮਾਨਸਕ ਤਾਪ। ਰੇਣ –ਚਰਨ ਧੂੜ। ਥੀਉ–ਹੋ ਜਾਹ। ਤਿਸਹਿ–ਉਸ ਨੂੰ। ਕਰਿ–ਕਰਕੇ। ਦੀਉ–ਦੇਂਦਾ ਹੈਂ।੧। ਮਨ–ਹੇ ਮਨ!। ਪੀਉ–ਪੀਆ ਕਰ। ਆਨ–ਹੋਰ। ਸਾਦ–ਸੁਆਦ। ਬਿਸਾਰਿ–ਭੁਲਾ ਦੇਹ। ਹੋਛੇ–ਨਿਕੰਮੇ; ਤੁੱਛ। ਅਮਰੁ–ਮੌਤ ਰਹਿਤ ਸਦੀਵੀ ਜੀਵਨ। ਜੁਗੁ ਜੁਗੁ–ਜੁਗੋ ਜੁਗ (ਸਦਾ ਲਈ)। ਜੀਉ–ਜਿਉਂਦਾ ਰਹੁ।੧। ਰਹਾਉ। ਰੰਗ ਨਾਮਾ–ਨਾਮ ਦਾ ਰੰਗ। ਨਾਮਿ–ਨਾਮ ਵਿਚ। ਲੀਉ–ਲਿਵ। ਮੀਤੁ–ਮਿਤ੍ਰ। ਸਖਾ–ਸਾਥੀ; ਸਹਾਇਕ। ਬੰਧਪੁ–ਰਿਸ਼ਤੇਦਾਰ। ਕੀਉ–ਕਰ (ਬਣਾ) ਲਿਆ ਹੈ।੨।੫।੨੮।

ਮਾਰੂ ਮਹਲਾ ੫ ॥ ਪ੍ਰਤਿਪਾਲਿ ਮਾਤਾ ਉਦਰਿ ਰਾਖੈ, ਲਗਨਿ ਦੇਤ ਨ ਸੇਕ ॥ ਸੋਈ ਸੁਆਮੀ ਈਹਾ ਰਾਖੈ, ਬੂਝੁ ਬੁਧਿ ਬਿਬੇਕ ॥੧॥ ਮੇਰੇ ਮਨ, ਨਾਮ ਕੀ ਕਰਿ ਟੇਕ ॥ ਤਿਸਹਿ ਬੂਝੁ ਜਿਨਿ ਤੂ ਕੀਆ, ਪ੍ਰਭੁ ਕਰਣ ਕਾਰਣ ਏਕ ॥੧॥ਰਹਾਉ॥ ਚੇਤਿ ਮਨ ਮਹਿ ਤਜਿ ਸਿਆਣਪ, ਛੋਡਿ ਸਗਲੇ ਭੇਖ ॥ ਸਿਮਰਿ ਹਰਿ ਹਰਿ ਸਦਾ ਨਾਨਕ, ਤਰੇ ਕਈ ਅਨੇਕ ॥੨॥੬॥੨੯॥ (ਹੇ ਭਾਈ! ਪ੍ਰਭੂ) ਮਾਤਾ ਦੇ ਪੇਟ ਵਿਚ ਪਾਲਣਾ ਕਰਦਾ ਹੈ ਅਤੇ ਰੱਖਿਆ ਕਰਦਾ ਹੈ, (ਮਾਤਾ ਦੇ ਪੇਟ ਦੀ) ਅੱਗ ਦਾ ਸੇਕ ਨਹੀਂ ਲੱਗਣ ਦੇਂਦਾ। ਉਹ ਹੀ ਮਾਲਕ ਪ੍ਰਭੂ ਇਸ ਜਗਤ ਵਿਚ ਵੀ ਰੱਖਿਆ ਕਰਦਾ ਹੈ, ਤੂੰ ਅਪਣੀ ਵਿਚਾਰ ਵਾਲੀ ਬੁੱਧੀ ਨਾਲ (ਇਸ ਸੱਚਾਈ ਨੂੰ) ਸਮਝ।੧। ਹੇ ਮੇਰੇ ਮਨ! ਪ੍ਰਭੂ ਦੇ ਨਾਮ ਦੀ ਟੇਕ ਲੈਣਾ ਕਰ। ਉਸ ਪ੍ਰਭੂ ਨੂੰ ਤੂੰ ਸਮਝ, ਜਿਸ ਨੇ ਤੈਨੂੰ ਪੈਦਾ ਕੀਤਾ ਹੈ, ਇਕ ਪ੍ਰਭੂ ਹੀ ਸਾਰੀ ਸ੍ਰਿਸਟੀ ਰਚਨਾ ਦਾ ਮੂਲ ਕਾਰਣ ਹੈ।੧। ਰਹਾਉ। (ਹੇ ਭਾਈ!) ਸਾਰੇ ਭੇਖ ਛਡ ਕੇ ਅਤੇ ਸਾਰੀਆਂ ਸਿਆਣਪਾਂ ਛਡ ਕੇ ਪ੍ਰਭੂ ਨੂੰ ਅਪਣੇ ਮਨ ਵਿਚ ਯਾਦ ਕਰਿਆ ਕਰ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਸਦਾ ਸਿਮਰ ਸਿਮਰ ਕੇ ਕਈ ਅਨੇਕਾਂ (ਅਣਗਿਣਤ ਪਾਪੀ ਮਨੁੱਖ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੨।੬।੨੯।

ਪਦਾਰਥ = ਪ੍ਰਤਿਪਾਲਿ–ਪਾਲਣਾ ਕਰਦਾ ਹੈ। ਉਦਰਿ–ਪੇਟ ਵਿਚ। ਰਾਖੈ–ਰੱਖਿਆ ਕਰਦਾ ਹੈ। ਲਗਨਿ ਦੇਤ ਨ–ਲੱਗਣ ਨਹੀਂ ਦੇਂਦਾ। ਸੋਈ–ਉਹ ਹੀ। ਸੁਆਮੀ–ਮਾਲਕ ਪ੍ਰਭੂ। ਈਹਾ–ਇਥੇ; ਇਸ ਜਗਤ ਵਿਚ। ਬੂਝੁ–ਸਮਝ ਲੈ। ਬੁਧਿ ਬਿਬੇਕ–ਵਿਚਾਰ ਵਾਲੀ ਬੁੱਧੀ ਨਾਲ ।੧। ਮਨ–ਹੇ ਮਨ!। ਟੇਕ–ਆਸਰਾ। ਤਿਸਹਿ–ਉਸ ਨੂੰ। ਜਿਨਿ–ਜਿਸ ਨੇ। ਤੂ–ਤੈਨੂੰ। ਕੀਆ–ਪੈਦਾ ਕੀਤਾ ਹੈ। ਕਰਣ ਕਾਰਣ–ਸਾਰੇ ਕਾਰਨਾਂ ਦੇ ਕਰਨ ਵਾਲਾ; ਸ੍ਰਿਸਟੀ ਰਚਨਾ ਦਾ ਮੂਲ ਕਾਰਨ।੧। ਰਹਾਉ। ਚੇਤਿ–ਯਾਦ ਕਰਿਆ ਕਰ। ਮਨ ਮਹਿ–ਮਨ ਵਿਚ। ਤਜਿ–ਛਡ ਕੇ। ਸਗਲੇ–ਸਾਰੇ। ਸਿਮਰ–ਸਿਮਰ ਕੇ। ਤਰੇ–(ਭਵਜਲ ਨੂੰ) ਤਰ ਗਏ ਹਨ।੨।੬।੨੯।

ਮਾਰੂ ਮਹਲਾ ੫ ॥ ਪਤਿਤ ਪਾਵਨ ਨਾਮੁ ਜਾ ਕੋ, ਅਨਾਥ ਕੋ ਹੈ ਨਾਥੁ ॥ ਮਹਾ ਭਉਜਲ ਮਾਹਿ ਤੁਲਹੋ, ਜਾ ਕੋ ਲਿਖਿਓ ਮਾਥ ॥੧॥

ਡੂਬੇ ਨਾਮ ਬਿਨੁ ਘਨ ਸਾਥ ॥ ਕਰਣ ਕਾਰਣੁ ਚਿਤਿ ਨ ਆਵੈ, ਦੇ ਕਰਿ ਰਾਖੈ ਹਾਥ ॥੧॥ਰਹਾਉ॥ ਸਾਧ ਸੰਗਤਿ ਗੁਣ ਉਚਾਰਣ, ਹਰਿ ਨਾਮ ਅੰਮ੍ਰਿਤ ਪਾਥ ॥ ਕਰਹੁ ਕ੍ਰਿਪਾ ਮੁਰਾਰਿ ਮਾਧਉ ,ਸੁਣਿ ਨਾਨਕ ਜੀਵੈ ਗਾਥ ॥੨॥੭॥੩੦॥ (ਹੇ ਭਾਈ!) ਜਿਸ ਪ੍ਰਭੂ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਉਹ ਪ੍ਰਭੂ) ਯਤੀਮਾਂ ਦਾ ਮਾਲਕ ਹੈ। ਵੱਡੇ ਸੰਸਾਰ ਸਮੁੰਦਰ ਵਿਚ (ਜੀਵਾਂ ਨੂੰ ਤਾਰਨ ਵਾਸਤੇ ਪ੍ਰਭੂ ਦਾ ਨਾਮ) ਜਹਾਜ ਹੈ, (ਨਾਮ ਉਸ ਮਨੁੱਖ ਨੂੰ ਮਿਲਦਾ ਹੈ) ਜਿਸ ਦੇ ਮੱਥੇ ਉਤੇ ਧੁਰੋਂ ਲੇਖ ਲਿਖਿਆ ਹੋਵੇ।੧।(ਹੇ ਭਾਈ! ਪ੍ਰਭੂ ਦੇ) ਨਾਮ ਤੋਂ ਬਿਨਾ ਬਹੁਤ ਸਾਰੇ ਪੂਰਾਂ ਦੇ ਪੂਰ (ਸੰਸਾਰ ਸਮੁੰਦਰ ਵਿਚ) ਡੁਬ ਗਏ ਹਨ।(ਕਿਉਂਕਿ) ਜਗਤ ਦਾ ਮੂਲ ਕਾਰਨ ਪ੍ਰਭੂ (ਉਨ੍ਹਾਂ ਨੂੰ) ਚੇਤੇ ਨਹੀਂ ਆਉਂਦਾ, (ਜੋ ਕਿ ਜੀਵਾਂ ਦੀ) ਹੱਥ ਦੇ ਕਰਕੇ ਰੱਖਿਆ ਕਰਦਾ ਹੈ।੧।ਰਹਾਉ।(ਹੇ ਭਾਈ!) ਸਾਧ ਸੰਗਤ ਵਿਚ ਪ੍ਰਭੂ ਦੇ ਗੁਣ ਉਚਾਰਨ ਕਰਨਾ ਅਤੇ ਪ੍ਰਭੂ ਦਾ ਨਾਮ ਜਪਣਾ, (ਇਹ ਜੀਵਨ ਨੂੰ) ਅਮਰ ਕਰ ਦੇਣ ਵਾਲਾ ਰਸਤਾ ਹੈ; ਅੰਮ੍ਰਿਤ ਨਾਮ ਦਾ ਸਿਮਰਨ (ਸਾਰੇ ਰੋਗ ਦੂਰ ਕਰਨ ਵਾਲਾ) ਪਥ (ਪਰਹੇਜ) ਹੈ। ਨਾਨਕ ਦੀ ਬੇਨਤੀ ਹੈ ਕਿ ਹੇ ਮੁਰਾਰੀ! ਹੇ ਮਾਧੋ ! (ਮੇਰੇ ਉਤੇ) ਕ੍ਰਿਪਾ ਕਰ, ਤਾਂ ਕਿ ਮੇਰਾ ਮਨ ਤੇਰੀ ਕਥਾ ਸੁਣ ਕੇ ਜੀਵੇ।੨।੭।੩੦।

ਪਦਾਰਥ = ਪਤਿਤ–ਪਾਪੀਆਂ ਨੂੰ।ਪਾਵਨ–ਪਵਿਤ੍ਰ ਕਰਨ ਵਾਲਾ।ਜਾ ਕੋ–ਜਿਸ ਦਾ।ਅਨਾਥ–ਯਤੀਮ।ਨਾਥੁ–ਮਾਲਕ।ਮਹਾ–ਵੱਡਾ; ਭਿਆਨਕ।ਭਉਜਲ ਮਾਹਿ–ਸੰਸਾਰ ਸਮੁੰਦਰ ਵਿਚ।ਤੁਲਹੋ–ਜਹਾਜ (ਲੱਕੜਾਂ ਜਾਂ ਬਾਂਸਾਂ ਦਾ ਬੰਨ੍ਹਿਆ ਇਕ ਤਖਤਾ, ਜਿਸ ਉਤੇ ਬਹਿ ਕੇ ਨਦੀਓਂ ਪਾਰ ਹੋਈਦਾ ਹੈ)।ਮਾਥ–ਮੱਥੇ ਉਤੇ।੧।ਡੂਬੇ–ਡੁਬ ਗਏ ਹਨ।ਘਨ–ਬਹੁਤ; ਅਨੇਕਾਂ।ਸਾਥ–ਕਾਫਲੇ; ਪੂਰਾਂ ਦੇ ਪੂਰ। ਕਰਣ ਕਾਰਣੁ–ਜਗਤ ਰਚਨਾ ਦਾ ਮੂਲ ਕਾਰਨ; ਸਾਰੇ ਕਾਰਨਾਂ ਦੇ ਕਰਨ ਵਾਲਾ।ਚਿਤਿ–ਚੇਤੇ; ਚਿੱਤ ਵਿਚ।ਦੇ ਕਰਿ–ਦੇ ਕਰਕੇ।੧। ਰਹਾਉ।ਅੰਮ੍ਰਿਤ–ਮੁਕਤੀ ਦਾ; ਅਮਰ ਕਰਨ ਵਾਲਾ।ਪਾਥ–ਰਸਤਾ; ਪ੍ਰਹੇਜ; (ਨਾਮ ਦਾ ਸਿਮਰਨ) ਅੰਮ੍ਰਿਤ ਜਲ ਹੈ। ਹੇ ਅਗਿਆਨ ਦਾ ਨਾਸ਼ ਕਰਨ ਵਾਲੇ!।ਮਾਧਉ–ਹੇ ਮਾਇਆ ਦੇ ਪਤੀ!।ਸੁਣਿ–ਸੁਣ ਕੇ।ਗਾਥ–ਕਥਾ।੨।੭।੩੦।

ਮਾਰੂ ਅੰਜੁਲੀ ਮਹਲਾ ੫ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਪੰਚ ਧਾਤੁ ਕਰਿ ਪੁਤਲਾ ਕੀਆ ॥ ਸਾਹੈ ਕੈ ਫੁਰਮਾਇਅੜੈ ਜੀ, ਦੇਹੀ ਵਿਚਿ ਜੀਉ ਆਇ ਪਇਆ ॥੧॥ ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥ ਸਾਸਿ ਸਾਸਿ ਸਮਾਲੇ ਸੋਈ, ਓਥੈ ਖਸਮਿ ਛਡਾਇ ਲਇਆ ॥੨॥ ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ ਆਵੈ ਜਾਇ ਭਵਾਈਐ ਜੋਨੀ, ਰਹਣੁ ਨ ਕਿਤਹੀ ਥਾਇ ਭਇਆ ॥੩॥ ਮਿਹਰਵਾਨਿ ਰਖਿ ਲਇਅਨੁ ਆਪੇ ॥ ਜੀਅ ਜੰਤ ਸਭਿ ਤਿਸ ਕੇ ਥਾਪੇ ॥ ਜਨਮੁ ਪਦਾਰਥੁ ਜਿਣਿ ਚਲਿਆ ਨਾਨਕ, ਆਇਆ ਸੋ ਪਰਵਾਣੁ ਥਿਆ ॥੪॥੧॥੩੧॥ ਹੇ ਭਾਈ! (ਸਰੀਰ ਤੇ ਜੀਵਾਤਮਾ ਦਾ) ਮੇਲ ਤੇ ਵਿਛੋੜਾ ਧੁਰੋਂ ਹੀ (ਹਰੀ ਦੇ ਹੁਕਮ ਅਨੁਸਾਰ) ਬਣਿਆ ਹੋਇਆ ਹੈ (ਪਹਿਲਾਂ ਤੋਂ ਹੀ ਚਲਿਆ ਆਉਂਦਾ ਹੈ।ਪ੍ਰਭੂ ਨੇ) ਪੰਜ ਤੱਤਾਂ ਨੂੰ ਇਕੱਠਾ ਕਰਕੇ ਸਰੀਰ ਪੈਦਾ ਕੀਤਾ ਹੈ।ਪ੍ਰਭੂ ਪਾਤਸ਼ਾਹ ਦੇ ਹੁਕਮ ਨਾਲ ਸਰੀਰ ਵਿਚ ਜੀਵਾਤਮਾ ਆ ਕੇ ਪਿਆ ਹੈ।੧।(ਹੇ ਭਾਈ!) ਜਿਥੇ ਮਾਤਾ ਦੇ ਪੇਟ ਦੀ ਅੱਗ ਭੜ ਭੜ ਕਰਕੇ (ਭੱਠੀ ਵਾਂਗ) ਭਖਦੀ ਹੈ।(ਉਥੇ ਜੀਵ) ਵੱਡੇ ਹਨ੍ਹੇਰੇ ਵਿਚ ਮੂਧੇ ਮੂੰਹ ਪਿਆ ਹੁੰਦਾ ਹੈ।(ਉਥੇ ਜੀਵ) ਸੁਆਸ ਸੁਆਸ ਉਸ ਪ੍ਰਭੂ ਨੂੰ ਯਾਦ ਕਰਦਾ ਹੈ, (ਜਿਸ ਕਰਕੇ) ਉਸ ਥਾਂ ਤੋਂ ਮਾਲਕ ਨੇ (ਇਸ ਜੀਵ ਨੂੰ ਗਰਭ ਦੇ ਦੁੱਖ ਤੋਂ) ਛੁਡਾ ਲਿਆ।੨।(ਹੇ ਭਾਈ! ਜਦੋਂ ਜੀਵ) ਮਾਂ ਦੇ ਗਰਭ ਵਿਚੋਂ ਨਿਕਲ ਕੇ ਬਾਹਰ ਆਇਆ।ਮਾਲਕ ਨੂੰ ਭੁਲਾ ਕੇ (ਇਸ ਨੇ) ਮਾਇਆ ਵਿਚ ਚਿਤ ਲਗਾ ਲਿਆ।(ਜਿਸ ਕਰਕੇ ਇਹ ਜੀਵ) ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ ਤੇ ਜੋਨੀਆਂ ਵਿਚ ਭੁਆਇਆ ਜਾਂਦਾ ਹੈ, ਕਿਸੇ ਇਕ ਥਾਂ ਵੀ (ਇਸ ਦਾ) ਨਿਵਾਸ ਨਹੀਂ ਹੋਇਆ (ਟਿਕਾਣਾ ਨਹੀਂ ਮਿਲਿਆ)।੩।(ਹੇ ਭਾਈ! ਜਿਸ ਜੀਵ ਨੂੰ) ਉਸ ਮਿਹਰਵਾਨ ਪ੍ਰਭੂ ਨੇ ਆਪ ਹੀ ਬਚਾ ਕੇ ਰਖ ਲਿਆ ਹੈ।(ਉਸ ਨੂੰ ਗਿਆਨ ਹੋ ਗਿਆ ਹੈ ਕਿ) ਸਾਰੇ ਸਥੂਲ ਜੀਵ ਤੇ ਸੂਖਮ ਜੀਵ ਉਸ ਪ੍ਰਭੂ ਦੇ ਥਾਪੇ (ਬਣਾਏ) ਹੋਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਜੀਵ ਸੰਸਾਰ ਵਿਚੋਂ ਅਪਣਾ) ਜਨਮ ਪਦਾਰਥ ਜਿਤ ਕੇ ਚੱਲਿਆ ਹੈ, ਉਹ ਸੰਸਾਰ ਵਿਚ ਜਨਮ ਲੈ ਕੇ ਆਇਆ (ਰੱਬ ਦੀ ਦਾਰਗਾਹ ਵਿਚ) ਪ੍ਰਵਾਨ ਹੁੰਦਾ ਹੈ।੪।੧।੩੧।

ਪਦਾਰਥ = ਅੰਜੁਲੀ–ਉਂਜਲ (ਗੁਰੂ ਤੋਂ ਕੁਛ ਮੰਗਣ ਲਈ ਅੱਡਿਆ ਬੁੱਕ; ਦੋਵੇਂ ਹੱਥ ਅੱਡ ਕੇ ਕੀਤੀ ਅਰਦਾਸ)।ਸੰਜੋਗੁ–ਮਿਲਾਪ। ਵਿਜੋਗੁ–ਵਿਛੋੜਾ।ਧੁਰਹੁ–ਧੁਰ (ਪ੍ਰਭੂ ਦੀ ਹਜੂਰੀ) ਤੋਂ।ਹੂਆ–ਹੋਇਆ ਹੈ।ਪੰਚ ਧਾਤੁ–ਪੰਜ ਤੱਤ (ਹਵਾ, ਪਾਣੀ, ਅੱਗ, ਮਿੱਟੀ ਤੇ ਅਕਾਸ਼)।ਕਰਿ–ਮਿਲਾ ਕਰਕੇ।ਪੁਤਲਾ–ਸਰੀਰ।ਕੀਆ–ਪੈਦਾ ਕੀਤਾ; ਬਣਾਇਆ।ਸਾਹੈ ਕੈ–ਪ੍ਰਭੂ ਪਾਤਸ਼ਾਹ ਦੇ।ਫੁਰਮਾਇਅੜੇ–ਹੁਕਮ ਅਨੁਸਾਰ।ਜੀ–ਹੇ ਭਾਈ!।ਦੇਹੀ–ਸਰੀਰ।ਜੀਉ–ਜੀਵਾਤਮਾ।੧।ਜਿਥੈ–ਜਿਥੇ (ਮਾਂ ਦੇ ਪੇਟ ਵਿਚ)।ਅਗਨਿ ਭਖੈ–ਅੱਗ

ਭਖਦੀ ਹੈ। ਭੜਹਾਰੇ–ਭੜ ਭੜ ਕਰਕੇ (ਬਹੁਤ ਤੇਜ); ਭੱਠੀ ਵਾਂਗ। ਊਰਧ ਮੁਖ–ਉਲਟੇ ਮੂੰਹ। ਮਹਾ ਗੁਬਾਰੇ–ਘੁੱਪ ਹਨ੍ਹੇਰੇ ਵਿਚ। ਸਾਸਿ ਸਾਸਿ–ਸੁਆਸ ਸੁਆਸ। ਸਮਾਲੇ–ਯਾਦ ਕਰਦਾ ਹੈ। ਸੋਈ–ਉਸ (ਪ੍ਰਭੂ) ਨੂੰ। ਓਥੈ–ਉਸ ਥਾਂ ਤੋਂ। ਖਸਮਿ–ਮਾਲਕ ਨੇ।੨। ਵਿਚਹੁ ਗਰਭੈ–ਮਾਤਾ ਦੇ ਪੇਟ ਵਿਚੋਂ। ਖਸਮੁ–ਮਾਲਕ ਨੂੰ। ਵਿਸਾਰਿ–ਭੁਲਾ ਕੇ। ਦੁਨੀ–ਮਾਇਆ ਵਿਚ; ਦੁਨੀਆਂ (ਦੇ ਪਦਾਰਥਾਂ) ਵਿਚ। ਆਵੈ ਜਾਇ–ਜੰਮਦਾ ਮਰਦਾ ਹੈ। ਭਵਾਈਐ ਜੋਨੀ–ਜੋਨੀਆਂ ਵਿਚ ਘੁਮਾਈਦਾ ਹੈ। ਰਹਣੁ–ਨਿਵਾਸ; ਟਿਕਾਣਾ। ਕਿਤ ਹੀ ਥਾਇ–ਕਿਸੇ ਇਕ ਥਾਂ ਵੀ। ਭਇਆ–ਹੋਇਆ।੩। ਮਿਹਰਵਾਨਿ–ਮਿਹਰਵਾਨ ਪ੍ਰਭੂ ਨੇ। ਰਖਿ ਲਇਅਨੁ–ਰੱਖ (ਬਚਾ) ਲਏ ਹਨ। ਜੀਅ–ਸਥੂਲ ਜੀਵ। ਜੰਤ–ਸੂਖਮ ਜੀਵ। ਤਿਸ ਕੇ–ਉਸ ਦੇ। ਥਾਪੇ–ਬਣਾਏ ਹੋਏ ਹਨ। ਜਿਣਿ–ਜਿੱਤ ਕੇ। ਸੋ–ਉਹ। ਥਿਆ–ਹੁੰਦਾ ਹੈ।੪।੧।੩੧।
ਅੰਜੁਲੀ = ਪਿਤਰ ਦੇਵਤਾ ਆਦਿਕ ਨੂੰ ਅਰਪਣ ਕੀਤੀ ਪਾਣੀ ਦੀ ਚੁਲੀ, ਪਾਣੀ ਵਿਚ ਤਿਲ ਮਿਲਾ ਕੇ ਮਰੇ ਪ੍ਰਾਣੀ ਲਈ ਦਿਤੀ ਹੋਈ ਚੁਲੀ ਨੂੰ ਤਿਲਾਂਜਲੀ ਕਹਿੰਦੇ ਹਨ। ਇਹ ਹਿੰਦੂਆਂ ਦੀ ਰੀਤ ਹੈ, ਜੋ ਪ੍ਰਾਣੀ ਨੂੰ ਜਲਾਉਣ ਪਿਛੋਂ ਕੀਤੀ ਜਾਂਦੀ ਹੈ। ਨਿਸ਼ਚਾ ਇਹ ਹੈ ਕਿ ਮਰੇ ਹੋਏ ਪ੍ਰਾਣੀ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ। ਮੋਏ ਪ੍ਰਾਣੀ ਵਾਸਤੇ ਤਿਲਾਂਜਲੀ ਆਦਿਕ ਕਰਮ ਦਸ ਕੇ ਗੁਰੂ ਜੀ ਨੇ ਅੰਜੁਲੀ ਸਿਰਲੇਖ ਹੇਠ ਭਾਣਾ ਮੰਨਣ ਦੀ ਸ਼ੁਭ ਸਿੱਖਿਆ ਦਿਤੀ ਹੈ। ਫ.ਸ. ਤੇ ਸੰ.ਸ. ਅਨੁਸਾਰ ਅੰਜੁਲੀ ਇਕ ਛੰਦ ਵੀ ਹੈ।
ਸਾਰੰਸ਼ = ਮਨੁੱਖ ਨੂੰ ਹਰੀ ਆਪ ਬਣਾਉਂਦਾ ਹੈ, ਹਰ ਹਾਲਤ ਵਿਚ ਓਹੀ ਰੱਖਿਆ ਕਰਦਾ ਹੈ। ਇਹ ਗੱਲ ਮਨੁੱਖ ਗਰਭ ਜੋਨ ਵਿਚ ਤਾਂ ਜਾਣਦਾ ਹੈ, ਪਰ ਬਾਹਰ ਆ ਕੇ ਅਪਣੇ ਸਿਰਜਨਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਫਿਰ ਵੀ ਰੱਬ ਉਸ ਦੀ ਰੱਖਿਆ ਕਰੀ ਜਾਂਦਾ ਹੈ। ਜਨਮ ਸਫਲਾ ਓਹੀ ਕਰਦਾ ਹੈ, ਜੋ ਇਹ ਗੱਲ ਮੰਨ ਕੇ ਟੁਰੇ। (ਸ਼ਬਦਾਰਥ)